@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 19 April 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 19 ਅਪ੍ਰੈਲ 2026, 6 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 164, qpatrika@gmail.com ਫੋਨ : 9971359517 www.qaumipatrika.org

## ਮਹਿਲਾ ਰਾਖਵਾਂਕਰਨ ਬਿੱਲ ਰੱਦ ਹੋਣ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਮੰਗੀ ਮੁਆਫੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 18 ਅਪ੍ਰੈਲ। ਮਹਿਲਾ ਰਾਖਵਾਂਕਰਨ ਬਿੱਲ ਰੱਦ ਹੋਣ ਤੋਂ ਬਾਅਦ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਸੰਬੋਧਨ ਕਰ ਰਹੇ ਹਨ। ਮਹਿਲਾ ਰਾਖਵਾਂਕਰਨ ਬਿੱਲ ਰੱਦ ਹੋਣ ਤੋਂ ਬਾਅਦ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਦੇਸ਼ ਦੀਆਂ ਸਾਰੀਆਂ ਮਾਵਾਂ ਅਤੇ ਭੈਣਾਂ ਤੋਂ ਇਸ ਗੱਲ ਲਈ ਮੁਆਫ਼ੀ ਮੰਗਦੇ ਹਨ ਕਿ ਇਹ ਕੋਸ਼ਿਸ਼ ਸਫਲ ਨਹੀਂ ਹੋ ਸਕੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਲਈ, ਰਾਸ਼ਟਰੀ ਹਿੱਤ ਸਭ ਤੋਂ ਉੱਪਰ ਹੈ। ਹਾਲਾਂਕਿ, ਜਦੋਂ ਕੁਝ ਵਿਅਕਤੀਆਂ ਲਈ ਪਾਰਟੀ ਹਿੱਤ ਰਾਸ਼ਟਰੀ ਹਿੱਤ ਨਾਲੋਂ ਵਧੇਰੇ ਮਹੱਤਵਪੂਰਨ ਹੋ ਜਾਂਦੇ ਹਨ, ਤਾਂ ਦੇਸ਼ ਦੀਆਂ ਔਰਤਾਂ ਅਤੇ ਸਮੁੱਚੇ ਤੌਰ 'ਤੇ ਦੇਸ਼ ਦੋਵਾਂ ਨੂੰ ਇਸਦੀ ਕੀਮਤ ਚੁਕਾਉਣੀ ਪੈਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇੱਕ ਔਰਤ ਕਦੇ ਵੀ ਅਪਮਾਨ ਨਹੀਂ ਭੁੱਲਦੀ। ਵਿਰੋਧੀ ਧਿਰ ਨੂੰ ਮਹਿਲਾ ਰਾਖਵਾਂਕਰਨ ਦਾ ਵਿਰੋਧ ਕਰਕੇ ਕੀਤੇ ਗਏ ਪਾਪ ਦੀ ਸਜ਼ਾ ਜ਼ਰੂਰ ਭੁਗਤਣੀ ਪਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੇ ਸੰਵਿਧਾਨ ਦੇ ਨਿਰਮਾਤਾਵਾਂ ਦਾ ਵੀ ਅਪਮਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਅੱਗੇ ਟਿੱਪਣੀ ਕੀਤੀ ਕਿ ਸਦਨ ਵਿੱਚ ਪੇਸ਼ ਕੀਤਾ ਗਿਆ 'ਨਾਰੀ ਸ਼ਕਤੀ ਵੰਦਨ' ਸੋਧ ਇੱਕ ਪ੍ਰਸਤਾਵ ਸੀ ਜੋ ਸਮਾਜ ਦੇ ਹਰ ਵਰਗ ਲਈ ਕੁਝ ਨਾ ਕੁਝ ਪੇਸ਼ ਕਰਦਾ ਸੀ। ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡੇ ਲਈ, ਰਾਸ਼ਟਰੀ ਹਿੱਤ ਸਭ ਤੋਂ ਉੱਪਰ ਹੈ। ਹਾਲਾਂਕਿ, ਜਦੋਂ ਕੁਝ ਲੋਕਾਂ ਲਈ, ਪਾਰਟੀ ਹਿੱਤ ਸਭ ਕੁਝ ਬਣ ਜਾਂਦਾ ਹੈ - ਜਦੋਂ ਪਾਰਟੀ ਹਿੱਤ ਰਾਸ਼ਟਰੀ ਹਿੱਤ ਤੋਂ ਵੱਧ ਹੁੰਦਾ ਹੈ - ਤਾਂ ਇਹ ਦੇਸ਼ ਦੀ 'ਨਾਰੀ ਸ਼ਕਤੀ' (ਮਹਿਲਾ ਸ਼ਕਤੀ) ਅਤੇ ਰਾਸ਼ਟਰੀ ਹਿੱਤ ਨੂੰ ਹੀ ਨੁਕਸਾਨ ਪਹੁੰਚਾਉਣਾ ਪੈਂਦਾ ਹੈ। ਇਸ ਵਾਰ ਵੀ ਇਹੀ ਹੋਇਆ ਹੈ। ਦੇਸ਼ ਦੀਆਂ ਔਰਤਾਂ ਨੂੰ ਕਾਂਗਰਸ, ਡੀਐਮਕੇ, ਟੀਐਮਸੀ ਅਤੇ ਸਮਾਜਵਾਦੀ ਪਾਰਟੀ ਵਰਗੀਆਂ ਪਾਰਟੀਆਂ ਦੁਆਰਾ ਕੀਤੀ ਜਾ ਰਹੀ ਸਵਾਰਥੀ ਰਾਜਨੀਤੀ ਦੇ ਨਤੀਜੇ ਭੁਗਤਣੇ ਪਏ ਹਨ। ਪੀ.ਐੱਮ. ਮੋਦੀ ਨੇ ਕਿਹਾ ਕਿ ਇਹ ਵਿਅਕਤੀ ਦੇਸ਼ ਦੇ ਸੰਵਿਧਾਨ ਦੇ ਵਿਰੁੱਧ ਅਪਰਾਧੀ ਹਨ। ਵਿਰੋਧੀ ਧਿਰ ਨੇ ਲਗਾਤਾਰ ਮਹਿਲਾ ਰਾਖਵੇਂਕਰਨ ਵਿੱਚ ਰੁਕਾਵਟ ਪਾਉਣ ਦੀ ਸਾਜ਼ਿਸ਼ ਰਚੀ ਹੈ। ਇਸ ਵਾਰ ਵੀ, ਕਾਂਗਰਸ ਅਤੇ ਇਸਦੇ ਸਹਿਯੋਗੀਆਂ ਨੇ ਇੱਕ ਤੋਂ ਬਾਅਦ ਇੱਕ ਬਹਾਨੇ ਬਣਾਏ। ਪ੍ਰਧਾਨ ਮੰਤਰੀ ਨੇ ਦੋਸ਼ ਲਗਾਇਆ ਕਿ ਕਾਂਗਰਸ ਅਤੇ ਇਸਦੇ ਸਹਿਯੋਗੀਆਂ ਨੇ ਦੇਸ਼ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਭਾਰਤ ਦੀ 'ਨਾਰੀ ਸ਼ਕਤੀ' (ਮਹਿਲਾ ਸ਼ਕਤੀ) ਦੇ ਸਾਹਮਣੇ ਆਪਣੇ ਅਸਲੀ ਚਿਹਰੇ ਬੇਨਕਾਬ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਦੇਸ਼ ਦੀ ਨਾਰੀ ਸ਼ਕਤੀ ਨੂੰ ਭਰੋਸਾ ਦਿਵਾਉਂਦਿਆਂ ਕਿਹਾ, ÷ਸਾਡਾ ਆਤਮਵਿਸ਼ਵਾਸ ਅਜਿੱਤ ਹੈ।÷ ਉਨ੍ਹਾਂ ਕਿਹਾ ਕਿ ਭਾਵੇਂ ਕੱਲ੍ਹ ਉਨ੍ਹਾਂ ਕੋਲ ਸੰਖਿਆ ਬਲ ਨਹੀਂ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਹਾਰ ਗਏ ਹਨ। ਉਨ੍ਹਾਂ ਵਾਅਦਾ ਕੀਤਾ ਕਿ ਉਹ ਇਸ ਬਿੱਲ ਦੇ ਰਾਹ ਵਿੱਚ ਆਉਣ ਵਾਲੀ ਹਰ ਰੁਕਾਵਟ ਨੂੰ ਖਤਮ ਕਰਕੇ ਰਹਿਣਗੇ। ਪੀ.ਐੱਮ. ਮੋਦੀ ਨੇ ਕਾਂਗਰਸ ਦੇ ਵਰਕ ਕਲਚਰ ਦੀ ਆਲੋਚਨਾ ਕਰਦਿਆਂ ਕਿਹਾ ਕਿ 'ਲਟਕਾਉਣਾ ਅਤੇ ਅਟਕਾਉਣਾ' ਕਾਂਗਰਸ ਦਾ ਸਿਧਾਂਤ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਰ ਉਸ ਸੁਧਾਰ ਦਾ ਵਿਰੋਧ ਕਰਦੀ ਹੈ ਜੋ ਦੇਸ਼ ਨੂੰ ਮਜ਼ਬੂਤ ਬਣਾਉਂਦਾ ਹੈ, ਚਾਹੇ ਉਹ ਜੀ.ਐੱਸ.ਟੀ. ਹੋਵੇ, ਆਰਟੀਕਲ 370 ਹਟਾਉਣਾ ਹੋਵੇ ਜਾਂ ਤਿੰਨ ਤਲਾਕ ਕਾਨੂੰਨ। ਉਨ੍ਹਾਂ ਇਹ ਵੀ ਕਿਹਾ ਕਿ ਪਰਿਵਾਰਵਾਦੀ ਪਾਰਟੀਆਂ ਨੂੰ ਡਰ ਹੈ ਕਿ ਜੇਕਰ ਮਹਿਲਾਵਾਂ ਸ਼ਕਤੀਸ਼ਾਲੀ ਹੋ ਗਈਆਂ ਤਾਂ ਉਨ੍ਹਾਂ ਦਾ ਦਬਦਬਾ ਖਤਮ ਹੋ ਜਾਵੇਗਾ। ਸੰਵਿਧਾਨ (131ਵਾਂ ਸੋਧ) ਬਿੱਲ ਲੋਕ ਸਭਾ ਵਿੱਚ ਲੋੜੀਂਦਾ ਦੋ-ਤਿਹਾਈ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਿਹਾ। ਬਿੱਲ ਦੇ ਪੱਖ ਵਿੱਚ 298 ਵੋਟਾਂ ਪਈਆਂ, ਜਦੋਂ ਕਿ 230 ਸੰਸਦ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਇਸ ਬਿੱਲ ਦਾ ਮੁੱਖ ਉਦੇਸ਼ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33% ਰਾਖਵਾਂਕਰਨ ਲਾਗੂ ਕਰਨਾ ਅਤੇ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ 543 ਤੋਂ ਵਧਾ ਕੇ 850 ਕਰਨਾ ਸੀ। ਇਸ ਘਟਨਾਕ੍ਰਮ ਨੂੰ ਲੈ ਕੇ ਸਿਆਸਤ ਪੂਰੀ ਤਰ੍ਹਾਂ ਗਰਮਾਈ ਹੋਈ ਹੈ। ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਨੇ ਬਿੱਲ ਦੇ ਫੇਲ੍ਹ ਹੋਣ ਨੂੰ 'ਲੋਕਤੰਤਰ ਦੀ ਜਿੱਤ' ਅਤੇ ਭਾਜਪਾ ਲਈ 'ਕਾਲਾ ਦਿਨ' ਦੱਸਿਆ ਹੈ। ਉਨ੍ਹਾਂ ਕਿਹਾ ਕਿ 2014 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਮੋਦੀ ਸਰਕਾਰ ਨੂੰ ਸੰਸਦ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦੂਜੇ ਪਾਸੇ ਭਾਜਪਾ ਨੇਤਾਵਾਂ ਨੇ ਕਾਂਗਰਸ 'ਤੇ ਔਰਤਾਂ ਦੇ ਹੱਕ ਖੋਹਣ ਦੇ ਦੋਸ਼ ਲਗਾਏ ਹਨ।



## 'ਕਾਂਗਰਸ ਨੇ ਔਰਤਾਂ ਨੂੰ ਅਧਿਕਾਰ ਤੋਂ ਵਾਂਝੇ ਰੱਖਣ ਦਾ ਜਸ਼ਨ ਮਨਾਇਆ', ਸਮਰਿਤੀ ਈਰਾਨੀ ਦਾ ਪ੍ਰਿਯੰਕਾ ਗਾਂਧੀ 'ਤੇ ਪਲਟਵਾਰ

ਨਵੀਂ ਦਿੱਲੀ 18 ਅਪ੍ਰੈਲ। ਲੋਕ ਸਭਾ 'ਚ ਸ਼ੁੱਕਰਵਾਰ ਨੂੰ ਮਹਿਲਾ ਰਾਖਵਾਂਕਰਨ ਨਾਲ ਜੁੜੇ ਸੰਵਿਧਾਨ ਸੋਧ ਬਿੱਲ ਡਿੱਗ ਗਏ। ਇਹ ਬਿੱਲ ਲੋਕ ਸਭਾ 'ਚ ਡਿੱਗਣ ਮਗਰੋਂ ਸਿਆਸੀ ਦਲਾਂ ਵਿਚਾਲੇ ਟਕਰਾਅ ਸੰਸਦ ਤੋਂ ਸੜਕਾਂ 'ਤੇ ਆ ਗਿਆ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਲੋਕ ਸਭਾ ਦੀ ਮੌਜੂਦਾ ਮੈਂਬਰ ਗਿਣਤੀ 'ਚ ਹੀ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੀ ਗੱਲ ਕਹੀ। ਉਨ੍ਹਾਂ ਨੇ ਇਹ ਬਿੱਲ ਡਿੱਗਣ ਨੂੰ ਸੰਵਿਧਾਨ ਅਤੇ ਵਿਰੋਧੀ ਧਿਰ ਦੀ ਏਕਤਾ ਦੀ ਜਿੱਤ ਦੱਸਿਆ।



ਪ੍ਰਿਯੰਕਾ ਦੇ ਇਸ ਬਿਆਨ ਤੋਂ ਬਾਅਦ ਭਾਜਪਾ ਵਲੋਂ ਰਵੀਸ਼ੰਕਰ ਪ੍ਰਸਾਦ ਅਤੇ ਸਮਰਿਤੀ ਈਰਾਨੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਪਲਟਵਾਰ ਕੀਤਾ। ਸਮਰਿਤੀ ਈਰਾਨੀ ਨੇ ਕਾਂਗਰਸ ਨੂੰ ਘੇਰਦੇ ਹੋਏ ਕਿਹਾ ਕਿ ਪ੍ਰੈੱਸ ਕਾਨਫਰੰਸ 'ਚ ਇਕ ਅਹਿਸਾਨ ਜਤਾਇਆ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਗੱਲ ਦਾ ਜਸ਼ਨ ਮਨਾਇਆ ਕਿ ਦੇਸ਼ ਦੀਆਂ ਔਰਤਾਂ ਦਾ ਅਧਿਕਾਰ ਕਿਵੇਂ ਖੋਹਿਆ ਗਿਆ। ਸਮਰਿਤੀ ਨੇ ਕਿਹਾ ਕਿ ਅੱਜ ਕਾਂਗਰਸ ਵਲੋਂ ਤੰਜ਼ ਕੱਸਿਆ ਗਿਆ ਕਿ ਭਾਜਪਾ 'ਚ ਕਿਸੇ ਨੇ ਮਸੀਹਾ ਬਣਨ ਦੀ ਕੋਸ਼ਿਸ਼ ਕੀਤੀ। ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਤਿੰਨ ਤਲਾਕ ਇਕ ਸ਼ਰਾਪ ਬਣ ਕੇ ਰਿਹਾ। ਰਵੀਸ਼ੰਕਰ ਪ੍ਰਸਾਦ ਨੇ ਪ੍ਰਿਯੰਕਾ ਦੇ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਂ ਆਮ ਤੌਰ 'ਤੇ ਪ੍ਰਿਯੰਕਾ 'ਤੇ ਟਿੱਪਣੀ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਪਰ ਅੱਜ ਪ੍ਰਿਯੰਕਾ ਨੇ ਕੀ ਬੋਲਿਆ ਕਿ ਦੇਸ਼ ਦੀ ਔਰਤਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਭਾਸ਼ਾ ਗਲਤ ਸੀ। ਔਰਤਾਂ ਕੋਈ ਵਸਤੂ ਨਹੀਂ ਹਨ। ਰਵੀਸ਼ੰਕਰ ਨੇ ਕਿਹਾ ਕਿ ਔਰਤਾਂ ਦੀਆਂ ਇੱਛਾਵਾਂ ਨੂੰ ਕੁਚਲਿਆ ਗਿਆ। ਕਾਂਗਰਸ ਦਾ ਬੇਰਹਿਮ ਚਿਹਰਾ ਸਾਹਮਣੇ ਆਇਆ ਹੈ। ਇਹ ਦਰਦ ਹਰ ਔਰਤ ਯਾਦ ਰੱਖੇਗੀ। ਉਨ੍ਹਾਂ ਨੇ ਕਾਂਗਰਸ ਦੀ ਸਮਝ 'ਤੇ ਵੀ ਸਵਾਲ ਚੁੱਕੇ ਅਤੇ ਕਿਹਾ ਕਿ ਉਨ੍ਹਾਂ ਨੂੰ ਸੰਵਿਧਾਨ ਸਮਝਣਾ ਪਵੇਗਾ।

## ਹਸੀਨਾ ਦੀ ਸਪੁਰਦਗੀ ਦੇ ਮਾਮਲੇ 'ਤੇ ਕਾਨੂੰਨੀ ਪ੍ਰਕਿਰਿਆ ਜਾਰੀ

ਨਵੀਂ ਦਿੱਲੀ 18 ਅਪ੍ਰੈਲ। ਭਾਰਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸਪੁਰਦਗੀ ਲਈ ਢਾਕਾ ਦੀ ਬੇਨਤੀ 'ਤੇ ਨਿਆਂਇਕ ਅਤੇ ਕਾਨੂੰਨੀ ਪ੍ਰਕਿਰਿਆ ਤਹਿਤ ਵਿਚਾਰ ਕੀਤਾ ਜਾ ਰਿਹਾ ਹੈ। ਹਸੀਨਾ ਨੇ ਜੁਲਾਈ-ਅਗਸਤ 2024 ਵਿਚ ਬੰਗਲਾਦੇਸ਼ ਵਿਚ ਵੱਡੇ ਪੱਧਰ 'ਤੇ ਹੋਏ ਵਿਰੋਧ-ਪ੍ਰਦਰਸ਼ਨਾਂ ਦੌਰਾਨ ਆਪਣੀ ਸਰਕਾਰ ਦੇ ਪਤਨ ਤੋਂ ਬਾਅਦ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਭਾਰਤ ਆ ਗਈ ਸੀ। ਉਹ ਉਦੋਂ ਤੋਂ ਭਾਰਤ ਵਿਚ ਰਹਿ ਰਹੀ ਹੈ। ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਖਲੀਲੁਰ ਰਹਿਮਾਨ ਨੇ ਆਪਣੀ ਹਾਲੀਆ ਦਿੱਲੀ ਯਾਤਰਾ ਦੌਰਾਨ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਗੱਲਬਾਤ ਵਿਚ ਹਸੀਨਾ ਦੀ ਸਪੁਰਦਗੀ ਦਾ ਮੁੱਦਾ ਉਠਾਇਆ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਆਪਣੀ ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਵਿਚ ਕਿਹਾ, 'ਨਿਆਂਇਕ ਅਤੇ ਅੰਦਰੂਨੀ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਇਸ ਬੇਨਤੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਸੀਂ ਸਾਰੇ ਹਿੱਤਧਾਰਕਾਂ ਨਾਲ ਇਸ ਮੁੱਦੇ 'ਤੇ ਰਚਨਾਤਮਕ ਤੌਰ 'ਤੇ ਗੱਲਬਾਤ ਜਾਰੀ ਰੱਖਾਂਗੇ।'

## ਪਵਨ ਖੇੜਾ ਨੂੰ ਸੁਪਰੀਮ ਕੋਰਟ ਤੋਂ ਝਟਕਾ, ਕਿਹਾ-'ਜ਼ਮਾਨਤ ਲਈ ਆਸਾਮ ਦੀ ਕੋਰਟ 'ਚ ਜਾਓ'

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 18 ਅਪ੍ਰੈਲ। ਸੁਪਰੀਮ ਕੋਰਟ ਨੇ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੀ ਪਤਨੀ ਖ਼ਿਲਾਫ਼ ਦੋਸ਼ ਲਗਾਉਣ ਲਈ ਕਾਂਗਰਸ ਨੇਤਾ ਪਵਨ ਖੇੜਾ ਖ਼?ਲਾਫ਼ ਦਰਜ ਮਾਮਲੇ 'ਚ 20 ਅਪ੍ਰੈਲ ਤੱਕ ਸੰਭਾਵਿਤ ਕਾਰਵਾਈ ਸੁਰੱਖਿਆ ਦੇਣ ਦੀ ਅਪੀਲ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਕੋਰਟ ਨੇ ਖੇੜਾ ਨੂੰ ਕਿਹਾ ਕਿ ਉਹ ਇਸ ਮਾਮਲੇ 'ਚ ਅਗਾਊਂ ਜ਼ਮਾਨਤ ਲਈ ਆਸਾਮ ਦੀ ਸਮਰੱਥ ਅਦਾਲਤ ਦਾ ਰੁਖ ਕਰਨ। ਖੇੜਾ ਨੇ 5 ਅਪ੍ਰੈਲ ਨੂੰ ਇਕ ਪੱਤਰਕਾਰ ਸੰਮੇਲਨ 'ਚ ਦੋਸ਼ ਲਗਾਇਆ ਸੀ ਕਿ ਆਸਾਮ ਦੇ ਮੁੱਖ ਮੰਤਰੀ ਦੀ ਪਤਨੀ ਰਿੰਕੀ ਭੂਈਆਂ ਸਰਮਾ ਕੋਲ ਕਈ ਪਾਸਪੋਰਟ ਅਤੇ ਵਿਦੇਸ਼ 'ਚ ਜਾਇਦਾਦਾਂ ਹਨ, ਜਿਨ੍ਹਾਂ ਦਾ ਜ਼ਿਕਰ ਸਰਮਾ ਨੇ 9 ਅਪ੍ਰੈਲ ਨੂੰ ਹੋਈਆਂ ਵਿਧਾਨ ਸਭਾ ਚੋਣਾਂ ਲਈ ਦਾਖ਼ਲ ਆਪਣੇ ਚੋਣ ਹਲਫਨਾਮੇ 'ਚ ਨਹੀਂ ਕੀਤਾ ਸੀ। ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਨੇ ਇਨ੍ਹਾਂ ਦੋਸ਼ਾਂ ਨੂੰ ਝੂਠਾ ਅਤੇ ਮਨਘੜ੍ਹਤ ਦੱਸਿਆ ਸੀ। ਜੱਜ ਜੇ.ਕੇ. ਮਹੇਸ਼ਵਰੀ ਅਤੇ ਜੱਜ ਅਤੁਲ ਐੱਸ. ਚਾਂਦੁਰਕਰ ਦੀ ਬੈਂਚ ਨੇ



ਸ਼ੁੱਕਰਵਾਰ ਨੂੰ ਖੇੜਾ ਵਲੋਂ ਪੇਸ਼ ਸੀਨੀਅਰ ਐਡਵੋਕੇਟ ਅਭਿਸ਼ੇਕ ਸਿੰਘਵੀ ਦੀਆਂ ਦਲੀਲਾਂ 'ਤੇ ਗੌਰ ਕੀਤਾ ਅਤੇ ਕਾਂਗਰਸ ਨੇਤਾ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਵਾਲੀ ਆਸਾਮ ਦੀ ਉਸ ਆਦੇਸ਼ ਨੰ ਕਿਹਾ ਕਿ ਇਸ ਮਾਮਲੇ 'ਚ ਜੇਕਰ ਸੁਪਰੀਮ ਕੋਰਟ ਅਤੇ ਤੇਲੰਗਾਨਾ ਹਾਈ ਕੋਰਟ ਦੀ ਕੋਈ ਪ੍ਰਤੀਕੂਲ ਟਿੱਪਣੀ ਹੋਵੇ ਤਾਂ ਉਸ ਨੂੰ ਧਿਆਨ 'ਚ ਨਾ ਰੱਖਿਆ ਜਾਵੇ। ਬੈਂਚ ਨੇ ਆਸਾਮ ਦੀ ਅਦਾਲਤਾਂ ਨੂੰ ਇਹ ਵੀ ਕਿਹਾ ਕਿ ਉਹ ਖੇੜਾ ਦੀ ਪਟੀਸ਼ਨ 'ਤੇ ਜਲਦ ਸੁਣਵਾਈ ਕਰਨ। ਸੁਪਰੀਮ ਕੋਰਟ ਨੇ 15 ਅਪ੍ਰੈਲ ਨੂੰ ਤੇਲੰਗਾਨਾ ਹਾਈ ਕੋਰਟ ਦੇ ਉਸ ਆਦੇਸ਼ 'ਤੇ ਰੋਕ ਲਗਾ ਦਿੱਤੀ ਸੀ, ਜਿਸ 'ਚ ਖੇੜਾ ਨੂੰ ਇਸ ਮਾਮਲੇ 'ਚ ਇਕ ਹਫ਼ਤੇ ਦੀ ਟਰਾਂਜਿਟ ਅਗਾਊਂ ਜ਼ਮਾਨਤ ਦਿੱਤੀ ਗਈ ਸੀ। ਆਸਾਮ ਸਰਕਾਰ ਵਲੋਂ ਪੇਸ਼ ਸਾਲਿਸੀਟਰ ਜਨਰਲ ਤੁਸ਼ਾਰ ਮੇਹਤਾ ਨੇ ਦਲੀਲ ਦਿੱਤੀ ਸੀ ਕਿ ਇਹ ਖੇਤਰ ਅਧਿਕਾਰ ਦੀ ਕਮੀ ਦਾ ਮਾਮਲਾ ਹੈ ਅਤੇ ਖੇੜਾ ਦੀ ਪਟੀਸ਼ਨ 'ਚ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੇ ਤੇਲੰਗਾਨਾ ਹਾਈ ਕੋਰਟ ਦਾ ਰੁਖ ਕਿਉਂ ਕੀਤਾ। ਖੇੜਾ ਖ਼?ਲਾਫ਼ ਗੁਹਾਟੀ ਅਪਰਾਧ ਸ਼ਾਖਾ ਥਾਣੇ 'ਚ ਭਾਰਤੀ ਨਿਆਂ ਸੰਹਿਤਾ ਦੀ ਧਾਰਾ 175 (ਚੋਣਾਂ ਨਾਲ ਸੰਬੰਧਤ ਝੂਠਾ ਬਿਆਨ), ਧਾਰਾ 35 (ਸਰੀਰ ਅਤੇ ਜਾਇਦਾਦ ਦੀ ਨਿੱਜੀ ਰੱਖਿਆ ਦਾ ਅਧਿਕਾਰ) ਅਤੇ ਧਾਰਾ 318 (ਧੋਖਾਧੜੀ) ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ।

## ਰਾਜ ਸਭਾ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ, 109 ਫੀਸਦੀ ਕੰਮਕਾਜ ਹੋਇਆ

ਨਵੀਂ ਦਿੱਲੀ 18 ਅਪ੍ਰੈਲ। ਸੰਸਦ ਦੇ ਬਜਟ ਸੈਸ਼ਨ ਦੇ ਸੰਪੰਨ ਹੋਣ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਸ਼ਨੀਵਾਰ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ। ਸਪੀਕਰ ਸੀ.ਪੀ. ਰਾਧਾਕ੍ਰਿਸ਼ਨਨ ਨੇ ਬਜਟ ਸੈਸ਼ਨ ਦੇ ਸੰਪੰਨ ਹੋਣ ਦਾ ਐਲਾਨ ਕਰਦੇ ਹੋਏ ਆਪਣੇ ਸਮਾਪਤੀ ਬਿਆਨ 'ਚ ਬਜਟ ਸੈਸ਼ਨ ਦੌਰਾਨ ਸਦਨ 'ਚ ਹੋਏ ਮਹੱਤਵਪੂਰਨ ਕੰਮਕਾਜ ਦੀ ਜਾਣਕਾਰੀ ਦਿੱਤੀ ਅਤੇ ਫਿਰ ਸਦਨ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ। ਸਪੀਕਰ ਨੇ ਕਿਹਾ ਕਿ ਬਜਟ ਸੈਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਦੇ ਭਾਸ਼ਣ ਨਾਲ ਹੋਈ ਸੀ ਅਤੇ ਬਾਅਦ 'ਚ ਵਿੱਤ ਸਾਲ 2026-27 ਦਾ ਬਜਟ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਦਨ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਸਾਰਥਕ ਚਰਚਾ ਹੋਈ ਅਤੇ ਬਾਅਦ 'ਚ ਬਜਟ ਪਾਸ ਕੀਤਾ ਗਿਆ। ਇਸ ਸੈਸ਼ਨ ਦੀ ਉਤਪਾਦਕਤਾ 109.87 ਫੀਸਦੀ ਰਹੀ। ਸ਼?ਰੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ ਸੈਸ਼ਨ ਦੌਰਾਨ ਭਾਰਤ-ਅਮਰੀਕਾ ਵਪਾਰ ਸਮਝੌਤੇ ਅਤੇ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਸਰਕਾਰ ਵਲੋਂ ਮਹੱਤਵਪੂਰਨ ਬਿਆਨ ਦਿੱਤੇ ਗਏ। ਉਨ੍ਹਾਂ ਕਿਹਾ ਕਿ ਸੈਸ਼ਨ ਦੌਰਾਨ ਕਈ ਮਹੱਤਵਪੂਰਨ ਬਿੱਲ ਪਾਸ ਕੀਤੇ ਗਏ ਅਤੇ 50 ਨਿੱਜੀ ਬਿੱਲ ਪੇਸ਼ ਕੀਤੇ ਗਏ। ਸਦਨ ਦੀ ਕਾਰਵਾਈ ਕੁੱਲ 157 ਘੰਟੇ ਅਤੇ 40 ਮਿੰਟਾਂ ਤੱਕ ਚੱਲੀ। ਸੈਸ਼ਨ ਦੌਰਾਨ ਸਦਨ 'ਚ 117 ਪ੍ਰਸ਼ਨ ਪੁੱਛੇ ਗਏ ਅਤੇ 207 ਵਿਸ਼ੇ ਵਿਸ਼ੇਸ਼ ਜ਼ਿਕਰ ਦੌਰਾਨ ਚੁੱਕੇ ਗਏ। ਉਨ੍ਹਾਂ ਕਿਹਾ ਕਿ ਇਸੇ ਸੈਸ਼ਨ 'ਚ ਸ਼?ਰੀ ਹਰੀਵੰਸ਼ ਨੂੰ ਤੀਜੀ ਵਾਰ ਉੱਚ ਸਦਨ ਦਾ ਡਿਪਟੀ ਸਪੀਕਰ ਚੁਣਿਆ ਗਿਆ।

## ਮਹਿਲਾ ਰਾਖਵਾਂਕਰਨ ਬਿੱਲ ਨੂੰ ਲੈ ਕੇ ਲੋਕ ਸਭਾ 'ਚ ਬੋਲੀ ਸੰਸਦ ਮੈਂਬਰ ਹਰਸਿਮਰਤ ਬਾਦਲ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 18 ਅਪ੍ਰੈਲ। ਲੋਕ ਸਭਾ ਦੀ ਕਾਰਵਾਈ ਦੌਰਾਨ ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਲੈ ਕੇ ਸੰਬੋਧਨ ਕੀਤਾ। ਹਰਸਿਮਰਤ ਕੌਰ ਨੇ ਕਿਹਾ ਕਿ ਇਸ ਸਮੇਂ ਚੋਣਾਂ ਦਾ ਮਾਹੌਲ ਹੈ, ਜਿਸ ਨੂੰ ਲੈ ਕੇ ਮਹਿਲਾ ਰਾਖਵਾਂਕਰਨ ਬਿੱਲ ਪੇਸ਼ ਕੀਤਾ ਜਾ ਰਿਹਾ ਹੈ। ਇਸ ਦੀ ਆੜ ਵਿੱਚ ਸਰਕਾਰ ਹੱਦਬੰਦੀ ਲਾਗੂ ਕਰਨਾ ਚਾਹੁੰਦੀ ਹੈ। ਮਹਿਲਾ ਰਾਖਵਾਂਕਰਨ ਬਿੱਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਪਰ ਇਹ ਪੂਰੀ ਤਰ੍ਹਾਂ ਪਾਰਦਰਸ਼ੀ ਹੋਣਾ ਚਾਹੀਦਾ ਹੈ। ਸਦਨ ਵਿਚ ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਬਿੱਲ ਵਿੱਚ ਸਪੱਸ਼ਟ ਤੌਰ 'ਤੇ ਦੱਸਣਾ ਚਾਹੀਦਾ ਹੈ ਕਿ ਹੱਦਬੰਦੀ ਲਈ ਕਿਹੜਾ ਜਨਗਣਨਾ ਡੇਟਾ ਵਰਤਿਆ ਜਾਵੇਗਾ। ਜੇਕਰ ਸਰਕਾਰ ਸਾਨੂੰ ਰਾਖਵਾਂਕਰਨ ਦੇਣਾ ਚਾਹੁੰਦੀ ਹੈ ਤਾਂ ਉਸਨੂੰ ਮੌਜੂਦਾ ਸੀਟਾਂ 'ਤੇ ਹੀ ਦੇਣਾ ਚਾਹੀਦਾ ਹੈ।



ਉਨ੍ਹਾਂ ਪੰਜਾਬ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬੀਆਂ ਨੂੰ 1986 ਵਿੱਚ ਚੰਡੀਗੜ੍ਹ ਦੇਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਕਈ ਜ਼ਬਾਨੀ ਭਰੋਸੇ ਮਿਲੇ ਸਨ, ਜੋ ਕਦੇ ਪੂਰੇ ਨਹੀਂ ਹੋਏ। ਉਨ੍ਹਾਂ ਮੰਗ ਕੀਤੀ ਕਿ ਜੋ ਵੀ ਭਰੋਸੇ ਦਿੱਤੇ ਜਾ ਰਹੇ ਹਨ, ਉਨ੍ਹਾਂ ਨੂੰ ਕਾਨੂੰਨੀ ਬਿੱਲ ਦਾ ਹਿੱਸਾ ਬਣਾਇਆ ਜਾਵੇ। ਹਰਸਿਮਰਤ ਬਾਦਲ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਸਰਕਾਰਾਂ ਨੂੰ ਚੋਣਾਂ ਦੇ ਨੇੜੇ ਹੀ ਔਰਤਾਂ ਦੀ ਯਾਦ ਆਉਂਦੀ ਹੈ। ਚੋਣਾਂ ਆਉਣ ਤੋਂ ਪਹਿਲਾਂ ਕਦੇ 10,000 ਰੁਪਏ ਖਾਤੇ ਵਿੱਚ ਪਾਉਣ ਦੇ ਵਾਅਦੇ ਕੀਤੇ ਜਾਂਦੇ ਹਨ ਅਤੇ ਕਦੇ 1000 ਰੁਪਏ ਮਹੀਨਾ ਦੇਣ ਦੀਆਂ ਗੱਲਾਂ ਹੁੰਦੀਆਂ ਹਨ ਪਰ 75 ਸਾਲਾਂ ਬਾਅਦ ਵੀ ਔਰਤਾਂ ਨੂੰ ਆਪਣਾ ਬਣਦਾ ਹੱਕ ਲੈਣ ਲਈ ਮਰਦਾਂ ਨਾਲ ਲੜਨਾ ਪੈ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਮਹਿਲਾ ਰਾਖਵਾਂਕਰਨ ਦੇ ਸਮਰਥਨ ਵਿੱਚ ਹਨ ਪਰ ਰਾਖਵਾਂਕਰਨ ਦੀ ਆੜ ਵਿੱਚ ਲਿਆਂਦੀ ਜਾ ਰਹੀ ਡੀਲਿਮਿਟੇਸ਼ਨ ਪ੍ਰਕਿਰਿਆ ਦੇ ਸਖ਼ਤ ਖ਼?ਲਾਫ਼ ਹਨ।

## ਗੁਰਦਾਸਪੁਰ 'ਚ ਲੱਗੀ ਨਵੀਂ ਪਾਬੰਦੀ, 10 ਜੂਨ ਤੱਕ ਹੁਕਮ ਜਾਰੀ

ਗੁਰਦਾਸਪੁਰ 18 ਅਪ੍ਰੈਲ। ਗੁਰਸਿਮਰਨ ਸਿੰਘ ਢਿੱਲੋਂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਸ਼ਾਮ 07:00 ਵਜੇ ਤੋਂ ਸਵੇਰੇ 06:00 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਜਾਰੀ ਕੀਤੇ ਹੁਕਮ 'ਚ ਅੱਗੇ ਕਿਹਾ ਗਿਆ ਹੈ ਕਿ ਕਣਕ ਦਾ ਸ਼ੀਜਨ ਸ਼ੁਰੂ ਹੋ ਚੁੱਕਾ ਹੈ। ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਹੈ ਕਿ ਕਣਕ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਇਨਾਂ ਰਾਤ ਵੇਲੇ ਹਰੀ ਕਣਕ ਜਿਹੜੀ ਕਿ ਚੰਗੀ ਤਰ੍ਹਾਂ ਪੱਕੀ ਨਹੀਂ ਹੁੰਦੀ, ਭਾਵ ਦਾਣਾ ਕੱਚਾ ਕੱਟ ਦਿੰਦੀਆਂ ਹਨ। ਇਸ ਦੀ ਕੁਆਲਿਟੀ ਗਿਰ ਜਾਂਦੀ ਹੈ, ਜਿਸ ਕਰਕੇ ਖਰੀਦ ਏਜੰਸੀਆਂ ਇਸ ਦੀ ਖਰੀਦ ਕਰਨ ਤੋਂ ਹਿਚਕਚਾਉਂਦੀਆਂ ਹਨ ਅਤੇ ਜਿਸ ਦਾ ਸਿੱਧਾ ਅਸਰ ਦੇਸ਼ ਦੇ ਉਤਪਾਦਨ 'ਤੇ ਪੈਂਦਾ ਹੈ। ਕਣਕ ਨਾ ਵਿਕਣ ਕਰਕੇ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ, ਜਿਸ ਨਾਲ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਖਸਤਾ ਪੈਦਾ ਹੁੰਦਾ ਹੈ। ਇਸ ਲਈ ਇਸ ਦੀ ਰੋਕਥਾਮ ਕਰਨ ਦੀ ਜ਼ਰੂਰਤ ਹੈ।

## ਨਾਸਿਕ ਮਾਮਲੇ 'ਚ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ : ਦੇਵੇਂਦਰ ਫੜਨਵੀਸ

ਕੌਮੀ ਪਤ੍ਰਿਕਾ

ਕੋਲਕਾਤਾ 18 ਅਪ੍ਰੈਲ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਨਾਸਿਕ 'ਚ ਟਾਟਾ ਕੰਸਲਟੈਂਸੀ ਸਰਵਿਸੇਜ਼ (ਟੀਸੀਐੱਸ) ਦੀ ਇਕ ਇਕਾਈ 'ਚ ਜਿਨਸੀ ਸ਼ੋਸ਼ਣ ਅਤੇ ਜ਼ਬਰਨ ਧਰਮ ਪਰਿਵਰਤਨ 'ਚ ਸ਼ਾਮਲ ਮਾਡਿਊਲ ਦਾ ਪਰਦਾਫਾਸ਼ ਕੀਤੇ ਜਾਣ ਪੂਰਾ ਭਰੋਸਾ ਹੈ। ਫੜਨਵੀਸ ਨੇ ਇੱਥੇ ਕਿਹਾ ਕਿ ਬਹੁਰਾਸ਼ਟਰੀ ਕੰਪਨੀ (ਐੱਮਐੱਨਸੀ) ਨੇ "ਇਸ ਮੁੱਦੇ 'ਤੇ ਗੰਭੀਰਤਾ ਨਾਲ ਧਿਆਨ ਦਿੱਤਾ ਹੈ ਅਤੇ ਜਾਂਚ 'ਚ ਮਦਦ ਲਈ ਜ਼ਰੂਰੀ ਕਦਮ ਚੁੱਕੇ।" ਉਨ੍ਹਾਂ ਕਿਹਾ,"ਇਹ ਇਕ ਗੰਭੀਰ ਮਾਮਲਾ ਹੈ। ਅਸੀਂ ਇਸ ਮਾਡਿਊਲ ਦਾ ਪਰਦਾਫਾਸ਼ ਕਰਾਂਗੇ। ਅਸੀਂ ਕੇਂਦਰੀ ਏਜੰਸੀਆਂ ਤੋਂ ਵੀ ਮਦਦ ਲੈ ਰਹੇ ਹਾਂ।" ਆਈਟੀ ਫਰਮ ਵਲੋਂ ਚੁੱਕੇ ਗਏ ਕਦਮਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਕਿਹਾ,"ਇਸ 'ਚ ਸ਼ਾਮਲ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।" ਫੜਨਵੀਸ ਇਸ ਸਮੇਂ ਭਾਜਪਾ ਉਮੀਦਵਾਰਾਂ ਲਈ ਪ੍ਰਚਾਰ ਕਰਨ ਲਈ ਪੱਛਮੀ ਬੰਗਾਲ 'ਚ ਹਨ। ਮੁੰਬਈ ਤੋਂ ਆਈ ਇਕ ਰਿਪੋਰਟ 'ਚ, ਮਹਾਰਾਸ਼ਟਰ ਪੁਲਸ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਤੋਂ ਕਿਹਾ ਗਿਆ ਸੀ ਕਿ ਮਾਮਲੇ ਦੀ ਜਾਂਚ ਤੋਂ ਪਤਾ ਲੱਗਦਾ ਹੈ ਕਿ 7 ਪੁਰਸ਼ ਦੋਸ਼ੀ ਇਕ ਸੰਗਠਿਤ ਗਿਰੋਹ ਦੀ ਤਰ੍ਹਾਂ ਮਹਿਲਾ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ।



ਰਿਪੋਰਟ 'ਚ ਕਿਹਾ ਗਿਆ ਹੈ ਕਿ ਪੁਲਸ ਨੇ ਦੋਸ਼ਾਂ ਦੇ ਸੰਬੰਧ 'ਚ 9 ਮਾਮਲੇ ਦਰਜ ਕੀਤੇ ਹਨ। ਹੁਣ ਤੱਕ 7 ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ, ਜਿਨ੍ਹਾਂ 'ਚੋਂ 6 ਪੁਰਸ਼ ਬਹੁ ਰਾਸ਼ਟਰੀ ਕੰਪਨੀ ਦੀ ਨਾਸਿਕ ਇਕਾਈ 'ਚ ਕੰਮ ਕਰਦੇ ਹਨ ਅਤੇ ਇਕ ਔਰਤ ਐੱਚਆਰ ਪ੍ਰਬੰਧਕ ਹਨ। ਇਕ ਮਹਿਲਾ ਦੋਸ਼ੀ ਫਰਾਰ ਹੈ।

## ਰਸੋਈ ਗੈਸ ਦਾ ਸੰਕਟ ਹੋਵੇਗਾ ਖ਼ਤਮ, 12,500 ਕਰੋੜ ਦੇ ਪ੍ਰੋਜੈਕਟ ਨੂੰ ਮਿਲੀ ਮਨਜ਼ੂਰੀ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 18 ਅਪ੍ਰੈਲ। ਮੱਧ ਪੂਰਬ ਵਿੱਚ ਵਧਦੇ ਤਣਾਅ ਅਤੇ ਵਿਸ਼ਵ ਪੱਧਰ 'ਤੇ ਰਸੋਈ ਗੈਸ ਤੇ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਦੇ ਵਿਚਕਾਰ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ ਕਰ ਲਈ ਹੈ। ਸਰਕਾਰ ਨੇ ਰਸੋਈ ਗੈਸ ਦੀ ਸਪਲਾਈ ਨੂੰ ਸੁਰੱਖਿਅਤ, ਸਸਤਾ ਅਤੇ ਸੁਚਾਰੂ ਬਣਾਉਣ ਲਈ ਇੱਕ ਮੈਗਾ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਪੈਟਰੋਲੀਅਮ ਬੋਰਡ ਨੇ ਦੇਸ਼ ਵਿੱਚ 2,500 ਕਿਲੋਮੀਟਰ ਲੰਬੀ 4 ਨਵੀਂ ਐਲ.ਪੀ.ਜੀ. ਪਾਈਪਲਾਈਨਾਂ ਵਿਛਾਉਣ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਪੂਰੇ ਪ੍ਰੋਜੈਕਟ 'ਤੇ ਸਰਕਾਰ ਕਰੀਬ 12,500 ਕਰੋੜ ਰੁਪਏ ਖਰਚ ਕਰਨ ਜਾ ਰਹੀ ਹੈ। ਮੌਜੂਦਾ ਸਮੇਂ ਵਿੱਚ ਗੈਸ ਨੂੰ ਰਿਫਾਇਨਰੀ ਤੋਂ ਪਲਾਂਟ ਤੱਕ ਪਹੁੰਚਾਉਣ ਲਈ ਵੱਡੇ ਟੈਂਕਰਾਂ ਅਤੇ ਟਰੱਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਾਈਪਲਾਈਨ ਵਿਛਣ ਨਾਲ ਨਾ ਸਿਰਫ਼ ਸੜਕ ਹਾਦਸਿਆਂ ਦਾ ਡਰ ਖ਼ਤਮ ਹੋਵੇਗਾ, ਸਗੋਂ ਗੈਸ ਦੀ ਢੋਆ-ਢੁਆਈ ਦਾ ਖ਼ਰਚਾ ਵੀ ਕਾਫੀ ਘਟ ਜਾਵੇਗਾ। ਇਸ ਤੋਂ ਇਲਾਵਾ, ਟਰੱਕਾਂ ਦੇ ਧੂੰਏਂ ਵਿੱਚ ਕਮੀ ਆਉਣ ਨਾਲ ਵਾਤਾਵਰਣ ਨੂੰ ਵੀ ਫਾਇਦਾ ਮਿਲੇਗਾ। ਇਹ ਹੋਣਗੇ 4 ਮੁੱਖ ਰੂਟ: ਗੈਸ ਸਪਲਾਈ ਨੂੰ ਸਿੱਧਾ ਬੋਟਲਿੰਗ ਪਲਾਂਟਾਂ ਨਾਲ ਜੋੜਨ ਲਈ ਸਰਕਾਰ ਨੇ ਹੇਠ ਲਿਖੇ ਚਾਰ ਰੂਟਾਂ ਦੀ ਚੋਣ ਕੀਤੀ ਹੈ: ਇਹ ਪਾਈਪਲਾਈਨਾਂ ਸਿਰਫ਼ ਗੈਸ ਦੀ ਸਪਲਾਈ ਦਾ ਸਾਧਨ ਹੀ ਨਹੀਂ ਹੋਣਗੀਆਂ, ਸਗੋਂ ਇਹ ਸਟੋਰੇਜ (ਭੰਡਾਰਨ) ਵਜੋਂ ਵੀ ਕੰਮ ਕਰਨਗੀਆਂ। ਜੇਕਰ ਭਵਿੱਖ ਵਿੱਚ ਜੰਗ ਜਾਂ ਕਿਸੇ ਹੋਰ ਕਾਰਨ ਕਰਕੇ ਵਿਦੇਸ਼ਾਂ ਤੋਂ ਗੈਸ ਦੀ ਸਪਲਾਈ ਵਿੱਚ ਰੁਕਾਵਟ ਆਉਂਦੀ ਹੈ, ਤਾਂ ਇਨ੍ਹਾਂ ਪਾਈਪਲਾਈਨਾਂ ਵਿੱਚ ਮੌਜੂਦ ਗੈਸ ਦੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਕ ਹੋਵੇਗੀ। ਭਾਰਤ ਆਪਣੀ ਲੋੜ ਦੀ ਜ਼ਿਆਦਾਤਰ ਐਲ.ਪੀ.ਜੀ. ਬਾਹਰੋਂ ਮੰਗਵਾਉਂਦਾ ਹੈ, ਅਜਿਹੇ ਵਿੱਚ ਇਹ ਕਦਮ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ।

## ਮਹਿਲਾ ਰਾਖਵਾਂਕਰਨ ਲਾਗੂ ਕਰਨਾ ਹੈ ਤਾਂ 2023 ਦੇ ਕਾਨੂੰਨ ਨੂੰ ਲਾਗੂ ਕਰੋ, ਪੂਰਾ ਵਿਰੋਧੀ ਧਿਰ ਦੇਵੇਗਾ ਸਾਥ : ਪ੍ਰਿਯੰਕਾ ਗਾਂਧੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 18 ਅਪ੍ਰੈਲ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਲੋਕ ਸਭਾ 'ਚ ਮਹਿਲਾ ਰਾਖਵਾਂਕਰਨ ਨਾਲ ਸੰਬੰਧਤ ਸੰਵਿਧਾਨ ਸੋਧ ਬਿੱਲ ਦੇ ਪਾਸ ਨਾ ਹੋਣ ਦਾ ਹਵਾਲਾ ਦਿੰਦੇ ਹੋਏ ਸ਼ਨੀਵਾਰ ਨੂੰ ਕਿਹਾ ਕਿ ਇਹ ਬਿੱਲ ਫੈਡਰਲ ਢਾਂਚੇ ਨੂੰ ਬਦਲਣ ਦੀ ਯੋਜਨਾ ਸੀ ਅਤੇ ਇਸ ਦਾ ਡਿੱਗਣਾ ਸੰਵਿਧਾਨ ਅਤੇ ਵਿਰੋਧੀ ਧਿਰ ਦੀ ਇਕਜੁਟਤਾ ਦੀ ਜਿੱਤ ਹੈ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਸਰਕਾਰ 2023 ਦੇ ਨਾਰੀ ਸ਼ਕਤੀ ਵੰਦਨ ਐਕਟ ਨੂੰ ਲੋਕ ਸਭਾ ਦੀਆਂ ਮੌਜੂਦਾ 543 ਸੀਟਾਂ ਦੇ ਆਧਾਰ 'ਤੇ ਤੁਰੰਤ ਲਾਗੂ ਕਰ ਸਕਦੀ ਹੈ ਅਤੇ ਜੇਕਰ ਅਜਿਹਾ ਕਰਦੀ ਹੈ ਤਾਂ ਵਿਰੋਧੀ ਧਿਰ ਇਸ ਦਾ ਸਮਰਥਨ ਕਰੇਗਾ। ਉਨ੍ਹਾਂ ਨੇ ਕਿਹਾ,"ਕੱਲ੍ਹ ਜੋ ਹੋਇਆ, ਉਹ ਲੋਕਤੰਤਰ ਲਈ ਬਹੁਤ ਵੱਡੀ ਜਿੱਤ ਹੈ, ਫੈਡਰਲ ਢਾਂਚੇ ਨੂੰ ਬਦਲਣ ਦੀ ਸਾਜਿਸ਼ ਨੂੰ ਹਰਾਇਆ ਗਿਆ।" ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੀ ਏਕਤਾ ਅਤੇ ਸੰਵਿਧਾਨ ਦੀ ਜਿੱਤ ਹੋਈ ਹੈ। ਪ੍ਰਿਯੰਕਾ ਗਾਂਧੀ ਨੇ ਕਿਹਾ,"ਪੂਰੀ ਸਾਜਿਸ਼ ਇਹੀ ਰਚੀ ਗਈ ਕਿ ਕਿਸੇ ਨਾ ਕਿਸੇ ਤਰ੍ਹਾਂ ਸਥਾਈ ਰੂਪ



ਨਾਲ ਸੱਤਾ 'ਚ ਰਹਿਣਾ ਹੈ। ਇਹ ਕੰਮ ਔਰਤਾਂ ਦੇ ਨਾਂ 'ਤੇ ਕਰਨ ਦੀ ਕੋਸ਼ਿਸ਼ ਕੀਤੀ।" ਉਨ੍ਹਾਂ ਦਾਅਵਾ ਕੀਤਾ ਕਿ ਔਰਤਾਂ ਦਾ 'ਮਸੀਹਾ' ਬਣਨ ਦੀ ਕੋਸ਼ਿਸ਼ ਕੀਤੀ ਗਈ ਪਰ ਅਜਿਹਾ ਨਹੀਂ ਹੁੰਦਾ ਅਤੇ ਔਰਤਾਂ ਦਾ 'ਮਸੀਹਾ' ਬਣਨ ਲਈ ਕੰਮ ਕਰਨਾ ਹੁੰਦਾ ਹੈ। ਪ੍ਰਿਯੰਕਾ ਨੇ ਕਿਹਾ ਕਿ ਇਹ ਸੰਵਿਧਾਨ ਸੋਧ ਬਿੱਲ ਮਹਿਲਾ ਰਾਖਵਾਂਕਰਨ ਲਈ ਨਹੀਂ ਸੀ, ਇਹ ਹੱਦਬੰਦੀ ਲਈ ਸੀ ਅਤੇ ਇਹ ਬਿਲਕੁੱਲ ਸਾਫ਼ ਸੀ ਕਿ ਵਿਰੋਧੀ ਧਿਰ ਇਸ ਦਾ ਸਮਰਥਨ ਕਰਨ ਵਾਲਾ ਨਹੀਂ ਸੀ। ਉਨ੍ਹਾਂ ਨੇ ਤੰਜ਼ ਕੱਸਦੇ ਹੋਏ ਕਿਹਾ,"ਸਰਕਾਰ ਦੇ ਲੋਕ ਕਹਿ ਰਹੇ ਹਨ ਕਿ ਕੱਲ੍ਹ ਕਾਲਾ ਦਿਨ ਸੀ। ਹਾਂ, ਉਨ੍ਹਾਂ ਲਈ ਕਾਲਾ ਦਿਨ ਇਸ ਲਈ ਹੈ ਕਿ ਉਨ੍ਹਾਂ ਨੂੰ ਪਹਿਲੀ ਵਾਰ ਧੱਕਾ ਲੱਗਾ ਹੈ।" ਉਨ੍ਹਾਂ ਕਿਹਾ,"ਜੇਕਰ ਮਹਿਲਾ ਰਾਖਵਾਂਕਰਨ ਲਾਗੂ ਕਰਨਾ ਹੈ ਤਾਂ 2023 ਦੇ ਕਾਨੂੰਨ ਨੂੰ ਲਾਗੂ ਕਰੋ, ਜਿਸ 'ਚ ਪੂਰਾ ਵਿਰੋਧੀ ਧਿਰ ਸਾਥ ਦੇਵੇਗਾ।" ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ 2029 ਦੀਆਂ ਲੋਕ ਸਭਾ ਚੋਣਾਂ ਤੋਂ ਲਾਗੂ ਕਰਨ ਨਾਲ ਸੰਬੰਧਤ ਸੰਵਿਧਾਨ ਸੋਧ ਬਿੱਲ ਸ਼ੁੱਕਰਵਾਰ ਨੂੰ ਸੰਸਦ ਦੇ ਹੇਠਲੇ ਸਦਨ 'ਚ ਪਾਸ ਨਹੀਂ ਹੋ ਸਕਿਆ ਸੀ। ਸਦਨ 'ਚ 'ਸੰਵਿਧਾਨ (131ਵਾਂ) ਸੋਧ ਬਿੱਲ, 2026', 'ਤੇ ਹੋਈ ਵੋਟ ਵੰਡ ਦੌਰਾਨ ਇਸ ਦੇ ਪੱਖ 'ਚ 298 ਅਤੇ ਵਿਰੋਧ 'ਚ 230 ਵੋਟ ਪਏ। ਲੋਕ ਸਭਾ 'ਚ ਕਿਸੇ ਵੀ ਸੰਵਿਧਾਨ ਸੋਧ ਬਿੱਲ ਨੂੰ ਪਾਸ ਕਰਨ ਲਈ ਦੋ ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ। ਸਰਕਾਰ ਨੇ ਇਸ ਬਿੱਲ ਨਾਲ 'ਹੱਦਬੰਦੀ ਬਿੱਲ, 2026' ਅਤੇ 'ਸੰਘ ਰਾਜ ਕਾਨੂੰਨ (ਸੋਧ) ਬਿੱਲ, 2026' ਨੂੰ ਵੀ ਸਦਨ 'ਚ ਚਰਚਾ ਅਤੇ ਪਾਸ ਕਰਵਾਉਣ ਲਈ ਰੱਖਿਆ ਸੀ ਪਰ ਉਨ੍ਹਾਂ ਨੂੰ ਵੀ ਅੱਗੇ ਨਹੀਂ ਵਧਾਇਆ ਜਾ ਸਕਿਆ।

# ਦਾਦੀ ਦੇ ਭੋਗ 'ਤੇ ਆਏ ਪੋਤੇ ਦਾ ਬੇਰਹਿਮੀ ਨਾਲ ਕਤਲ ! ਰੋਂਦਾ-ਕੁਰਲਾਉਂਦਾ ਰਹਿ ਗਿਆ ਪਰਿਵਾਰ

**ਕੌਮੀ ਪਤ੍ਰਿਕਾ**

ਬਰਨਾਲਾ 18 ਅਪ੍ਰੈਲ। ਬਰਨਾਲਾ ਅੰਦਰ ਕਤਲ ਵਰਗੀਆਂ ਵੱਡੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੁੰਦਾ ਦਿਖਾਈ ਦੇ ਰਿਹਾ ਹੈ, ਜਿਸ ਕਾਰਨ ਇਲਾਕੇ ਵਿਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਤਾਜ਼ਾ ਮਾਮਲਾ ਬਰਨਾਲਾ ਦੇ ਰਾਮਬਾਗ ਰੋਡ ਉੱਤੇ ਇਕ ਖਾਲੀ ਪਲਾਟ ਵਿਚੋਂ 22 ਸਾਲਾ ਨੌਜਵਾਨ ਦੀ ਖ਼ੂਨ ਨਾਲ ਲੱਥਪਥ ਲਾਸ਼ ਸ਼ੱਕੀ ਹਾਲਾਤਾਂ ਵਿਚ ਮਿਲਣ ਦਾ ਹੈ। ਮ੍ਰਿਤਕ ਦੀ ਪਛਾਣ ਰਾਹੀ ਬਸਤੀ, ਬਰਨਾਲਾ ਦੇ ਰਹਿਣ ਵਾਲੇ ਸੁਰਿੰਦਰ ਸਿੰਘ ਪੁੱਤਰ ਸੋਮੀ ਸਿੰਘ ਵਜੋਂ ਹੋਈ ਹੈ। ਸੁਰਿੰਦਰ ਸਿੰਘ ਇੱਕ ਗਰੀਬ ਪਰਿਵਾਰ ਨਾਲ ਸਬੰਧਿਤ ਸੀ, ਅਤੇ ਉਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ। ਉਹ ਹਿਮਾਚਲ ਪ੍ਰਦੇਸ਼ ਵਿਚ ਬੱਸਾਂ ਦੀਆਂ ਬਾਡੀਆਂ ਲਾਉਣ ਦਾ ਕੰਮ ਕਰਦਾ ਸੀ ਅਤੇ ਆਪਣੀ ਦਾਦੀ ਦੇ ਭੋਗ ਲਈ ਪਿਛਲੇ 8 ਦਿਨਾਂ ਤੋਂ ਬਰਨਾਲਾ ਆਪਣੇ ਘਰ ਪਹੁੰਚਿਆ ਹੋਇਆ ਸੀ। ਪਰਿਵਾਰਕ ਮੈਂਬਰਾਂ ਮੁਤਾਬਕ, ਸੁਰਿੰਦਰ ਸਿੰਘ ਪਿਛਲੇ ਤਿੰਨ ਦਿਨਾਂ ਤੋਂ ਘਰੋਂ ਲਾਪਤਾ ਸੀ, ਜਿਸ ਦੀ ਸੂਚਨਾ ਬਰਨਾਲਾ ਪੁਲਸ ਨੂੰ ਵੀ ਦਿੱਤੀ ਗਈ ਸੀ। ਉਸ ਨੂੰ ਕੁਝ ਨੌਜਵਾਨ ਘਰੋਂ ਬੁਲਾ ਕੇ ਲੈ ਗਏ ਸਨ, ਪਰ ਉਹ ਵਾਪਸ ਨਹੀਂ ਪਰਤਿਆ। ਘਟਨਾ ਸਮੇਂ ਮ੍ਰਿਤਕ ਦਾ ਮੋਬਾਈਲ ਫੋਨ ਘਰ ਹੀ ਪਿਆ ਸੀ। ਸੁਰਿੰਦਰ ਸਿੰਘ ਦੀ ਲਾਸ਼ ਖਾਲੀ ਪਲਾਟ ਵਿਚ ਕੰਧ ਨਾਲ ਪਈ ਮਿਲੀ ਹੈ। ਮ੍ਰਿਤਕ ਦੇ ਸਰੀਰ 'ਤੇ ਕੁੱਟਮਾਰ ਦੇ ਨਿਸ਼ਾਨ ਸਨ। ਉਸ ਦੇ ਮੂੰਹ, ਪੇਟ ਅਤੇ ਬਾਹਾਂ 'ਤੇ ਬੇਰਹਿਮੀ ਨਾਲ ਕੁੱਟਮਾਰ ਦੇ ਨਿਸ਼ਾਨ ਸਾਫ਼ ਦਿਖਾਈ ਦੇ ਰਹੇ ਸਨ, ਅਤੇ ਉਸ ਦਾ ਮੂੰਹ ਖ਼ੂਨ ਨਾਲ ਲੱਥਪੱਥ ਸੀ। ਮੌਕੇ 'ਤੇ ਲਾਸ਼ ਕੋਲੋਂ ਇਕ 'ਸਟਿੰਗ ਕੋਲਡ ਡਰਿੰਕ' ਅਤੇ ਇਕ ਮਾਚਿਸ ਦੀ ਡੱਬੀ ਵੀ ਦਿਖਾਈ ਦਿੱਤੀ। ਪਰਿਵਾਰ ਨੇ ਇਹ ਵੀ ਪੁਸ਼ਟੀ ਕੀਤੀ ਕਿ ਉਨ੍ਹਾਂ ਦਾ ਪੁੱਤ ਕੋਈ ਵੀ ਨਸ਼ਾ ਨਹੀਂ ਕਰਦਾ ਸੀ। ਪਰਿਵਾਰਕ ਮੈਂਬਰਾਂ ਨੇ ਪੱਕੇ ਤੌਰ 'ਤੇ ਇਹ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਉਨ੍ਹਾਂ ਦੇ ਪੁੱਤ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਦਾਦੀ ਦੇ ਭੋਗ 'ਤੇ ਆਏ ਇਕਲੌਤੇ ਪੋਤੇ ਦੀ ਮੌਤ ਤੋਂ ਬਾਅਦ ਘਰ ਵਿਚ ਮਾਤਮ ਦਾ ਮਾਹੌਲ ਹੈ ਅਤੇ ਪਰਿਵਾਰਿਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਮ੍ਰਿਤਕ ਦੇ ਪਿਤਾ ਸੋਮੀ ਸਿੰਘ ਅਤੇ ਸਤਨਾਮ ਸਿੰਘ ਨੇ ਪ੍ਰਸ਼ਾਸਨ ਤੋਂ ਜਲਦ ਇਨਸਾਫ਼ ਦੀ ਮੰਗ ਕਰਦੇ ਹੋਏ ਕਿਹਾ ਕਿ ਕਾਤਲ ਦੋਸ਼ੀਆਂ ਨੂੰ



ਜਲਦ ਗ੍ਰਿਫਤਾਰ ਕੀਤਾ ਜਾਵੇ। ਪਰਿਵਾਰ ਨੇ ਪ੍ਰਸ਼ਾਸਨ 'ਤੇ ਸਵਾਲ ਚੁੱਕਦੇ ਹੋਏ ਚੇਤਾਵਨੀ ਦਿੱਤੀ ਕਿ ਜੇਕਰ ਪੁਲਸ ਨੇ ਕੋਈ ਕਾਰਵਾਈ ਨਾ ਕੀਤੀ ਅਤੇ ਦੋਸ਼ੀ ਗ੍ਰਿਫਤਾਰ ਨਾ ਕੀਤੇ ਤਾਂ ਮ੍ਰਿਤਕ ਦੀ ਲਾਸ਼ ਦਾ ਸਸਕਾਰ ਨਹੀਂ ਕੀਤਾ ਜਾਵੇਗਾ ਤੇ ਰੋਸ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਉਨ੍ਹਾਂ ਬਰਨਾਲਾ ਅੰਦਰ ਸ਼ਰੇਆਮ ਹੋ ਰਹੀਆਂ ਅਜਿਹੀਆਂ ਘਟਨਾਵਾਂ ਕਾਰਨ ਸੁਰੱਖਿਆ ਪ੍ਰਬੰਧਾਂ 'ਤੇ ਵੀ ਸਵਾਲ ਖੜ੍ਹੇ ਕੀਤੇ। ਘਟਨਾ ਦਾ ਪਤਾ ਲੱਗਦਿਆਂ ਹੀ ਪੁਲਸ ਪ੍ਰਸ਼ਾਸਨ ਮੌਕੇ 'ਤੇ ਪਹੁੰਚ ਗਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ। ਪੁਲਸ ਮੁਲਾਜ਼ਮ ਸਤਨਾਮ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਲਾਸ਼ ਨੂੰ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿਚ ਸਰਕਾਰੀ ਹਸਪਤਾਲ ਬਰਨਾਲਾ ਦੀ ਮੋਰਚਰੀ ਵਿਚ ਪੋਸਟ-ਮਾਰਟਮ ਲਈ ਰਖਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਇਕ ਹੈਰਾਨੀਜਨਕ ਤੱਥ ਇਹ ਵੀ ਸਾਹਮਣੇ ਆਇਆ ਕਿ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਘਟਨਾ ਸਥਾਨ 'ਤੇ ਐਂਬੂਲੈਂਸ ਨਹੀਂ ਪਹੁੰਚੀ। ਮਜਬੂਰਨ, ਪਰਿਵਾਰਕ ਮੈਂਬਰਾਂ ਨੂੰ ਮ੍ਰਿਤਕ ਸੁਰਿੰਦਰ ਸਿੰਘ ਦੀ ਲਾਸ਼ ਨੂੰ ਪੁਲਸ ਦੀ ਗੱਡੀ ਵਿਚ ਰੱਖ ਕੇ ਹਸਪਤਾਲ ਲਿਆਉਣਾ ਪਿਆ।

## ਰਾਜੂ ਨਸ਼ਾ ਵਿਰੋਧੀ ਮੁਹਿੰਮ ਦੇ ਮੋਹਰੀ ਹਨ- ਪੰਨੂ

ਫਗਵਾੜਾ 18 ਅਪ੍ਰੈਲ। ਫਗਵਾੜਾ ਨੇੜੇ ਪਿੰਡ ਦਰਵੇਸ਼ ਵਿਖੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਤੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਹੈ ਕਿ ਦਲਜੀਤ ਰਾਜੂ ਦੇ ਘਰ 'ਤੇ ਗੋਲੀਬਾਰੀ ਉਨ੍ਹਾਂ ਨੂੰ ਡਰਾਉਣ ਦਾ ਯਤਨ ਹੈ ਕਿਉਂਕਿ ਉਹ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਮੋਹਰੀ ਆਗੂ ਹਨ ਤੇ ਨਸ਼ਾ ਤਸਕਰਾਂ ਵਿਰੁੱਧ ਵੀ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ, ਪੰਨੂ ਨੇ ਦਲਜੀਤ ਰਾਜੂ ਨਾਲ ਉਨ੍ਹਾਂ ਦੇ ਘਰ ਵਿੱਚ ਮੁਲਾਕਾਤ ਕੀਤੀ ਉਨ੍ਹਾਂ ਦੇ ਨਾਲ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਤੇ ਯੂਥ ਡਿਵੈਲਪਮੈਂਟ ਬੋਰਡ ਦੇ ਵਾਇਸ ਪ੍ਰਧਾਨ ਨਯਨ ਛਾਬੜਾ ਵੀ ਹਾਜ਼ਰ ਸਨ ਪੰਨੂ ਨੇ ਕਿਹਾ ਕਿ ਨਸ਼ੇ ਵਿਰੁੱਧ ਜੰਗ ਜਾਰੀ ਹੈ ਤੇ ਰਾਜੂ ਉਸ ਜੰਗ ਦੇ ਅਹਿਮ ਮੈਂਬਰ ਹਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਵੱਲੋਂ ਨਸ਼ਾ ਤਸਕਰਾਂ ਨੂੰ ਸਪੱਸ਼ਟ ਚੇਤਾਵਨੀ ਦਿੱਤੀ ਹੋਈ ਹੈ ਕਿ ਉਹ ਜਾਂ ਤਾਂ ਨਸ਼ਾ ਦੇ ਕਾਰੋਬਾਰ ਨੂੰ ਛੱਡ ਦੇਣ ਤੇ ਜਾਂ ਫਿਰ ਪੰਜਾਬ ਛੱਡ ਦੇਣ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਉਨ੍ਹਾਂ ਕਿਹਾ ਕਿ ਉਹ ਰਾਜੂ ਦੇ ਘਰ ਹਮਲਾਵਰਾਂ ਨੂੰ ਇਹ ਸੁਨੇਹਾ ਦੇਣ ਆਏ ਹਨ

# ਫਰੀਦਕੋਟ 'ਚ ਫੜਿਆ ਗਿਆ ਸ਼ਾਤਰ ਜਨਾਨੀਆਂ ਦਾ ਗੈਂਗ

**ਕੌਮੀ ਪਤ੍ਰਿਕਾ**

ਫਰੀਦਕੋਟ 18 ਅਪ੍ਰੈਲ। ਫਰੀਦਕੋਟ ਦਾ ਇਕ ਵਪਾਰੀ ਜੋ ਕਿ ਇਕ ਧਾਰਮਿਕ ਸੰਸਥਾ ਦਾ ਅਹੁਦੇਦਾਰ ਵੀ ਹੈ ਵੱਲੋਂ ਪੁਲਸ ਨੂੰ ਇਕ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਇਕ ਮਹਿਲਾ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਬਲੈਕ ਕੀਤਾ ਗਿਆ। ਵਪਾਰੀ ਨੇ ਸ਼ਿਕਾਇਤ ਵਿਚ ਕਿਹਾ ਕਿ ਇਕ ਔਰਤ ਨੇ ਆਸ਼ਰਮ ਵਿਚ ਗਲਤ ਕੰਮ ਹੋਣ ਦੀ ਵੀਡੀਓ ਉਸ ਕੋਲ ਹੋਣ ਦਾ ਡਰਾਵਾ ਦਿੱਤਾ ਅਤੇ ਮਿਲ ਕੇ ਇਹ ਵੀਡੀਓ ਦਿਖਾਉਣ ਦੀ ਗੱਲ ਕਹੀ ਅਤੇ ਜਦੋਂ ਉਹ ਮਹਿਲਾ ਨੂੰ ਮਿਲਿਆ ਤਾਂ ਉਸ ਕੋਲ ਕੋਈ ਸਬੂਤ ਨਹੀਂ ਸੀ। ਇਸ ਤੋਂ ਬਾਅਦ ਵਪਾਰੀ ਨੂੰ ਉਕਤ ਮਹਿਲਾ ਨਾਲ ਗਲਤ ਸੰਬੰਧ ਹੋਣ ਦਾ ਡਰਾਵਾ ਦੇ ਕੇ ਪੈਸਿਆਂ ਦੀ ਮੰਗ ਕੀਤੀ ਜਾਣ ਲੱਗੀ। ਮਹਿਲਾ ਨਾਲ ਕੁੱਝ ਹੋਰ ਵਿਅਕਤੀ ਵੀ ਮਿਲ ਗਏ ਅਤੇ ਉਸ ਨੂੰ ਬਦਨਾਮ ਕਰਨ ਦਾ ਡਰਾਵਾ ਦੇ ਕੇ 15 ਲੱਖ ਰੁਪਏ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਮਗਰੋਂ ਇਕ ਹੋਟਲ ਗੱਲ ਕਹੀ ਅਤੇ ਜਦੋਂ ਉਹ ਮਹਿਲਾ ਨੂੰ ਮਿਲਿਆ ਤਾਂ ਉਸ ਕੋਲ ਕੋਈ ਸਬੂਤ ਨਹੀਂ ਸੀ। ਇਸ ਤੋਂ ਬਾਅਦ ਵਪਾਰੀ ਨੂੰ ਉਕਤ ਮਹਿਲਾ ਨਾਲ ਗਲਤ ਸੰਬੰਧ ਹੋਣ ਦਾ ਡਰਾਵਾ ਦੇ ਕੇ ਪੈਸਿਆਂ ਦੀ ਮੰਗ ਕੀਤੀ ਜਾਣ ਲੱਗੀ। ਮਹਿਲਾ ਨਾਲ ਕੁੱਝ ਹੋਰ 'ਚ ਬੈਠ ਕੇ ਗੱਲ ਹੋਈ ਅਤੇ 8 ਲੱਖ ਰੁਪਏ ਦੇਣ ਦਾ ਸੌਦਾ ਹੋਇਆ। ਇਸ ਦੌਰਾਨ ਉਨ੍ਹਾਂ ਨੇ ਪੁਲਸ ਨੂੰ ਇਸ ਮਾਮਲੇ ਬਾਰੇ ਸ਼ਿਕਾਇਤ ਕਰਕੇ ਜਾਣੂ ਕਰਵਾਇਆ। ਪੁਲਸ ਨੇ ਕਾਰਵਾਈ ਕਰਦੇ ਹੋਏ ਪੈਸੇ ਦੇਣ ਸਮੇਂ ਬਲੈਕਮੇਲ ਕਰਨ ਵਾਲੇ ਗਿਰੋਹ ਦੇ ਮੈਂਬਰਾਂ ਨੂੰ ਕਾਬੂ ਕਰ ਲਿਆ ਅਤੇ ਉਨ੍ਹਾਂ ਦੀ



ਸ਼ਨਾਖਤ 'ਤੇ ਕੁਲ ਛੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ 'ਚ ਤਿੰਨ ਔਰਤਾਂ ਵੀ ਸ਼ਾਮਲ ਸਨ। ਦੱਸਿਆ ਜਾ ਰਿਹਾ ਹੈ ਕੇ ਫੜੇ ਗਏ ਮੁਲਜ਼ਮਾਂ 'ਚੋਂ ਦੋ ਸਾਬਕਾ ਕਾਂਗਰਸੀ ਸਰਪੰਚ ਹਨ ਜਦਕਿ ਇਕ ਮੁਲਜ਼ਮ ਕਾਂਗਰਸ ਦਾ ਮੌਜੂਦਾ ਪੰਚਾਇਤ ਮੈਂਬਰ ਹੈ। ਫਿਲਹਾਲ ਪੁਲਸ ਵੱਲੋਂ ਇਸ ਗਿਰੋਹ ਦੇ ਸਾਰੇ ਮੈਂਬਰਾਂ ਨੂੰ ਅੱਜ ਮਾਣਯੋਗ ਅਦਾਲਤ 'ਚ ਪੇਸ਼ ਕਰ ਪੁਲਸ ਰਿਮਾਂਡ ਲਿਆ ਜਾਵੇਗਾ ਅਤੇ ਵਧੇਰੇ ਪੁੱਛਗਿੱਛ ਕਰਕੇ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਸ ਗਿਰੋਹ ਵੱਲੋਂ ਹੋਰ ਕਿਸ-ਕਿਸ ਨੂੰ ਆਪਣਾ ਸ਼ਿਕਾਰ ਬਣਾਇਆ ਗਿਆ।

## ਹਸਪਤਾਲ 'ਚ ਬਜ਼ੁਰਗ ਆਦਮੀ ਨੂੰ ਬੱਚੀ ਫੜਾ ਕੇ ਔਰਤ ਹੋ ਗਈ ਗਾਇਬ !

ਨੈਸ਼ਨਲ ਡੈਸਕ 18 ਅਪ੍ਰੈਲ। ਗਵਾਲੀਅਰ ਦੇ ਕਮਲਾ ਰਾਜਾ ਮਹਿਲਾ ਅਤੇ ਬੱਚਿਆਂ ਦੇ ਹਸਪਤਾਲ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ ਅਣਪਛਾਤੀ ਔਰਤ ਨੇ ਇੱਕ ਮਹੀਨੇ ਦਾ ਨਵਜੰਮਿਆ ਬੱਚਾ ਇੱਕ ਬਜ਼ੁਰਗ ਆਦਮੀ, ਵਿਪਿਨ ਬਿਹਾਰੀ ਸੇਨ (ਦਾਤੀਆ ਨਿਵਾਸੀ) ਨੂੰ ਸੌਂਪ ਦਿੱਤਾ ਤੇ ਭੱਜ ਗਈ। ਰਿਪੋਰਟਾਂ ਅਨੁਸਾਰ ਔਰਤ ਨੇ ਬਾਥਰੂਮ ਜਾਣ ਦਾ ਬਹਾਨਾ ਬਣਾ ਕੇ ਬੱਚੇ ਨੂੰ ਬਜ਼ੁਰਗ ਆਦਮੀ ਨੂੰ ਸੌਂਪ ਦਿੱਤਾ ਪਰ ਕਦੇ ਵਾਪਸ ਨਹੀਂ ਆਇਆ। ਬਜ਼ੁਰਗ ਆਦਮੀ ਨੇ ਲਗਭਗ ਇੱਕ ਘੰਟੇ ਤੱਕ ਹਸਪਤਾਲ ਦੇ ਅਹਾਤੇ ਵਿੱਚ ਉਸਦੀ ਭਾਲ ਕੀਤੀ ਪਰ ਉਸਦਾ ਕੋਈ ਸੁਰਾਗ ਨਹੀਂ ਮਿਲਿਆ। ਫਿਰ ਉਸਨੇ ਹਸਪਤਾਲ ਦੀ ਸੁਰੱਖਿਆ ਅਤੇ ਸਟਾਫ ਨੂੰ ਘਟਨਾ ਬਾਰੇ ਸੂਚਿਤ ਕੀਤਾ। ਸੁਰੱਖਿਆ ਕਰਮਚਾਰੀਆਂ ਦੀ ਜਾਣਕਾਰੀ ਦੇ ਆਧਾਰ 'ਤੇ, ਕੰਪੂ ਪੁਲਿਸ ਸਟੇਸ਼ਨ ਮੌਕੇ 'ਤੇ ਪਹੁੰਚਿਆ। ਪੁਲਿਸ ਨੇ ਨਵਜੰਮੇ ਬੱਚੇ ਨੂੰ ਸੁਰੱਖਿਅਤ ਢੰਗ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਅਤੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਅਣਪਛਾਤੀ ਔਰਤ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੇ ਹਸਪਤਾਲ ਦੀ ਸੁਰੱਖਿਆ ਪ੍ਰਣਾਲੀ ਅਤੇ ਨਵਜੰਮੇ ਬੱਚੇ ਦੀ ਸੁਰੱਖਿਆ ਪ੍ਰੋਟੋਕੋਲ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪੁਲਿਸ ਮਾਮਲੇ ਨੂੰ ਸੰਵੇਦਨਸ਼ੀਲ ਮੰਨਦਿਆਂ ਜਾਂਚ ਕਰ ਰਹੀ ਹੈ।

## ਪੁਲਸ ਦਾ ਗੈਂਗਸਟਰ ਨਾਲ ਪੈ ਗਿਆ ਪੇਚਾ, ਚੱਲੀਆਂ ਤਾੜ-ਤਾੜ ਗੋਲੀਆਂ

ਫਰੀਦਕੋਟ 18 ਅਪ੍ਰੈਲ। ਫਰੀਦਕੋਟ ਜ਼ਿਲ੍ਹੇ ਵਿੱਚ ਸ਼ਾਮ ਪੈਂਦੇ ਹੀ ਗੋਲੀਆਂ ਦੀ ਤੜਤੜਾਹਟ ਨਾਲ ਖੇਤਰ ਵਿੱਚ ਦਹਿਸ਼ਤ ਫੈਲ ਗਈ, ਜਦੋਂ ਇੱਕ ਨਾਕੇ 'ਤੇ ਖੜ੍ਹੇ ਪੁਲਸ ਅਧਿਕਾਰੀਆਂ 'ਤੇ ਗੈਂਗਸਟਰ ਨੇ ਅਚਾਨਕ ਫਾਇਰਿੰਗ ਕਰ ਦਿੱਤੀ। ਪੁਲਸ ਨੇ ਤੁਰੰਤ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਗੈਂਗਸਟਰ ਜ਼ਖਮੀ ਹੋ ਗਿਆ ਅਤੇ ਮੌਕੇ 'ਤੇ ਕਾਬੂ ਕਰ ਲਿਆ ਗਿਆ। ਪੁਲਸ ਮੁਤਾਬਕ, ਫੜਿਆ ਗਿਆ ਗੈਂਗਸਟਰ ਵਿਦੇਸ਼ 'ਚ ਬੈਠੇ ਖਤਰਨਾਕ ਗੈਂਗਸਟਰ ਪ੍ਰਭਦੇਸੁਵਾਲ ਦਾ ਕਰੀਬੀ ਗੁਰਗਾ ਦੱਸਿਆ ਜਾ ਰਿਹਾ ਹੈ। ਉਸ ਦੀ ਪਹਿਚਾਣ ਤਰਨ ਤਾਰਨ ਜ਼ਿਲ੍ਹੇ ਦੇ ਰਹਿਣ ਵਾਲੇ ਅਰਸ਼ਦੀਪ ਵਜੋਂ ਹੋਈ ਹੈ। ਮੌਕੇ ਤੋਂ ਮਹਿੰਗਾ ਹਥਿਆਰ ਅਤੇ ਕਾਰਤੂਸ ਵੀ ਬਰਾਮਦ ਕੀਤੇ ਹਨ। ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਉਹ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ 'ਚ ਸੀ। ਦੱਸ ਦਈਏ ਕਿ ਇਸ ਤੋਂ ਪਹਿਲਾਂ ਅੱਜ ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਵਿਖੇ ਮੁੱਖ ਚੌਕ 'ਚ ਪੁਲਸ ਥਾਣੇ ਤੋਂ ਮਹਿਜ 100 ਮੀਟਰ ਦੀ ਦੂਰੀ 'ਤੇ ਇਕ ਮੋਬਾਈਲ ਟੈਲੀਕਾਮ ਦੀ ਦੁਕਾਨ 'ਤੇ ਗੋਲ?ੀਆਂ ਚੱਲਣ ਦੀ ਘਟਨਾ ਸਾਹਮਣੇ ਆਈ ਹੈ। ਘਟਨਾ ਸਬੰਧੀ ਇਕੱਤਰ ਜਾਣਕਾਰੀ ਅਨੁਸਾਰ ਨਿਹਾਲ ਸਿੰਘ ਵਾਲਾ ਦੇ ਮੁੱਖ ਚੌਕ 'ਚ ਬਾਂਸਲ ਟੈਲੀਕਾਮ 'ਤੇ ਪੁੱਜੇ ਅਤੇ ਇਸ ਮੌਕੇ ਦੋ ਧਿਰਾਂ 'ਚ ਆਪਸੀ ਝਗੜੇ ਦੌਰਾਨ ਹੋਈ ਗੋਲ?ੀਬਾਰੀ ਮੌਕੇ ਬਾਲਾ ਟੈਲੀਕਾਮ ਦੁਕਾਨ ਦੇ ਦੁਕਾਨਦਾਰ ਰਮਨ ਕੁਮਾਰ ਪੁੱਤਰ ਰਜਿੰਦਰ ਕੁਮਾਰ ਦੇ ਸੱਜੇ ਹੱਥ 'ਚ ਗੋਲ?ੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਤੁਰੰਤ ਸਿਵਲ ਹਸਪਤਾਲ ਨਿਹਾਲ ਸਿੰਘ ਵਾਲਾ ਵਿਖੇ ਦਾਖਲ ਕਰਵਾਇਆ ਗਿਆ। ਘਟਨਾ ਤੋਂ ਬਾਅਦ ਪਹੁੰਚੀ ਪੁਲਿਸ ਜਾਂਚ ਵਿਚ ਜੁੱਟ ਗਈ ਹੈ। ਘਟਨਾ ਕਾਰਨ ਸ਼ਹਿਰ ਵਿਚ ਦਹਿਸ਼ਤ ਦਾ ਮਾਹੌਲ ਹੈ।

## ਪੰਜਾਬ 'ਚ ਕਰੋੜਾਂ ਦੇ ਜਾਅਲੀ ਨੋਟ ਬਰਾਮਦ ! ਅੰਤਰਰਾਜੀ ਜਾਅਲੀ ਕਰੰਸੀ ਗਿਰੋਹ ਦਾ ਪਰਦਾਫਾਸ਼

ਡੇਰਾਬੱਸੀ 18 ਅਪ੍ਰੈਲ। ਪੁਲਸ ਨੇ ਡੇਰਾਬੱਸੀ 'ਚ ਇੱਕ ਅੰਤਰਰਾਜੀ ਜਾਅਲੀ ਕਰੰਸੀ ਗਿਰੋਹ ਦਾ ਪਰਦਾਫਾਸ਼ ਕਰਨ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ, ਜਿਸ 'ਚ 9 ਕਰੋੜ 99 ਲੱਖ 5 ਹਜ਼ਾਰ ਰੁਪਏ ਦੀ ਜਾਅਲੀ ਅਤੇ ਬੰਦ ਕੀਤੀ ਗਈ ਕਰੰਸੀ ਬਰਾਮਦ ਕੀਤੀ ਗਈ, ਜਿਸ ਨੂੰ ਦੇਖ ਕੇ ਪੁਲਸ ਵੀ ਹੈਰਾਨ ਰਹਿ ਗਈ। ਐੱਸ. ਐੱਸ. ਪੀ. ਮੋਹਾਲੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਕਾਰਵਾਈ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਚਿਨ ਵਾਸੀ ਭਾਰਤ



ਨਗਰ, ਕੁਰੂਕਸ਼ੇਤਰ (ਹਰਿਆਣਾ) ਅਤੇ ਗੁਰਦੀਪ ਵਾਸੀ ਗੁਰਦੇਵ ਨਗਰ, ਕੁਰੂਕਸ਼ੇਤਰ (ਹਰਿਆਣਾ) ਵਜੋਂ ਹੋਈ ਹੈ। ਐੱਸ. ਐੱਸ. ਪੀ. ਨੇ ਦੱਸਿਆ ਕਿ ਜਾਅਲੀ ਕਰੰਸੀ ਅਪਰਾਧ 'ਚ ਸ਼ਾਮਲ ਇੱਕ ਅੰਤਰਰਾਜੀ ਸਿੰਡੀਕੇਟ ਨਾਲ ਜੁੜੇ ਦੋ ਸ਼ੱਕੀਆਂ ਦੀ ਗਤੀਵਿਧੀ ਬਾਰੇ ਇੱਕ ਗੁਪਤ ਸੂਚਨਾ ਮਿਲੀ ਸੀ। ਤੁਰੰਤ ਕਾਰਵਾਈ ਕਰਦੇ ਹੋਏ ਐੱਸ. ਪੀ. ਦਿਹਾਤੀ ਮਨਪ੍ਰੀਤ ਸਿੰਘ ਅਤੇ ਡੀ. ਐੱਸ. ਪੀ. ਡੇਰਾ ਬੱਸੀ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ। ਇੰਸਪੈਕਟਰ ਸੁਮਿਤ ਮੋਰ (ਐੱਸ. ਐੱਚ. ਓ. ਡੇਰਾਬੱਸੀ) ਅਤੇ ਇੰਸਪੈਕਟਰ ਮਲਕੀਤ ਸਿੰਘ (ਇੰਚਾਰਜ ਐਂਟੀ-ਨਾਰਕੋਟਿਕਸ ਸੈੱਲ) ਦੀ ਅਗਵਾਈ ਹੇਠ ਟੀਮਾਂ ਨੇ ਪੁਰਾਣਾ ਅੰਬਾਲਾ-ਕਾਲਕਾ ਹਾਈਵੇਅ 'ਤੇ ਘੱਗਰ ਪੁਲ ਨੇੜੇ ਇੱਕ ਨਾਕਾ ਲਗਾਇਆ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਦੋ ਨੌਜਵਾਨਾਂ ਦੀ ਮੌਤ

ਭਰਤਪੁਰ 18 ਅਪ੍ਰੈਲ। ਰਾਜਸਥਾਨ ਦੇ ਭਰਤਪੁਰ ਦੇ ਰੁਦਾਵਲ ਥਾਣਾ ਖੇਤਰ ਵਿੱਚ ਬੁੱਧਵਾਰ ਅੱਧੀ ਰਾਤ ਨੂੰ ਇੱਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਪੁਲਸ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ ਇੱਕ ਗਸ਼ਤੀ ਟੀਮ ਨੂੰ ਨਾਗਲਾ ਖਟਕਾ ਪਿੰਡ ਦੇ ਨੇੜੇ ਸੜਕ ਕਿਨਾਰੇ ਲਾਸ਼ਾਂ ਪਈਆਂ ਮਿਲੀਆਂ। ਗਸ਼ਤੀ ਟੀਮ ਨੇ ਮ੍ਰਿਤਕਾਂ ਦੀ ਪਛਾਣ ਉਨ੍ਹਾਂ ਦੇ ਬਾਈਕ ਨੰਬਰ ਤੋਂ ਰਾਜਕੁਮਾਰ (22) ਜੋ ਕਿ ਬਯਾਨਾ ਸਦਰ ਥਾਣਾ ਦੇ ਨਾਗਲਾ ਫਗਾਨਾ ਦਾ ਰਹਿਣ ਵਾਲਾ ਹੈ ਅਤੇ ਉਸਦੇ ਦੋਸਤ ਰੌਕੀ (23) ਵਜੋਂ ਕੀਤੀ। ਪੁਲਸ ਸੂਤਰਾਂ ਨੇ ਦੱਸਿਆ ਕਿ ਰਾਜਕੁਮਾਰ ਗੁਜਰਾਤ ਵਿੱਚ ਠੇਕੇਦਾਰ ਵਜੋਂ ਕੰਮ ਕਰਦਾ ਸੀ ਅਤੇ ਆਪਣੇ ਦੋਸਤ ਰੌਕੀ ਨਾਲ ਮਜ਼ਦੂਰਾਂ ਨਾਲ ਗੱਲਬਾਤ ਕਰਨ ਲਈ ਭਰਤਪੁਰ ਆਇਆ ਸੀ। ਹਾਦਸੇ ਸਮੇਂ ਦੋਵੇਂ ਦੋਸਤ ਆਪਣੀ ਮੋਟਰਸਾਈਕਲ 'ਤੇ ਘਰ ਵਾਪਸ ਆ ਰਹੇ ਸਨ ਤਾਂ ਇੱਕ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ।

## ਸ਼ੱਕ ਕਾਰਨ ਮੌਤ ਦੀ ਸਜ਼ਾ ! 24 ਸਾਲਾ ਨੌਜਵਾਨ ਦਾ ਕੁਹਾੜੀ ਨਾਲ ਬੇਰਹਿਮੀ ਨਾਲ ਕਤਲ

ਨੈਸ਼ਨਲ ਡੈਸਕ 18 ਅਪ੍ਰੈਲ। ਝਾਰਖੰਡ ਦੇ ਖੁੰਟੀ ਤੋਂ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਨੌਜਵਾਨ ਨੇ ਇੱਕ ਹੋਰ ਵਿਅਕਤੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ ਅਤੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਹ ਘਟਨਾ ਜ਼ਿਲ੍ਹੇ ਦੇ ਆਡਕੀ ਥਾਣਾ ਖੇਤਰ ਦੇ ਅਧੀਨ ਆਉਂਦੇ ਟੋਡਾਂਗ ਪਿੰਡ ਵਿੱਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਨੂੰ ਸ਼ੱਕ ਸੀ ਕਿ ਉਸਦੀ ਪਤਨੀ ਅਤੇ 24 ਸਾਲਾ ਸੂਰਜ ਮੁੰਡਾ ਦੇ ਨਾਜਾਇਜ਼ ਸਬੰਧ ਸਨ। ਇਸ ਨੂੰ ਬਰਦਾਸ਼ਤ ਨਾ ਕਰ ਸਕਣ 'ਤੇ ਉਸਨੇ ਸੂਰਜ ਮੁੰਡਾ ਦਾ ਗਲਾ ਕੁਹਾੜੀ ਨਾਲ ਵੱਢ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਦੋਸ਼ੀ ਨੇ ਕੁਹਾੜੀ ਝਾੜੀ ਵਿੱਚ ਸੁੱਟ ਦਿੱਤੀ।

## ਰਾਮਪੁਰ ਮੰਡੇਰ ਨੇੜੇ ਬੱਸ ਤੇ ਮੋਟਰਸਾਈਕਲ ਦੀ ਟੱਕਰ, ਦੋ ਵਿਅਕਤੀਆਂ ਦੀ ਮੌਤ

ਬੁਢਲਾਡਾ 18 ਅਪ੍ਰੈਲ। ਰਾਮਪੁਰ ਮੰਡੇਰ ਦੇ ਨੇੜੇ ਭਿਆਨਕ ਸੜਕ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋਣ ਦੀ ਜਾਣਕਾਰੀ ਮਿਲੀ ਹੈ। ਪੀਆਰਟੀਸੀ ਦੀ ਮਿੰਨੀ ਬੱਸ, ਜੋ ਰਤੀਆ ਤੋਂ ਬੁਢਲਾਡਾ ਜਾ ਰਹੀ ਸੀ, ਦੀ ਟੱਕਰ ਇੱਕ ਮੋਟਰਸਾਈਕਲ ਨਾਲ ਹੋ ਗਈ। ਮੋਟਰਸਾਈਕਲ ਸਵਾਰ ਅਜੇ ਕੁਮਾਰ ਅਤੇ ਮਿਲਖਾ ਸਿੰਘ ਬੁਢਲਾਡਾ ਤੋਂ ਮਡੇਰਨਾ ਵੱਲ ਜਾ ਰਹੇ ਸਨ। ਮ੍ਰਿਤਕ ਅਜੇ ਕੁਮਾਰ ਦੇ ਪੁੱਤਰ ਗੁਲਾਬ ਰਾਮ ਦੇ ਬਿਆਨਾਂ 'ਤੇ ਪੀਆਰਟੀਸੀ ਬੱਸ ਦੇ ਡਰਾਈਵਰ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਦੋਵੇਂ ਮ੍ਰਿਤਕਾਂ ਦੇ ਸ਼ਰੀਰ ਪੋਸਟਮਾਰਟਮ ਲਈ ਹਸਪਤਾਲ ਭੇਜੇ ਗਏ ਹਨ। ਪੁਲਸ ਵੱਲੋਂ ਅਗਲੀ ਕਾਰਵਾਈ ਜਾਰੀ ਹੈ।

# ਪਾਵਰਕਾਮ ਨੇ ਡਿਫਾਲਟਰ ਖਪਤਕਾਰਾਂ ਦੇ 11 ਦਿਨਾਂ 'ਚ ਕੱਟੇ 1769 ਕੁਨੈਕਸ਼ਨ, 21 ਕਰੋੜ ਦੇ ਬਕਾਇਆ ਬਿੱਲਾਂ ਦੀ ਰਿਕਵਰੀ

**ਕੌਮੀ ਪਤ੍ਰਿਕਾ**

ਲੁਧਿਆਣਾ 18 ਅਪ੍ਰੈਲ। ਪਾਵਰਕਾਮ ਵਿਭਾਗ ਦੇ ਡਿਫਾਲਟਰ ਖਪਤਕਾਰਾਂ ਦੀ ਸ਼ਾਮਤ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਨਵੰਬਰ ਮਹੀਨੇ ਦੇ ਸ਼ੁਰੂਆਤੀ 11 ਦਿਨਾਂ 'ਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਚੀਫ ਇੰਜੀਨੀਅਰ ਜਗਦੇਵ ਸਿੰਘ ਹਾਂਸ, ਐੱਸ. ਈ. ਈਸਟ ਸੁਰਜੀਤ ਸਿੰਘ, ਐੱਸ. ਈ. ਵੈਸਟ ਕੁਲਵਿੰਦਰ ਸਿੰਘ ਦੀ ਅਗਵਾਈ ਵਾਲੀਆਂ ਵੱਖ-ਵੱਖ ਟੀਮਾਂ ਵਲੋਂ ਲੁਧਿਆਣਾ ਸ਼ਹਿਰ ਨਾਲ ਸਬੰਧਤ 9 ਡਵੀਜ਼ਨਾਂ ਵਿਚ 1769 ਡਿਫਾਲਟਰ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਪਿਛਲੇ ਲੰਬੇ ਸਮੇਂ ਤੋਂ ਬਿਜਲੀ ਦੇ ਬਿੱਲ ਨਾ ਅਦਾ ਕਰਨ ਵਾਲੇ ਡਿਫਾਲਟਰ ਖਪਤਕਾਰਾਂ ਖਿਲਾਫ ਸ਼ਿਕੰਜਾ ਕੱਸਦੇ ਹੋਏ 20 ਕਰੋੜ 92 ਲੱਖ 18 ਹਜ਼ਾਰ ਰੁ. ਦੀ ਭਾਰੀ ਰਿਕਵਰੀ ਕੀਤੀ ਗਈ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਸ਼ਹਿਰ ਦੇ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਘਰਾਣਿਆਂ ਦੇ ਸੰਚਾਲਕਾਂ ਵਿਚ ਲਗਾਤਾਰ ਤਾਬੜਤੋੜ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿਚ ਵਿਭਾਗ ਦੇ



ਡਿਫਾਲਟਰ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਦੇ ਨਾਲ ਹੀ ਮੀਟਰ ਵੀ ਕਬਜ਼ੇ ਵਿਚ ਲਏ ਜਾ ਰਹੇ ਹਨ। ਹਾਲਾਂਕਿ ਇਸ ਦੌਰਾਨ ਚੀਫ ਇੰਜੀਨੀਅਰ ਜਗਦੇਵ ਸਿੰਘ ਹਾਂਸ, ਐੱਸ. ਈ. ਸੁਰਜੀਤ ਸਿੰਘ ਅਤੇ ਐੱਸ. ਈ. ਕੁਲਵਿੰਦਰ ਸਿੰਘ ਵਲੋਂ ਕਾਰਵਾਈ ਦੌਰਾਨ ਡਿਫਾਲਟਰ ਖਪਤਕਾਰਾਂ ਨੂੰ ਬਿਜਲੀ ਦਾ ਬਕਾਇਆ ਖੜ੍ਹਾ ਬਿੱਲ 2 ਤੋਂ 3 ਕਿਸ਼ਤਾਂ ਵਿਚ ਜਮ?ਹਾ ਕਰਵਾਉਣ ਦੀ ਛੋਟ ਵੀ ਦਿੱਤੀ ਜਾ ਰਹੀ ਹੈ, ਤਾਂ ਕਿ ਉਕਤ ਕਿਸੇ ਵੀ ਬਿਜਲੀ ਦਾ ਕੁਨੈਕਸ਼ਨ ਕੱਟੇ ਜਾਣ ਦੀ ਸੂਰਤ ਵਿਚ ਪਰਿਵਾਰ ਨੂੰ ਬਿਜਲੀ ਅਤੇ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਕਿੱਲਤ ਦਾ ਸਾਹਮਣਾ ਨਾ ਕਰਨਾ ਪਵੇ। ਚੀਫ ਇੰਜੀਨੀਅਰ ਜਗਦੇਵ ਸਿੰਘ ਹਾਂਸ ਵਲੋਂ ਪਿਛਲੇ ਲੰਬੇ ਸਮੇਂ ਤੋਂ ਬਕਾਇਆ ਖੜ੍ਹੇ ਬਿਜਲੀ ਦੇ ਬਿੱਲ ਜਮ?ਹਾ ਨਾ ਕਰਵਾਉਣ ਵਾਲੇ ਡਿਫਾਲਟਰ ਖਪਤਕਾਰਾਂ ਨੂੰ ਇਕ ਵਾਰ ਫਿਰ ਅਪੀਲ ਕੀਤੀ ਗਈ ਹੈ ਕਿ ਉਹ ਬਕਾਇਆ ਬਿੱਲਾਂ ਦੀ ਰਾਸ਼ੀ ਪਾਵਰਕਾਮ ਦੇ ਖਜ਼ਾਨੇ ਵਿਚ ਜਮ?ਹਾ ਕਰਵਾਉਣ ਲਈ ਖੁਦ ਅੱਗੇ ਆਉਣ, ਤਾਂ ਕਿ ਬਾਅਦ ਵਿਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ।

## ਮੋਗਾ-ਲੁਧਿਆਣਾ ਰੋਡ 'ਤੇ ਵੱਡਾ ਹਾਦਸਾ: ਖੜ੍ਹੇ ਟਰੱਕ ਨਾਲ ਟਕਰਾਈ ਕਾਰ

ਮੋਗਾ 18 ਅਪ੍ਰੈਲ। ਮੋਗਾ ਦੇ ਲੁਧਿਆਣਾ ਰੋਡ 'ਤੇ ਪਿੰਡ ਮੇਹਣਾ ਦੇ ਨੇੜੇ ਅੱਜ ਭਿਆਨਕ ਸੜਕ ਹਾਦਸਾ ਹੋ ਗਿਆ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਜ਼ਖਮੀ ਹੋ ਗਏ। ਹਾਦਸਾ ਉਦੋਂ ਵਾਪਰਿਆ ਜਦੋਂ ਲੁਧਿਆਣਾ ਤੋਂ ਆ ਰਹੀ ◆20 ਕਾਰ ਸੜਕ ਦੇ ਕਿਨਾਰੇ ਖੜ੍ਹੇ ਟਰੱਕ ਦੇ ਪਿੱਛੇ ਜਾ ਟਕਰਾਈ। ਸੂਚਨਾ ਮਿਲਦਿਆਂ ਹੀ ਮੋਗਾ ਸਮਾਜ ਸੇਵਾ ਸੋਸਾਇਟੀ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਮੋਗਾ ਦੇ ਸਰਕਾਰੀ ਹਸਪਤਾਲ ਪਹੁੰਚਾਇਆ। ਜ਼ਖਮੀਆਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੋਣ ਕਾਰਨ ਉਸਨੂੰ ਮੈਡਿਸਿਟੀ ਹਸਪਤਾਲ ਰੈਫਰ ਕੀਤਾ ਗਿਆ ਹੈ। ਜ਼ਖਮੀ ਗੁਰਜੀਤ ਸਿੰਘ ਨੇ ਦੱਸਿਆ ਕਿ ਉਸਦੇ ਪਿਤਾ ਜੀ ਪਿਛਲੇ 10 ਦਿਨਾਂ ਤੋਂ 4$3 ਲੁਧਿਆਣਾ ਵਿੱਚ ਦਾਖ਼ਲ ਹਨ ਅਤੇ ਮੈਂ ਉਨ੍ਹਾਂ ਦੀ ਦੇਖਭਾਲ ਕਰ ਰਿਹਾ ਸੀ। ਅੱਜ ਮੇਰੇ ਅੰਕਲ ਲੁਧਿਆਣਾ ਆਏ ਸਨ ਅਤੇ ਮੈਂ ਉਨ੍ਹਾਂ ਨਾਲ ਵਾਪਸ ਜੀਰਾ ਜਾ ਰਿਹਾ ਸੀ। ਉਸ ਨੇ ਅੱਗੇ ਦੱਸਿਆ, "ਮੈਂ ਪਿਛਲੀ ਸੀਟ 'ਤੇ ਬੈਠਾ ਸੀ। ਹਾਕਮ ਸਿੰਘ ਕਾਰ ਚਲਾ ਰਿਹਾ ਸੀ ਅਤੇ ਅਜੀਤ ਸਿੰਘ ਸਾਹਮਣੇ ਬੈਠਾ ਸੀ। ਅਚਾਨਕ ਪਤਾ ਨਹੀਂ ਲੱਗਾ ਕਿ ਕਾਰ ਸਿੱਧੀ ਖੜ੍ਹੇ ਟਰੱਕ ਨਾਲ ਟਕਰਾ ਗਈ। ਹਾਕਮ ਸਿੰਘ ਦੀ ਮੌਤ ਹੋ ਗਈ ਹੈ ਅਤੇ ਅਜੀਤ ਸਿੰਘ 4$3 ਵਿੱਚ ਇਲਾਜ ਅਧੀਨ ਹਨ। ਅਸੀਂ ਸਾਰੇ ਜੀਰਾ ਦੇ ਰਹਿਣ ਵਾਲੇ ਹਾਂ। ਥਾਣਾ ਮਿਹਣਾ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਨੇ ਕਿਹਾ ਕਿ ਕਾਰ ਦੀ ਰਫ਼ਤਾਰ ਤੇਜ਼ ਹੋਣ ਜਾਂ ਸੰਤੁਲਨ ਬਿਗੜਣ ਕਾਰਨ ਹਾਦਸਾ ਵਾਪਰਿਆ ਹੋ ਸਕਦਾ ਹੈ। ਟਰੱਕ ਸੜਕ ਦੇ ਕਿਨਾਰੇ ਖੜ੍ਹਾ ਸੀ ਅਤੇ ਕਾਰ ਸਿੱਧੀ ਪਿੱਛੋਂ ਟਕਰਾ ਗਈ।

## ਪਰਾਲੀ ਨਾਲ ਭਰੇ ਇੱਕ ਟਰਾਲੇ ਨੂੰ ਲੱਗੀ ਅੱਗ

ਅਬੋਹਰ 18 ਅਪ੍ਰੈਲ। ਨੇੜਲੇ ਪਿੰਡ ਰਾਮਸਰਾ ਨੇੜੇ ਭਾਗੂ ਰੋਡ 'ਤੇ ਬੀਤੀ ਦੇਰ ਰਾਤ ਪਰਾਲੀ ਨਾਲ ਭਰੇ ਇੱਕ ਟਰਾਲੇ ਨੂੰ ਅੱਗ ਲੱਗ ਗਈ। ਟਰਾਲਾ ਪੂਰੀ ਤਰ੍ਹਾਂ ਸੜ ਗਿਆ, ਅਤੇ ਪਰਾਲੀ ਸੜ ਕੇ ਸੁਆਹ ਹੋ ਗਈ। ਇਸ ਘਟਨਾ ਵਿੱਚ ਟਰੱਕ ਮਾਲਕ ਨੂੰ ਕਰੀਬ 6-7 ਲੱਖ ਰੁਪਏ ਦਾ ਨੁਕਸਾਨ ਹੋਇਆ। ਜਾਣਕਾਰੀ ਅਨੁਸਾਰ ਪਿਰਥੀ ਰਾਮ ਨੇ ਦੱਸਿਆ ਕਿ ਕੱਲ੍ਹ ਉਹ ਰਾਮਸਰਾ ਭਾਗੂ ਰੋਡ 'ਤੇ ਇੱਕ ਖੇਤ ਵਿੱਚ ਝੋਨੇ ਦੀ ਪਰਾਲੀ ਟਰਾਲੇ ਵਿੱਚ ਲੱਦ ਰਿਹਾ ਸੀ। ਉਸਨੇ ਟਰਾਲੇ ਨੂੰ ਬਾਹਰ ਸੜਕ 'ਤੇ ਖੜ੍ਹਾ ਕੀਤਾ ਸੀ ਅਤੇ ਹੋਰ ਮਜ਼ਦੂਰ ਚਾਹ ਪੀ ਰਹੇ ਸਨ ਜਦੋਂ ਇੱਕ ਟਰੈਕਟਰ-ਟਰਾਲੀ ਉੱਥੋਂ ਲੰਘੀ ਅਤੇ ਕੁੱਝ ਹੀ ਪਲਾਂ ਵਿੱਚ ਟਰਾਲੇ ਵਿੱਚ ਪਈ ਪਰਾਲੀ ਨੂੰ ਅੱਗ ਲੱਗ ਗਈ। ਨੇੜਲੇ ਵਸਨੀਕਾਂ ਨੇ ਦੱਸਿਆ ਕਿ ਟਰਾਲੇ ਕੋਲ ਬੈਠੇ ਮਜ਼ਦੂਰਾਂ ਨੇ ਅੱਗ ਲੱਗੀ ਦੇਖ ਆਪਣੀ ਚਾਹ ਤੁਰੰਤ ਛੱਡ ਦਿੱਤੀ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਹਾਲਾਂਕਿ, ਅੱਗ ਇੰਨੀ ਭਿਆਨਕ ਸੀ ਕਿ ਟਰਾਲੇ ਨੇ ਅੱਗ ਦੇ ਗੋਲੇ ਦਾ ਰੂਪ ਧਾਰਨ ਕਰ ਲਿਆ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਪਹੁੰਚੀ, ਪਰ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ।

# ਕੋਲਡ ਸਟੋਰ ਮੈਨੇਜਰ ਦੇ ਘਰ 'ਤੇ ਤਾਬੜਤੋੜ ਗੋਲੀਆਂ ਚਲਾਉਣ ਵਾਲੇ ਦੀ ਹੋਈ ਪਛਾਣ

**ਕੌਮੀ ਪਤ੍ਰਿਕਾ**

ਸਾਹਨੇਵਾਲ 18 ਅਪ੍ਰੈਲ। ਬੀਤੇ ਸ਼ਨੀਵਾਰ ਦੀ ਦੇਰ ਰਾਤ ਥਾਣਾ ਕੂੰਮਕਲਾਂ ਅਧੀਨ ਆਉਂਦੇ ਪਿੰਡ ਲੱਖੋਵਾਲ 'ਚ ਇਕ ਕੋਲਡ ਸਟੋਰ ਦੇ ਮੈਨੇਜਰ ਦੇ ਘਰ ਉੱਪਰ ਚਲਾਈਆਂ ਗਈਆਂ ਤਾਬੜਤੋੜ ਗੋਲੀਆਂ ਦੇ ਮਾਮਲੇ 'ਚ ਥਾਣਾ ਪੁਲਸ ਨੂੰ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਮਿਲ ਗਈ ਹੈ। ਜਿਸ ਦੇ ਬਾਅਦ ਥਾਣਾ ਪੁਲਸ ਨੇ ਕੋਲਡ ਸਟੋਰ ਮੈਨੇਜਰ ਸਤਵੰਤ ਸਿੰਘ ਦੇ ਬਿਆਨਾਂ 'ਤੇ ਵਿਅਕਤੀ ਨੂੰ ਕੇਸ 'ਚ ਨਾਮਜ਼ਦ ਕਰ ਲਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਜੀਵਨ ਸਿੰਘ ਮਾਂਗਟ ਨੇ ਦੱਸਿਆ ਕਿ ਸਤਵੰਤ ਸਿੰਘ ਨੇ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਜਗਜੀਤ ਸਿੰਘ ਉਰਫ ਨੰਨਾ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਲਾਟੋ ਜੋਗਾ, ਥਾਣਾ ਕੂੰਮਕਲਾਂ ਦੇ ਰੂਪ 'ਚ ਹੋਈ ਹੈ। ਸਤਵੰਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਜਗਜੀਤ ਨੰਨਾ ਨਾਲ ਕੋਈ ਰੰਜਿਸ਼ ਜਾਂ ਗੱਲਬਾਤ ਨਹੀਂ ਹੈ, ਬਲਕਿ ਜਗਜੀਤ ਨੰਨਾ ਨਾਲ ਸਤਵੰਤ ਦੀ ਕਦੇ ਕੋਈ ਗੱਲਬਾਤ ਵੀ ਨਹੀਂ ਹੋਈ। ਫਿਰ ਵੀ ਉਸ ਨੇ ਗੋਲੀਬਾਰੀ ਕਿਉਂ ਕੀਤੀ ਇਹ ਗੱਲ ਸਮਝ ਤੋਂ ਬਾਹਰ ਹੈ। ਜਾਂਚ ਅਧਿਕਾਰੀ ਮਾਂਗਟ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਜਗਜੀਤ ਨੰਨਾ ਦੇ ਖਿਲਾਫ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਪੁਲਸ ਉਸਦੀ



ਗ੍ਰਿਫਤਾਰੀ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ ਅਤੇ ਜਲਦ ਹੀ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦੱਸਣਯੋਗ ਹੈ ਕਿ ਇਸ ਗੋਲੀਬਾਰੀ 'ਚ ਸਤਵੰਤ ਸਿੰਘ ਦਾ ਲੜਕਾ ਜੋਬਨਪ੍ਰੀਤ ਸਿੰਘ ਜ਼ਖਮੀ ਹੋ ਗਿਆ ਸੀ। ਕੋਲਡ ਸਟੋਰ ਮੈਨੇਜਰ ਸਤਵੰਤ ਸਿੰਘ ਦੇ ਘਰ ਉਪਰ ਕਥਿਤ ਰੂਪ ਨਾਲ ਅੰਨ੍ਹੇਵਾਹ ਗੋਲੀਆਂ ਚਲਾਉਣ ਵਾਲਾ ਜਗਜੀਤ ਸਿੰਘ ਨੰਨਾ ਹੁਣ ਪੁਲਸ ਤੋਂ ਬਚਣ ਲਈ ਆਪਣੇ ਸਿਆਸੀ ਆਕਾਵਾਂ ਦੀ ਸ਼ਰਨ ਲੈਣ ਦੀ ਕੋਸ਼ਿਸ਼ ਕਰਦਾ ਦੱਸਿਆ ਜਾ ਰਿਹਾ ਹੈ। ਸੂਤਰ ਦੱਸਦੇ ਹਨ ਕਿ ਨੰਨਾ ਹੁਣ ਪੁਲਸ ਤੋਂ ਬਚਣ ਦਾ ਰਸਤਾ ਲੱਭ ਰਿਹਾ ਹੈ ਅਤੇ ਇਸ ਲਈ ਉਹ ਕੁਝ ਸਿਆਸੀ ਆਗੂਆਂ ਦੀਆਂ ਮਿੰਨਤਾਂ-ਤਰਲੇ ਕੱਢ ਰਿਹਾ ਹੈ। ਪਰ ਮਾਮਲਾ ਜ਼ਿਆਦਾ ਗੰਭੀਰ ਹੋਣ ਅਤੇ ਆਮ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਹੋਣ ਕਰਕੇ ਸਿਆਸੀ ਆਕਾ ਵੀ ਛੇਤੀ ਕਿਤੇ ਨੰਨਾ ਨੂੰ ਆਪਣੀ ਸ਼ਰਨ ਦਿੰਦੇ ਹੋਏ ਵਿਖਾਈ ਨਹੀਂ ਦਿੰਦੇ। ਦੂਜੇ ਪਾਸੇ ਲਗਾਤਾਰ ਛਾਪੇਮਾਰੀ ਕਾਰਨ ਪੁਲਸ ਦੇ ਵੱਧ ਰਹੇ ਦਬਾਅ ਨੂੰ ਝੱਲ ਪਾਉਣਾ ਵੀ ਨੰਨਾ ਲਈ ਔਖਾ ਹੁੰਦਾ ਜਾ ਰਿਹਾ ਹੈ। ਹਨ। ਪੁਲਿਸ ਇਸ ਵਿਅਕਤੀ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਨਨਾ ਆਪਣੇ ਕਰੀਬੀ ਰਾਜਨੀਤਕ ਆਕਾਵਾਂ ਤੱਕ ਪਹੁੰਚ ਕਰਕੇ ਕਿਸੇ ਪ੍ਰਕਾਰ ਪੁਲਿਸ ਤੋਂ ਬਚਣ ਦਾ ਰਾਹ ਲੱਭ ਰਿਹਾ ਹੈ ਜਦੋਂ ਕਿ ਪੁਲਸ ਉਸ ਦੀ ਭਾਲ ਕਰ ਰਹੀ ਹੈ।

## ਅਮਰੀਕਾ ਭੇਜਣ ਦੇ ਨਾਂ 'ਤੇ 32.55 ਲੱਖ ਦੀ ਠੱਗੀ, ਪਤੀ-ਪਤਨੀ ਖ਼ਿਲਾਫ਼ ਪਰਚਾ

ਫਿਰੋਜ਼ਪੁਰ 18 ਅਪ੍ਰੈਲ। ਇੱਕ ਵਿਅਕਤੀ ਨੂੰ ਅਮਰੀਕਾ ਭੇਜਣ ਦਾ ਲਾਰਾ ਲਗਾ ਕੇ ਉਸ ਕੋਲੋਂ ਲੱਖਾਂ ਰੁਪਏ ਠੱਗਣ ਦੇ ਮਾਮਲੇ 'ਚ ਪੁਲਸ ਨੇ ਜਾਂਚ ਉਪਰੰਤ ਪਤੀ-ਪਤਨੀ ਦੇ ਖ਼?ਲਾਫ਼ ਪਰਚਾ ਦਰਜ ਕੀਤਾ ਹੈ। ਏ. ਐੱਸ. ਆਈ. ਖੁਸ਼ੀਆ ਸਿੰਘ ਦੇ ਅਨੁਸਾਰ ਗੁਰਬਖਸ਼ ਸਿੰਘ ਪਿੰਡ ਮੋਹਨ ਕੇ ਹਿਠਾੜ ਨੇ ਮਈ ਮਹੀਨੇ ਵਿਚ ਜ਼ਿਲ੍ਹਾ ਪੁਲਸ ਨੂੰ ਸ਼ਿਕਾਇਤ ਦੇ ਦੱਸਿਆ ਸੀ ਕਿ ਉਸ ਨੇ ਅਮਰੀਕਾ ਅਧਿਕਾਰਕ ਤੌਰ 'ਤੇ ਜਾਣ ਦੇ ਲਈ ਅਤੁਲ ਪੁਰੀ ਅਤੇ ਉਸਦੀ ਪਤਨੀ ਸਾਕਸ਼ੀ ਪੁਰੀ ਵਾਸੀ ਫਿਰੋਜ਼ਪੁਰ ਸਿਟੀ ਦੇ ਨਾਲ ਸੰਪਰਕ ਕੀਤਾ। ਉਸ ਨੇ ਦੱਸਿਆ ਕਿ ਉਕਤ ਦੋਹਾਂ ਨੂੰ ਉਹ ਆਪਣੇ ਦਸਤਾਵੇਜ਼ ਅਤੇ ਵੱਖ-ਵੱਖ ਸਮੇਂ ਦੌਰਾਨ ਕਰੀਬ 32 ਲੱਖ 55 ਹਜ਼ਾਰ ਰੁਪਏ ਦੇ ਚੁੱਕਾ ਹੈ। ਪੈਸੇ ਦੇਣ ਤੋਂ ਕਾਫੀ ਸਮਾਂ ਬਾਅਦ ਤੱਕ ਜਦ ਨਾ ਤਾਂ ਉਕਤ ਦੋਹਾਂ ਨੇ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਉਸਦੇ ਪੈਸੇ ਵਾਪਸ ਮੋੜੇ ਤਾਂ ਉਸ ਨੇ ਇਸਦੀ ਸ਼ਿਕਾਇਤ ਪੁਲਸ ਕੋਲ ਕੀਤੀ। ਏ. ਐੱਸ. ਆਈ. ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਵਿਚ ਦੋਸ਼ ਸਹੀ ਪਾਨ ਜਾਣ 'ਤੇ ਸਾਕਸ਼ੀ ਪੁਰੀ ਅਤੇ ਅਤੁਲ ਪੁਰੀ ਦੇ ਖ਼?ਲਾਫ਼ ਧੋਖਾਧੜੀ ਦਾ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆਉਂਦੀ ਜਾ ਰਹੀ ਹੈ।

# ਆਪਣੇ ਹੀ ਬੱਚੇ ਨੂੰ ਮਾਰਨ ਵਾਲੇ ਪਿਤਾ ਨੂੰ ਉਮਰ ਕੈਦ

**ਕੌਮੀ ਪਤ੍ਰਿਕਾ**

ਮੋਹਾਲੀ 18 ਅਪ੍ਰੈਲ। ਆਪਣੇ ਹੀ 5 ਮਹੀਨੇ ਦੇ ਬੱਚੇ ਸਾਰਥਕ ਦੇ ਕਤਲ ਮਾਮਲੇ 'ਚ ਪਿਤਾ ਅਭਿਸ਼ੇਕ ਸ਼ਰਮਾ ਵਾਸੀ ਦੇਹਰਾਦੂਨ ਖ਼?ਲਾਫ਼ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਜ਼ਿਲ੍ਹਾ ਸੈਸ਼ਨ ਜੱਜ ਅਤੁਲ ਕਸਾਨਾ ਦੀ ਅਦਾਲਤ ਵੱਲੋਂ ਦੋਸ਼ੀ ਅਭਿਸ਼ੇਕ ਸ਼ਰਮਾ ਨੂੰ ਕਤਲ ਦੀ ਧਾਰਾ-302 'ਚ ਉਮਰ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਮਾਮਲੇ ਦੀ ਪੈਰਵਾਈ ਕਰ ਰਹੇ ਐਡੀਸ਼ਨਲ ਸਰਕਾਰੀ ਵਕੀਲ ਭਰਪੂਰ ਸਿੰਘ ਨੇ ਦੱਸਿਆ ਕਿ ਬੱਚੇ ਸਾਰਥਕ ਦੀ ਮਾਂ ਨਿਕਿਤਾ ਨੇ ਥਾਣਾ ਜ਼ੀਰਕਪੁਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਉਸ ਦਾ ਵਿਆਹ ਨਵੰਬਰ 2020 ਨੂੰ ਅਭਿਸ਼ੇਕ ਵਾਸੀ ਦੇਹਰਾਦੂਨ ਨਾਲ ਹੋਇਆ ਸੀ। ਮਾਰਚ 2021 'ਚ ਉਹ ਜ਼ੀਰਕਪੁਰ ਵਿਖੇ ਕਿਰਾਏ ਦੇ ਮਕਾਨ 'ਚ ਆ ਕੇ ਰਹਿਣ ਲੱਗ ਪਏ, ਕਿਉਂਕਿ ਉਸ ਦੇ ਪਤੀ ਦੀ ਚੰਡੀਗੜ੍ਹ ਵਿਖੇ ਨੌਕਰੀ ਲੱਗ ਗਈ ਸੀ। ਇਸੇ ਹੀ ਮਕਾਨ 'ਚ ਉਸ ਦੇ ਪੁੱਤਰ ਸਾਰਥਕ ਨੇ ਜਨਵਰੀ 2022 ਨੂੰ ਜਨਮ ਲਿਆ। ਉਸ ਦੀ ਪਤੀ ਨਾਲ ਮਾਮੂਲੀ ਤਕਰਾਰ ਹੁੰਦੀ ਰਹਿੰਦੀ ਸੀ। ਉਸ ਦੇ ਪਤੀ ਨੂੰ



ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਹੁੰਦੀ ਸੀ, ਜਿਸ ਕਰਕੇ 11 ਜੂਨ 2022 ਨੂੰ ਉਹ ਸਹੁਰੇ ਘਰ ਗਏ, ਜਿੱਥੇ ਉਨ੍ਹਾਂ ਦੀ ਸਹੁਰਾ ਪਰਿਵਾਰ ਨਾਲ ਤਕਰਾਰਬਾਜ਼ੀ ਹੋ ਗਈ ਅਤੇ ਸਹੁਰਾ ਪਰਿਵਾਰ ਨੇ ਉਸ ਨੂੰ ਘਰੋਂ ਕੱਢ ਦਿੱਤਾ। ਉਹ ਪਤੀ ਨਾਲ ਵਾਪਸ ਜ਼ੀਰਕਪੁਰ ਆ ਗਈ ਤਾਂ ਉਸ ਦੇ ਪਤੀ ਨੇ ਉਸ ਨਾਲ ਝਗੜਾ ਸ਼ੁਰੂ ਕਰ ਦਿੱਤਾ। ਉਸ ਨੂੰ ਕਮਰੇ 'ਚੋਂ ਬਾਹਰ ਕੱਢ ਕੇ ਅੰਦਰੋਂ ਕੁੰਡੀ ਲਾ ਲਈ ਤੇ ਉਸ ਦਾ ਪੁੱਤਰ ਵੀ ਆਪਣੇ ਕੋਲ ਰੱਖ ਲਿਆ। ਉਹ ਆਪਣੀ ਭੈਣ ਦੇ ਘਰ ਢਕੋਲੀ ਚੱਲੀ ਗਈ ਅਤੇ ਆਪਣੇ ਪਿਤਾ ਨੂੰ ਫੋਨ ਕਰਕੇ ਉਕਤ ਸਾਰੀ ਗੱਲ ਦੱਸੀ। 13 ਜੂਨ 2022 ਨੂੰ ਉਹ ਆਪਣੇ ਮਾਤਾ-ਪਿਤਾ ਨਾਲ ਆਪਣੇ ਘਰ ਜ਼ੀਰਕਪੁਰ ਵਿਖੇ ਆਈ ਤਾਂ ਦੇਖਿਆ ਕਿ ਉਸ ਦਾ ਬੱਚਾ ਬੇਸੁੱਧ ਪਿਆ ਸੀ, ਜਿਸ ਦਾ ਸੱਜਾ ਹੱਥ, ਸੱਜਾ ਕੰਨ, ਸੱਜੀ ਲੱਤ ਅਤੇ ਬੁੱਲ ਨੀਲੇ ਹੋਏ ਪਏ ਸਨ। ਉਸ ਨੇ ਆਪਣੇ ਪਤੀ ਨੂੰ ਬੱਚੇ ਦੀ ਇਸ ਹਾਲਤ ਬਾਰੇ ਪੁੱਛਿਆਂ ਤਾਂ ਉਸ ਨੇ ਅੱਗੋਂ ਜਵਾਬ ਦਿੱਤਾ ਕਿ ਕੱਲ ਹੀ ਉਸ ਨੇ ਬੱਚੇ ਦੇ ਮੂੰਹ 'ਤੇ ਹੱਥ ਰੱਖ ਕੇ ਸਾਹ ਰੋਕ ਕੇ ਉਸ ਨੂੰ ਮਾਰ ਦਿੱਤਾ ਸੀ। ਪੁਲਸ ਨੇ ਅਭਿਸ਼ੇਕ ਖ਼?ਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਜਦੋਂ ਅਭਿਸ਼ੇਕ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਸ ਨੇ ਆਪਣੀ ਬਾਂਹ 'ਤੇ ਬਲੇਡ ਮਾਰ ਕੇ ਆਪਣੇ-ਆਪ ਨੂੰ ਜ਼ਖ਼ਮੀ ਕੀਤਾ ਹੋਇਆ ਸੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸੰਪਾਦਕੀ

### ਭਾਰਤ ਵਿਚ ਵੋਟ ਦੇ ਅਧਿਕਾਰ ਨੂੰ ਖ਼ਤਰਾ

ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ’ਚੋਂ ਨਾਮ ਕੱਟੇ ਜਾਣ ਖ਼ਿਲਾਫ਼ ਟ੍ਰਿਬਿਊਨਲਾਂ ਕੋਲ ਅਪੀਲਾਂ ਦਾਇਰ ਕਰਨ ਵਾਲੇ ਲੱਖਾਂ ਵੋਟਰਾਂ ਲਈ ਸਮਾਂ ਤੇਜ਼ੀ ਨਾਲ ਬੀਤ ਰਿਹਾ ਹੈ। ਸੁਪਰੀਮ ਕੋਰਟ ਨੇ ਪ੍ਰਭਾਵਿਤ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਲਈ ਹੁਕਮ ਜਾਰੀ ਕਰਨ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਹੈ ਕਿ ਉਨ੍ਹਾਂ ਸਮੇਂ ਤੋਂ ਪਹਿਲਾਂ ਅਪੀਲ ਦਾਇਰ ਕੀਤੀ ਹੈ ਅਤੇ ਉਨ੍ਹਾਂ ਨੂੰ ਅਪੀਲੀ ਅਫਸਰਾਂ ਕੋਲ ਆਪਣੇ ਕਾਨੂੰਨੀ ਦਾਅਵੇ ਪੇਸ਼ ਕਰਨੇ ਚਾਹੀਦੇ ਹਨ। ਸੂਬੇ ਵਿੱਚ 23 ਅਤੇ 29 ਅਪਰੈਲ ਨੂੰ ਦੋ ਪੜਾਵਾਂ ਵਿੱਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਨਿਆਂਇਕ ਅਧਿਕਾਰੀਆਂ ਸਾਹਮਣੇ ਕਾਫ਼ੀ ਚੁਣੌਤੀਆਂ ਹਨ।

ਬੰਗਾਲ ਵਿੱਚ ਵੋਟਰ ਸੂਚੀਆਂ ਦੀ ਵਿਆਪਕ ਸੁਧਾਈ (ਐੱਸ ਆਈ ਆਰ) ਦੀ ਸ਼ੁਰੂਆਤ ਤੋਂ ਹੀ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਅਤੇ ਭਾਰਤੀ ਚੋਣ ਕਮਿਸ਼ਨ (ਈ ਸੀ ਆਈ) ਵਿਚਾਲੇ ਟਕਰਾਅ ਬਣਿਆ ਹੋਇਆ ਹੈ। ਵੋਟਰਾਂ ਦੇ ਨਾਮ ‘ਸਿਆਸਤ ਤੋਂ ਪ੍ਰੇਰਿਤ’ ਹੋ ਕੇ ਕੱਟਣ ਦੇ ਲਾਏ ਜਾ ਰਹੇ ਦੋਸ਼ਾਂ ਕਾਰਨ ਪਿਛਲੇ ਕਈ ਮਹੀਨਿਆਂ ਤੋਂ ਐੱਸ ਆਈ ਆਰ ਦੀ ਪੂਰੀ ਪ੍ਰਕਿਰਿਆ ਨਿਆਂਇਕ ਜਾਂਚ ਦੇ ਘੇਰੇ ਵਿੱਚ ਹੈ। ਹੁਣ ਟ੍ਰਿਬਿਊਨਲਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਪੀਲਾਂ ਦਾ ਤੇਜ਼ੀ ਨਾਲ ਨਿਬੇੜਾ ਕਰਨ। ਹਾਲਾਂਕਿ ਵੱਡੀ ਪੱਧਰ ’ਤੇ ਅਰਜ਼ੀਆਂ ਦਾ ਨਿਬੇੜਾ ਹੋ ਚੁੱਕਿਆ ਹੈ, ਪਰ ਪ੍ਰਭਾਵਿਤ ਵੋਟਰਾਂ ਦੇ ਤੌਖ਼ਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਆਖਿਆ ਹੈ ਕਿ ਵੋਟ ਦਾ ਅਧਿਕਾਰ ਨਾ ਸਿਰਫ਼ ਸੰਵਿਧਾਨਕ ਹੱਕ ਹੈ ਸਗੋਂ ਭਾਵਨਾਵਾਂ ਨਾਲ ਡੂੰਘਾ ਜੁੜਿਆ ਹੋਇਆ ਹੈ। ਇਹ ਅਧਿਕਾਰ ਵਿਅਕਤੀ ਦੀ ਆਪਣੀ ਹੋਂਦ ਅਤੇ ਨਾਗਰਿਕਤਾ ਦਾ ਪ੍ਰਤੀਕ ਹੈ।

ਜਦੋਂ ਕਿਸੇ ਨੂੰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰਨ ਜਾਂ ਹਿਰਾਸਤ ਵਿੱਚ ਲਏ ਜਾਣ ਕਾਰਨ ਇਹ ਮੁੱਦਾ ਪ੍ਰਤੀਕਿਰਿਆਵਾਂ ਅਤੇ ਤਕਨੀਕੀ ਨੁਕਤਿਆਂ ਤੋਂ ਅਗਾਂਹ ਲੰਘ ਗਿਆ ਹੈ। ਯੋਗ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਹੋਣ ਦੇਣ ਲਈ ਨਾਮ ਕੱਟਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਅਪੀਲਾਂ ਦਾ ਨਿਬੇੜਾ ਜਲਦੀ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪੱਛਮੀ ਬੰਗਾਲ ਵਿੱਚ ਹਾਲਾਤ ਹੋਰ ਵੀ ਮਾੜੇ ਹੋ ਗਏ ਹਨ ਕਿਉਂਕਿ ਕੇਂਦਰ-ਰਾਜ ਵਿਚਾਲੇ ਟਕਰਾਅ ਸਿਰਫ਼ ਐੱਸ ਆਈ ਆਰ ਵਿਵਾਦ ਤੱਕ ਸੀਮਤ ਨਹੀਂ ਰਿਹਾ। ਟੀ ਐੱਮ ਸੀ ਲਈ ਕੰਮ ਕਰਨ ਵਾਲੀ ਸਲਾਹਕਾਰ ਫਰਮ ਇੰਡੀਅਨ ਪੋਲੀਟੀਕਲ ਐਕਸ਼ਨ ਕਮੇਟੀ (ਆਈ ਪੀ ਏ ਸੀ) ਦੇ ਸਹਿ ਸੰਸਥਾਪਕ ਵਿਨੇਸ਼ ਚੰਦੇਲ ਦੀ ਹਵਾਲਾ ਮਾਮਲੇ ਵਿੱਚ ਈ ਡੀ ਵੱਲੋਂ ਗ੍ਰਿਫ਼ਤਾਰੀ ਨੇ ਦੋਵੇਂ ਧਿਰਾਂ ਵਿਚਾਲੇ ਬਲਦੀ ’ਤੇ ਤੇਲ ਦਾ ਕੰਮ ਕੀਤਾ ਹੈ। ਦਿਨੋਂ-ਦਿਨ ਵਧ ਰਹੇ ਇਸ ਸਿਆਸੀ ਤਣਾਅ ਦੌਰਾਨ ਬੰਗਾਲ ਵਿੱਚ ਸੁਤੰਤਰ ਅਤੇ ਨਿਰਪੱਖ ਚੋਣਾਂ ਕੇਂਦਰੀ ਸੰਸਥਾਵਾਂ ਦੀ ਭਰੋਸੇਯੋਗਤਾ ਅਤੇ ਸੂਬਾਈ ਅਧਿਕਾਰੀਆਂ ਦੇ ਸਹਿਯੋਗ ’ਤੇ ਨਿਰਭਰ ਕਰਦੀਆਂ ਹਨ। ਅਜਿਹਾ ਹਰ ਹਾਲ ਹੋਣਾ ਚਾਹੀਦਾ ਹੈ।

## ਡਿਪਟੀ ਕਮਿਸ਼ਨਰ ਵਲੋਂ ਡਾ. ਬੀ.ਆਰ.ਅੰਬੇਡਕਰ ਦੇ ਸਿਖਿਅਤ ਬਣੋ ਦੇ ਸੰਕਲਪ ਨੂੰ ਵੱਧ ਤੋਂ ਵੱਧ ਫੈਲਾਉਣ ਦਾ ਸੱਦਾ

**ਹੁਸ਼ਿਆਰਪੁਰ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ 135ਵੀਂ ਜੈਅੰਤੀ ਮੌਕੇ ਅੱਜ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਬਾਬਾ ਸਾਹਿਬ ਦੇ ਬੁੱਤ ’ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੱਦਾ ਦਿੱਤਾ ਕਿ ਭਾਰਤ ਰਤਨ ਡਾ. ਅੰਬੇਡਕਰ ਵਲੋਂ ਸਿਖਿਅਤ ਬਣੋ ਦੇ ਦਿੱਤੇ ਸੰਕਲਪ ਨੂੰ ਵੱਧ ਤੋਂ ਵੱਧ ਫੈਲਾਅ ਕੇ ਬੱਚਿਆਂ ਨੂੰ ਸਿਖਿਅਤ ਬਣਾਇਆ ਜਾਵੇ ਤਾਂ ਜੋ ਉਨ੍ਹਾਂ ਵਲੋਂ ਸੰਜੋਏ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕੇ।



ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਅਤੇ ਬੱਚਿਆਂ ਸਮੇਤ ਲੋਕਾਂ ਨੂੰ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਬਾਬਾ ਸਾਹਿਬ ਦੇ ਸੰਘਰਸ਼ਮਈ ਜੀਵਨ ਅਤੇ ਸੰਵਿਧਾਨ ਦੇ ਨਿਰਮਾਣ ਵਿਚ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਦੇਸ਼ ਵਾਸੀਆਂ ਲਈ ਹਮੇਸ਼ਾ ਰਾਹ ਦਸੇਰਾ ਰਹੇਗਾ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਵਲੋਂ ਦੇਸ਼ ਵਾਸੀਆਂ ਨੂੰ ਦਿੱਤੇ ਸੰਵਿਧਾਨ ਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲਦੀ ਜੋ ਕਿ ਸਮਾਨਤਾ, ਨਿਆ, ਮਨੁੱਖੀ ਅਧਿਕਾਰਾਂ, ਔਰਤਾਂ ਦੇ ਹੱਕਾਂ ਅਤੇ ਦੇਸ਼ ਨੂੰ ਇਕ ਮਾਲਾ ਵਿਚ ਪਰੋਣ ਦੀ ਗਵਾਹੀ ਭਰਦਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਨਿਰਮਾਤਾ ਦਾ ਸਾਰਾ ਜੀਵਨ ਸੰਘਰਸ਼ ਭਰਪੂਰ ਰਿਹਾ ਜਿਸ ਦੌਰਾਨ ਉਨ੍ਹਾਂ ਨੇ ਹਰ ਵਰਗ ਨੂੰ ਬਰਾਬਰੀ ਦੀ ਪੁਰਜ਼ੋਰ ਵਕਾਲਤ ਕੀਤੀ ਅਤੇ ਉਨ੍ਹਾਂ ਦੇ ਆਦਰਸ਼ਾਂ ਤੋਂ ਸਾਰਿਆਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਤਾਂ ਜੋ ਸਿਹਤਮੰਦ ਸਮਾਜ ਦੇ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੱਚਿਆਂ ਨੂੰ ਡਾ. ਅੰਬੇਡਕਰ ਅਤੇ ਦੇਸ਼ ਦੀਆਂ ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਪੜ੍ਹਨ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਨੌਜਵਾਨਾਂ ਨੂੰ ਉਨ੍ਹਾਂ ਵਲੋਂ ਕੀਤੇ ਸੰਘਰਸ਼ਾਂ ਬਾਰੇ ਜਾਨਣ ਦਾ ਮੌਕਾ ਮਿਲੇ ਅਤੇ ਉਹ ਸਮਾਜ ਤੇ ਦੇਸ਼ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਧਿਕਾਰੀ ਹਰਪਾਲ ਸਿੰਘ ਗਿੱਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ, ਕਰਮਚਾਰੀ ਅਤੇ ਬੱਚੇ ਮੌਜੂਦ ਸਨ ਜਿਨ੍ਹਾਂ ਨੇ ਵੀ ਡਾ. ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਜ਼ਿਲ੍ਹਾ ਪ੍ਰਸ਼ਾਸਨ ਨੇ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਦੀ 135ਵੀਂ ਜਨਮ ਵਰ੍ਹੇਗੰਢ ਪੂਰੇ ਉਤਸ਼ਾਹ ਨਾਲ ਮਨਾਈ

**ਅੰਮ੍ਰਿਤਸਰ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੰਮ੍ਰਿਤਸਰ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੀ 135ਵੀਂ ਜਨਮ ਵਰ੍ਹੇਗੰਢ ਪੂਰੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰੋਹਿਤ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਪਰਮਜੀਤ ਕੌਰ, ਐੱਸ.ਡੀ.ਐੱਮ.-1 ਸ੍ਰੀਮਤੀ ਅਲਕਾ ਕਾਲੀਆ, ਐੱਸ.ਡੀ.ਐੱਮ.-2 ਗੁਰਮੰਦਰ ਸਿੰਘ, ਐੱਸ.ਡੀ.ਐੱਮ. ਲੋਪੋਕੇ ਖੁਸ਼ਪ੍ਰੀਤ ਸਿੰਘ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਸ੍ਰੀ ਪਲੱਵ ਸ਼੍ਰੇਸ਼ਠਾ ਸਮੇਤ ਹੋਰ ਜ਼ਿਲ੍ਹਾ ਅਧਿਕਾਰੀਆਂ ਨੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਉੱਪਰ ਫੁੱਲ ਚੜ੍ਹਾ ਕੇ ਆਪਣਾ ਸਤਿਕਾਰ ਭੇਟ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ ਉੱਪਰ ਚੱਲਦੇ ਹੋਏ ਇੱਕ ਬਰਾਬਰੀ ਵਾਲੇ ਅਤੇ ਪ੍ਰਗਤੀਸ਼ੀਲ ਸਮਾਜ ਦੀ ਸਿਰਜਨਾ ਕਰਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਦਿਖਾਏ ਗਏ ਮਾਰਗ ਤੇ ਚੱਲਣਾ ਹੀ ਬਾਬਾ ਸਾਹਿਬ ਨੂੰ ਸਭ ਤੋਂ ਢੁਕਵੀਂ ਸ਼ਰਧਾਂਜਲੀ ਹੈ।ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਯੋਗਦਾਨ ਨੂੰ ਉਜਾਗਰ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਨਤਾ, ਭਾਈਚਾਰੇ ਅਤੇ ਮਨੁੱਖਤਾ ਲਈ ਸਮਰਪਿਤ ਕਰ ਦਿੱਤਾ ਅਤੇ ਦੱਬੇ-ਕੁਚਲੇ ਵਰਗ ਦੇ ਉਥਾਨ ਲਈ ਬਹੁਤ ਯਤਨ ਕੀਤੇ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਦਾ ਸਮਾਜਿਕ ਅਤੇ ਰਾਜਨੀਤਿਕ ਸਮਾਨਤਾ ਦਾ ਦ੍ਰਿਸ਼ਟੀਕੋਣ ਅੱਜ ਵੀ ਓਨਾ ਹੀ ਪ੍ਰਸੰਗਕ ਹੈ ਜਿੰਨਾ ਪਹਿਲਾਂ ਸੀ ਡਾ. ਅੰਬੇਡਕਰ ਨੂੰ ਇੱਕ ਵਿਸ਼ਾਲ ਵਿਸ਼ਵ-ਵਿਆਪੀ ਸ਼ਖ਼ਸੀਅਤ ਦੱਸਦੇ ਹੋਏ, ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਇੱਕ ਸਮਾਵੇਸ਼ੀ ਅਤੇ ਨਿਆਂਪੂਰਨ ਸਮਾਜ ਬਣਾਉਣ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸੁਪਨਿਆਂ ਦਾ ਸਮਾਜ ਸਿਰਜਣ ਅਤੇ ਦੱਬੇ-ਕੁਚਲੇ ਵਰਗ ਦੇ ਉਥਾਨ ਲਈ ਪੂਰੀ ਸੁਹਿਰਦਤਾ ਨਾਲ ਯਤਨ ਆਪਣੇ ਯਤਨ ਕਰਦਾ ਰਹੇਗਾ।

## ਆਂਗਣਵਾੜੀ ਕੇਂਦਰਾਂ ਵਿੱਚ ਵਿਸਾਖੀ ਦਾ ਤਿਉਹਾਰ ਮਨਾਇਆ

**ਬਠਿੰਡਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਠਿੰਡਾ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਜਾਣਕਾਰੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀ ਪੰਕਜ ਕੁਮਾਰ ਨੇ ਸਾਂਝੀ ਕੀਤੀ।



ਮਨਾਏ ਗਏ ਇਸ ਵਿਸਾਖੀ ਦੇ ਤਿਉਹਾਰ ਦੌਰਾਨ ਛੋਟੇ ਬੱਚਿਆਂ ਅਤੇ ਮਾਤਾਵਾਂ ਨੂੰ ਵਿਸਾਖੀ ਦੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ।ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਕੇਂਦਰਾਂ ਨੂੰ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਅਤੇ ਬੱਚਿਆਂ ਨੂੰ ਪੰਜਾਬੀ ਰਿਵਾਇਤੀ ਪਹਿਰਾਵੇ ਪਹਿਨਾ ਕੇ ਭੰਗੜਾ ਅਤੇ ਗਿੱਧਾ ਕਰਵਾਇਆ ਗਿਆ। ਬੱਚਿਆਂ ਨੇ ਕਵਿਤਾਵਾਂ, ਗੀਤਾਂ ਅਤੇ ਛੋਟੇ-ਛੋਟੇ ਨਾਟਕਾਂ ਰਾਹੀਂ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।

ਇਸ ਤੋਂ ਇਲਾਵਾ ਮਾਤਾਵਾਂ ਨੂੰ ਪੋਸ਼ਣ, ਸਿਹਤ ਅਤੇ ਬੱਚਿਆਂ ਦੀ ਸੰਭਾਲ ਸੰਬੰਧੀ ਜਾਗਰੂਕਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਸੰਤੁਲਿਤ ਖੁਰਾਕ ਅਤੇ ਸਫਾਈ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀ ਪੰਕਜ ਕੁਮਾਰ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮਾਂ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ ਅਤੇ ਉਹਨਾਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਿਆ ਜਾਂਦਾ ਹੈ।

ਇਸ ਮੌਕੇ ਸਾਰੇ ਹਾਜ਼ਰੀਨਾਂ ਵੱਲੋਂ ਇਕ-ਦੂਜੇ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਗਿਆ।

## ਸੰਯੁਕਤ ਡਾਇਰੈਕਟਰ ਖੇਤੀਬਾੜੀ ਵੱਲੋਂ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਦੀ ਚੈਕਿੰਗ

**ਹੁਸ਼ਿਆਰਪੁਰ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਮਿਆਰੀ ਅਤੇ ਸਮੇਂ ਸਿਰ ਖੇਤੀ ਸਮਗਰੀ ਉਪਲਬਧ ਕਰਵਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਰਾਜ ਪੱਧਰੀ ਨਿਗਰਾਨ ਟੀਮਾਂ ਵਲੋਂ ਸਮੂਹ ਜ਼ਿਲ੍ਹਿਆਂ ਵਿਚ ਖਾਦ ਡੀਲਰਾਂ ਦੀਆਂ ਦੁਕਾਨਾਂ , ਗੋਦਾਮਾਂ ਅਤੇ ਪਲਾਈ ਵੁਡ ਉਦਯੋਗਿਕ ਇਕਾਈਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਇਸ ਮੁਹਿੰਮ ਤਹਿਤ ਜ਼ਿਲਾ ਹੁਸ਼ਿਆਰਪੁਰ ਵਿਚ ਰਾਜ ਪੱਧਰੀ ਟੀਮ ਵੱਲੋਂ ਗੜ੍ਹਸ਼ੰਕਰ, ਮਾਹਿਲਪੁਰ, ਚੱਬੇਵਾਲ, ਹੁਸ਼ਿਆਰਪੁਰ ਅਤੇ ਮੁਕੇਰੀਆਂ ਵਿਚ ਖਾਦ ਵਿਕ੍ਰੇਤਾਵਾਂ ਦੇ ਗੁਦਾਮਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ ਭੂੰਗਾ ਅਤੇ ਹੁਸ਼ਿਆਰਪੁਰ ਵਿਚ ਸਥਿਤ ਪਲਾਈ ਉਦਯੋਗਿਕ ਇਕਾਈਆਂ ਦੀ ਵੀ ਚੈਕਿੰਗ ਕੀਤੀ ਗਈ ।

ਇਸ ਟੀਮ ਵਿਚ ਡਾਕਟਰ ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ, ਡਾਕਟਰ ਦੀਪਇੰਦਰ ਸਿੰਘ ਮੁੱਖ ਖੇਤੀਬਾੜੀ ਅਫ਼ਸਰ,ਡਾਕਟਰ ਗੁਰਪ੍ਰੀਤ ਸਿੰਘ, ਡਾਕਟਰ ਸਿਮਰਨਜੀਤ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਡਾਕਟਰ ਮਿੱਤਰਮਾਨ ਸਿੰਘ ਖੇਤੀਬਾੜੀ ਵਿਕਾਸ ਅਫਸਰ ਅਤੇ ਹੋਰ ਅਧਿਕਾਰੀ ਸ਼ਾਮਿਲ ਸਨ।

ਟੀਮ ਵੱਲੋਂ ਇਹ ਪਾਇਆ ਗਿਆ ਕਿ ਕਿਸਾਨਾਂ ਖਾਸ ਕਰਕੇ ਵੱਡੇ ਕਿਸਾਨਾਂ ਵਲੋਂ ਸਾਉਣੀ ਦੀਆਂ ਫ਼ਸਲਾਂ ਲਈ ਲੋੜੀਂਦੀ ਯੂਰੀਆ ਖਾਦ ਦਾ ਹੁਣ ਤੋਂ ਹੀ ਸਟਾਕ ਕੀਤਾ ਜਾ ਰਿਹਾ ਹੈ, ਜਿਸ ਨਾਲ ਛੋਟੇ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਸਿਫਾਰਸ਼ਾਂ ਮੁਤਾਬਿਕ ਅਤੇ ਜ਼ਰੂਰਤ ਅਨੁਸਾਰ ਖਾਦ ਦੀ ਖਰੀਦ ਕਰਕੇ ਫ਼ਸਲਾਂ ਵਿਚ ਵਰਤੀ ਜਾਵੇ ਤਾਂ ਜੋਂ ਖੇਤੀ ਲਾਗਤ ਖਰਚੇ ਘਟਾਉਣ ਦੇ ਨਾਲ ਨਾਲ ਮਿੱਟੀ, ਹਵਾ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ ।

ਡਾ.ਅਮਰੀਕ ਸਿੰਘ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਵਿਚ ਲਗਾਤਾਰ ਯੂਰੀਆ ਖਾਦ ਦੀ ਵਰਤੋਂ ਵੱਧ ਰਹੀ ਹੈ ਅਤੇ ਅਤੇ ਵੇਖਣ ਵਿਚ ਆਇਆ ਹੈ ਕਿ ਸਬਸਿਡੀ ਵਾਲੀ ਯੂਰੀਆ ਖਾਦ ਦੀ ਵਰਤੋਂ ਪਲਾਈਵੁੱਡ ਇੰਡਸਟਰੀ ਵਿਚ ਸੰਭਵ ਹੈ, ਜੋ ਕਿ ਗੈਰ ਕਾਨੂੰਨੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਉਦਯੋਗਿਕ ਇਕਾਈਆਂ ਵਿਚ ਯੂਰੀਆ ਖਾਦ ਦੀ ਵਰਤੋਂ ਨੂੰ ਰੋਕਣ ਸਬੰਧੀ ਪੂਰੇ ਪੰਜਾਬ ਵਿਚ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਇਸੇ ਲੜੀ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅੱਜ ਚੈਕਿੰਗ ਕੀਤੀ ਗਈ ਹੈ।

ਉਨ੍ਹਾਂ ਨੇ ਆਪਣੀ ਟੀਮ ਸਹਿਤ ਭੂੰਗਾ ਅਤੇ ਹੁਸ਼ਿਆਰਪੁਰ ਵਿਚ ਸਥਿਤ ਪਲਾਈਵੁੱਡ ਇੰਡਸਟਰੀ ਦੀ ਚੈਕਿੰਗ ਕੀਤੀ। ਉਨ੍ਹਾਂ ਸਮੂਹ ਖ਼ਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ ਮਸ਼ੀਨਾਂ ਵਿਚੋਂ ਸਟਾਕ ਕਲੀਅਰ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਲੋੜ ਅਨੁਸਾਰ ਹੀ ਖ਼ਾਦ ਦਿੱਤੀ ਜਾਵੇ ਅਤੇ ਫਾਲਤੂ ਖ਼ਾਦ ਦੀ ਵਿਕਰੀ ਬਿਲਕੁਲ ਨਾ ਕੀਤੀ ਜਾਵੇ। ਜੇਕਰ ਕੋਈ ਵੀ ਖ਼ਾਦ ਵਿਕਰੇਤਾ ਯੂਰੀਆ ਖਾਦ ਫੀਡ ਅਤੇ ਪਲਾਈਵੁੱਡ ਇੰਡਸਟਰੀਆਂ ਨੂੰ ਵੇਚਦਾ ਫੜਿਆ ਗਿਆ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਖੇਤੀ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਸਮੂਹ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕਿਸੇ ਇੰਡਸਟਰੀ ਵਿਚ ਸਬਸਿਡੀ ਵਾਲੇ ਯੂਰੀਆ ਦੀ ਵਰਤੋਂ ਹੁੰਦੀ ਪਾਈ ਜਾਂਦੀ ਹੈ ਤਾਂ ਉਸ ਇੰਡਸਟਰੀ ’ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਸੀਜ਼ ਕੀਤਾ ਜਾਵੇ।

ਮੁੱਖ ਖੇਤੀਬਾੜੀ ਅਫਸਰ ਡਾ. ਦਪਿੰਦਰ ਸਿੰਘ ਸੰਧੂ ਨੇ ਇਸ ਮੌਕੇ ਕਿਹਾ ਕਿ ਇਨ੍ਹਾਂ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਖ਼ਾਦ ਦੀ ਫਾਲਤੂ ਵਿਕਰੀ ਅਤੇ ਇੰਡਸਟਰੀ ਵਿਚ ਕੀਤੀ ਜਾ ਰਹੀ ਗੈਰ ਕਾਨੂੰਨੀ ਵਰਤੋਂ ਨੂੰ ਬਿਲਕੁਲ ਰੋਕਿਆ ਜਾਵੇਗਾ ਅਤੇ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੇ ਵਿਕਾਸ ਲਈ ਵਚਨਬੱਧ : ਕੈਬਨਿਟ ਮੰਤਰੀ

**ਨੰਗਲ , 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਡਾ. ਭੀਮ ਰਾਓ ਅੰਬੇਡਕਰ ਜੀ ਦੇ 136 ਵੇਂ ਜਨਮ ਦਿਵਸ ਮੌਕੇ ਪਿੰਡ ਭੱਲੜੀ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਗਏ ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਡਾ. ਅੰਬੇਡਕਰ ਜੀ ਦੇ ਚਰਨਾਂ ਵਿੱਚ ਨਮਨ ਕੀਤਾ।



ਕੈਬਨਿਟ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ 20ਵੀ. ਸਦੀ ਦੇ ਮਹਾਨ ਨਾਇਕ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੀ ਦੂਰ ਅੰਦੇਸ਼ੀ ਸੋਚ ਨੇ ਭਾਰਤ ਵਿੱਚ ਸਮਾਨਤਾ ਕਾਇਮ ਕਰਕੇ ਹਰ ਵਰਗ ਦਾ ਵਿਕਾਸ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਡਾ. ਬੀ.ਆਰ. ਅੰਬੇਡਕਰ ਜੀ ਨੇ ਭਾਰਤ ਨੂੰ ਇੱਕ ਮਜ਼ਬੂਤ ਸੰਵਿਧਾਨ ਦੇਣ ਦੇ ਨਾਲ-ਨਾਲ ਸਮਾਜ ਵਿੱਚ ਸਮਾਨਤਾ, ਨਿਆਂ ਅਤੇ ਭਾਈਚਾਰੇ ਦੀ ਸੋਚ ਨੂੰ ਮਜ਼ਬੂਤ ਕੀਤਾ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਜੀ ਦੀ ਦੂਰਅੰਦੇਸ਼ੀ ਸੋਚ ਤੋਂ ਪ੍ਰੇਰਣਾ ਲੈ ਕੇ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੇ ਕਲਿਆਣ ਲਈ ਵਚਨਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਡਾ. ਅੰਬੇਡਕਰ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਮਾਰਗਦਰਸ਼ਕ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੇ ਵਿਚਾਰਾਂ ਨੂੰ ਅਪਨਾਉਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜ ਵਿੱਚ ਬਰਾਬਰੀ ਅਤੇ ਸਾਂਝੀਵਾਲਤਾ ਨੂੰ ਵਧਾਉਣ ਲਈ ਇਕੱਠੇ ਹੋ ਕੇ ਕੰਮ ਕੀਤਾ ਜਾਵੇ।

ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਵੀ ਡਾ.ਅੰਬੇਡਕਰ ਜੀ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਯੋਗਦਾਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਵੀ ਉਨ੍ਹਾਂ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਇਆ ਗਿਆ।

ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਪ੍ਰਮੁੱਖ ਸ਼ਖ਼ਸੀਅਤਾਂ, ਪੰਚਾਇਤੀ ਨੁਮਾਇੰਦਿਆਂ, ਨੌਜਵਾਨਾਂ ਅਤੇ ਸਥਾਨਕ ਵਾਸੀਆਂ ਨੇ ਹਾਜ਼ਰੀ ਭਰੀ। ਸਮਾਗਮ ਦੌਰਾਨ ਸਾਰੇ ਹਾਜ਼ਰ ਲੋਕਾਂ ਵੱਲੋਂ ਡਾ. ਅੰਬੇਡਕਰ ਜੀ ਦੇ ਦਰਸਾਏ ਮਾਰਗ ’ਤੇ ਚੱਲਣ ਦਾ ਸੰਕਲਪ ਵੀ ਲਿਆ ਗਿਆ। ਇਸ ਮੌਕੇ ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਰਾਕੇਸ਼ ਕੁਮਾਰ ਜਾਂਦਲਾ ਹਲਕਾ ਕੋਆਰਡੀਨੇਟਰ ਐਸ.ਸੀ ਵਿੰਗ, ਰਾਕੇਸ ਵਰਮਾ ਬਲਾਕ ਪ੍ਰਘਾਨ, ਰਾਕੇਸ ਮਹਿਲਵਾ, ਬਲਵੰਤ ਕੌਰ, ਹੁਸ਼ਿਆਰ ਸਿੰਘ, ਬਲਾਕ ਪ੍ਰਧਾਨ ਨਿਤਿਨ ਪੁਰੀ, ਪਿੰਕੀ ਸ਼ਰਮਾ ਭਨਾਮ, ਬਾਵਾ, ਰਾਕੇਸ਼ ਚੋਧਰੀ, ਬੁੱਲਾ, ਬਿੱਲਾ ਮਹਿਲਵਾਂ, ਸੁਖਵੰਤ ਸਿੰਘ, ਮਨਜੀਤ ਸਿੰਘ ਸੋਨੀ, ਹਰਜਾਪ ਸਿੰਘ, ਚਰਨਦਾਸ ਪੱਸੀਵਾਲ, ਦਲਜੀਤ ਸਿੰਘ ਕਾਕਾ, ਨਿਤਿਨ ਸ਼ਰਮਾ, ਰੋਕੀ ਚੋਧਰੀ, ਮੋਹਣ ਲਾਲ ਸੁਖਸਾਲ, ਤਰਵੇਸ਼ ਕਪਿਲ, ਸੁਰੇਸ਼ ਕੁਮਾਰ, ਸਰਪੰਚ ਪਹੂ ਲਾਲ, ਸਰਪੰਚ ਸੁਖਵਿੰਦਰ ਸਿੰਘ ਬਿੰਦੀ, ਮੱਖਣ ਸਿੰਘ ਗੋਹਲਣੀ, ਮੁਖਤਿਆਰ ਮੁਹੰਮਦ, ਹੈਪੀ ਭੰਗਲਾਂ, ਸ਼ਿਵ ਵਰਮਾ,ਦੀਪਕ ਪਲਾਸੀ, ਪਿੰਕੀ ਸ਼ਰਮਾ, ਬਾਮ ਦੇਵ, ਸੁਖਦੇਵ ਸਿੰਘ, ਨੰਬਰਦਾਰ ਹਰਜਿੰਦਰ ਸਿੰਘ ਰਣਜੀਤ ਸਿੰਘ, ਹਰਨੇਕ ਸਿੰਘ, ਰਾਹੁਲ, ਕਮਲ ਸਿੰਘ ਹਾਜ਼ਰ ਸਨ।

## 135 ਵੀਂ ਡਾ. ਅੰਬੇਦਕਰ ਜਯੰਤੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਵਿਖੇ ਮਨਾਈ ਗਈ



**ਫਾਜ਼ਿਲਕਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਨੂੰ ਉਨ੍ਹਾਂ ਦੇ 135ਵੇਂ ਜਨਮਦਿਨ ਦੇ ਮੌਕੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਵਿਖੇ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ।

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉੱਪ ਮੰਡਲ ਮਜਿਸਟ੍ਰੇਟ ਜੁਗਰਾਜ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਬੋਲਦਿਆਂ ਐੱਸ.ਡੀ.ਐੱਮ ਫਾਜ਼ਿਲਕਾ ਨੇ ਕਿਹਾ ਕਿ ਡਾ. ਅੰਬੇਦਕਰ ਨਾ ਕੇਵਲ ਆਪਣੀ ਸਮੇਂ ਦੇ ਦੁਨੀਆ ਦੇ ਸਭ ਤੋਂ ਵਿਦਵਾਨ ਵਿਅਕਤੀ ਰਹੇ ਨੇ ਬਲਕਿ ਦਲਿਤਾਂ ਦੇ ਨਾਲ-ਨਾਲ ਦੇਸ਼ ਵਿੱਚ ਨਾਰੀਵਾਦ ਦੇ ਮੋਢੀ ਸਨ।

ਉਨ੍ਹਾਂ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਪੂਰਨਿਆਂ ਤੇ ਚੱਲਣ ਦੀ ਲੋੜ ਹੈ ਕਿਉਕਿ ਡਾ.ਅੰਬੇਦਕਰ ਨੇ ਜਿੱਥੇ ਦੱਬੇ ਕੁਚਲੇ ਲੋਕਾਂ ਨੂੰ ਉਨਾਂ ਦੇ ਹੱਕ ਲੈਕੇ ਦਿੱਤੇ ਉਥੇ ਔਰਤਾਂ ਨੂੰ ਵੀ ਪੂਰਨ ਤੋਰ ਤੇ ਆਜ਼ਾਦੀ ਲੈ ਕੇ ਦਿੱਤੀ ।

ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਉੱਚ ਕੋਟੀ ਦੇ ਵਿਦਵਾਨ, ਕਾਨੂੰਨੀ ਮਾਹਿਰ, ਮਹਾਨ ਅਰਥ ਸ਼ਾਸਤਰੀ, ਸਮਾਜ ਸੁਧਾਰਕ, ਦਾਰਸ਼ਨਿਕ, ਉੱਘੇ ਲੇਖਕ, ਦੇਸ਼ ਭਗਤ, ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਨਾਲ਼ ਸਨਮਾਨਿਤ ਮਹਾਨ ਸ਼ਖ਼ਸੀਅਤ ਹਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਸੁਧਾਰ ਦੇ ਕਾਰਜ ਕਰਦਿਆਂ ਦੇਸ਼, ਕੌਮ, ਰਾਜ ਅਤੇ ਸਮਾਜ ਦੇ ਲੇਖੇ ਲਾਈ। ਉਨ੍ਹਾਂ ਨੇ ਵਿਸ਼ੇਸ਼ ਤੌਰ ਉੱਤੇ ਸਮਾਜ ਦੇ ਦੱਬੇ ਕੁਚਲੇ ਅਤੇ ਹਾਸ਼ੀਏ ਉੱਤੇ ਧੱਕੇ ਪਛੜੇ ਵਰਗ ਦੇ ਲੋਕਾਂ ਨੂੰ ਸਮਾਜ ਵਿੱਚ ਸਨਮਾਨ ਯੋਗ ਥਾਂ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

## ਬਰਜਰ ਪੇਂਟਸ ਨੇ ਹੋਮ ਕੂਲਿੰਗ ਸਲਿਊਸ਼ਨਜ਼ ਰੇਂਜ ਨਾਲ ਭਾਰਤ ਦੀ ਗਰਮੀ ਦੀ ਚੁਣੌਤੀ ਦਾ ਜਵਾਬ ਦਿੱਤਾ




**ਚੰਡੀਗੜ੍ਹ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ ਕਿ ਤਾਪਮਾਨ ਸਾਲ ਦਰ ਸਾਲ ਵਧਦਾ ਜਾ ਰਿਹਾ ਹੈ, ਠੰਡਾ ਰਹਿਣਾ ਹੁਣ ਸਿਰਫ਼ ਆਰਾਮ ਬਾਰੇ ਨਹੀਂ ਹੈ, ਇਹ ਭਾਰਤ ਭਰ ਦੇ ਲੱਖਾਂ ਘਰਾਂ ਲਈ ਇੱਕ ਰੋਜ਼ਾਨਾ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਪਿਛੋਕੜ ਦੇ ਵਿਰੁੱਧ, ਬਰਜਰ ਪੇਂਟਸ ਇੰਡੀਆ ਲਿਮਟਿਡ, ਦੇਸ਼ ਦੀ ਦੂਜੀ ਸਭ ਤੋਂ ਵੱਡੀ ਪੇਂਟ ਕੰਪਨੀ ਅਤੇ ਸੁਰੱਖਿਆਤਮਕ ਕੋਟਿੰਗਾਂ ਵਿੱਚ ਮੋਹਰੀ, ਨੇ ਆਪਣੀ ਹੋਮ ਕੂਲਿੰਗ ਪੇਂਟਸ ਰੇਂਜ ਰਾਹੀਂ ਵਧਦੀ ਗਰਮੀ ਨਾਲ ਨਜਿੱਠਣ ਲਈ ਇੱਕ ਵਧੇਰੇ ਅਨੁਭਵੀ ਅਤੇ ਇਮਰਸਿਵ ਤਰੀਕਾ ਪੇਸ਼ ਕੀਤਾ ਹੈ। ਇਸਨੂੰ ਇੱਕ ਦੇਸ਼ ਵਿਆਪੀ ਮੁਹਿੰਮ, Garmi Gone, Thandak OnÓ ਦੁਆਰਾ ਸਮਰਥਤ ਕੀਤਾ ਗਿਆ ਹੈ , ਜੋ ਰਹਿਣ-ਸਹਿਣ ਦੇ ਚੁਸਤ ਅਤੇ ਵਧੇਰੇ ਊਰਜਾ-ਕੁਸ਼ਲ ਤਰੀਕਿਆਂ ਨੂੰ ਉਤਸ਼ਾਹਿਤ ਕਰਦੀ ਹੈ। ਬਰਜਰ ਪੇਂਟਸ ਇੰਡੀਆ ਲਿਮਟਿਡ ਦੇ ਐਮਡੀ ਅਤੇ ਸੀਈਓ ਸ੍ਰੀ ਅਭਿਜੀਤ ਰਾਏ ਨੇ ਕਿਹਾ, ਬਰਜਰ ਪੇਂਟਸ ਵਿਖੇ, ਅਸੀਂ ਹਮੇਸ਼ਾ ਖਪਤਕਾਰਾਂ ਦੀਆਂ ਜ਼ਰੂਰਤਾਂ ਤੋਂ ਅੱਗੇ ਰਹਿਣ ਵਿੱਚ ਵਿਸ਼ਵਾਸ ਰੱਖਦੇ ਹਾਂ, ਅਤੇ ਜਿਵੇਂ ਕਿ ਅਸੀਂ ਉਦਯੋਗ ਦੇ ਪਹਿਲੇ ਨਵੀਨਤਾਕਾਰੀ ਉਤਪਾਦ ਲਾਂਚ ਕਰਨ ਲਈ ਜਾਣੇ ਜਾਂਦੇ ਹਾਂ, ਅਸੀਂ ਗਰਮੀ-ਪ੍ਰਭਾਵਿਤ ਖੇਤਰਾਂ ਵਿੱਚ ਘਰਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਸਮਝਦੇ ਹਾਂ।

ਸਾਡੀ ਹੋਮ ਕੂਲਿੰਗ ਰੇਂਜ ਦੇ ਨਾਲ, ਅਸੀਂ ਗਰਮੀ ਨੂੰ ਉੱਥੋਂ ਹੀ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਿੱਥੇ ਇਹ ਸ਼ੁਰੂ ਹੁੰਦੀ ਹੈ, ਨਾ ਕਿ ਜਿੱਥੇ ਇਹ ਮਹਿਸੂਸ ਹੁੰਦੀ ਹੈ। ’ਗਰਮੀ ਗੋਨ, ਠੰਡਕ ਆਨ’ ਮੁਹਿੰਮ ਰਾਹੀਂ, ਅਸੀਂ ਵਧੇਰੇ ਟਿਕਾਊ ਅਤੇ ਪਹੁੰਚਯੋਗ ਕੂਲਿੰਗ ਅਭਿਆਸਾਂ ਵੱਲ ਇੱਕ ਵੱਡੀ ਵਿਵਹਾਰਕ ਤਬਦੀਲੀ ਲਿਆਉਣਾ ਚਾਹੁੰਦੇ ਹਾਂ, ਜਦੋਂ ਕਿ ਸਮਾਈਲ ਫਾਊਂਡੇਸ਼ਨ ਨਾਲ ਸਾਡੀ ਭਾਈਵਾਲੀ ਰਾਹੀਂ ਇਸ ਪ੍ਰਭਾਵ ਨੂੰ ਭਾਈਚਾਰਿਆਂ ਤੱਕ ਵੀ ਫੈਲਾਉਣਾ ਚਾਹੁੰਦੇ ਹਾਂ।

ਇਹ ਮੰਨਦੇ ਹੋਏ ਕਿ ਘਰਾਂ ਵਿੱਚ ਦੀਵਾਰਾਂ, ਛੱਤਾਂ ਅਤੇ ਢਾਂਚਾਗਤ ਖੁੱਲ੍ਹਣ ਰਾਹੀਂ ਕਾਫ਼ੀ ਮਾਤਰਾ ਵਿੱਚ ਗਰਮੀ ਦਾਖਲ ਹੁੰਦੀ ਹੈ, ਬਰਜਰ ਪੇਂਟਸ ਦੀ ਹੋਮ ਕੂਲਿੰਗ ਰੇਂਜ ਬਰਜਰ ਐਂਟੀ ਡਸਟ ਕੂਲ ਅਤੇ ਬਰਜਰ ਰੂਫ ਕੂਲ ਐਂਡ ਸੀਲ ਵਰਗੇ ਨਵੀਨਤਾਕਾਰੀ ਉਤਪਾਦਾਂ ਰਾਹੀਂ ਇੱਕ ਵਿਹਾਰਕ ਹੱਲ ਪੇਸ਼ ਕਰਦੀ ਹੈ, ਜੋ ਕਿ ਕੰਧਾਂ ਅਤੇ ਛੱਤਾਂ ਵਿੱਚ ਗਰਮੀ ਦੇ ਸੋਖਣ ਨੂੰ ਘਟਾਉਣ ਲਈ ਤਿਆਰ ਕੀਤੇ ਗਏ ਹਨ। ਰੇਂਜ ਵਿੱਚ ਬਰਜਰ ਵੀ ਸ਼ਾਮਲ ਹੈ। ਟੈਂਕ ਕੂਲ , ਜੋ ਗਰਮੀ ਦੇ ਇੱਕ ਅਕਸਰ ਅਣਦੇਖੇ ਸਰੋਤ ਨੂੰ ਸੰਬੋਧਿਤ ਕਰਦਾ ਹੈ - ਕਾਲੇ ਸਿੰਥੈਟਿਕ ਪਾਣੀ ਦੇ ਟੈਂਕ ਜੋ ਗਰਮੀਆਂ ਦੇ ਸਿਖਰ ਦੌਰਾਨ ਜ਼ਿਆਦਾ ਗਰਮ ਹੋ ਜਾਂਦੇ ਹਨ। ਇਕੱਠੇ ਮਿਲ ਕੇ, ਇਹ ਰੇਂਜ ਸਰੋਤ ’ਤੇ ਅੰਦਰੂਨੀ ਤਾਪਮਾਨ ਨੂੰ ਘਟਾਉਣ ਲਈ ਇੱਕ ਸੰਪੂਰਨ ਪਹੁੰਚ ਪ੍ਰਦਾਨ ਕਰਦੀ ਹੈ।

ਇਸ ਮੁਹਿੰਮ ਦੇ ਕੇਂਦਰ ਵਿੱਚ ਇੱਕ ਸਧਾਰਨ ਪਰ ਸ਼ਕਤੀਸ਼ਾਲੀ ਵਿਚਾਰ ਹੈ, ਸਮਾਰਟ ਕੂਲਿੰਗ ਨੂੰ ਏਅਰ ਕੰਡੀਸ਼ਨਿੰਗ ਤੋਂ ਪਰੇ ਜਾਣਾ ਚਾਹੀਦਾ ਹੈ। ਇਸਦੇ ਮੂਲ ਸਥਾਨ ’ਤੇ ਗਰਮੀ ਦੇ ਪ੍ਰਵੇਸ਼ ਨੂੰ ਸੰਬੋਧਿਤ ਕਰਕੇ, ਬਰਜਰ ਪੇਂਟਸ ਆਪਣੇ ਹੱਲਾਂ ਨੂੰ ਨਾ ਸਿਰਫ਼ ਪ੍ਰਭਾਵਸ਼ਾਲੀ ਅਤੇ ਪਹੁੰਚਯੋਗ ਵਜੋਂ ਸਥਾਪਤ ਕਰ ਰਿਹਾ ਹੈ, ਸਗੋਂ ਊਰਜਾ-ਸੰਵੇਦਨਸ਼ੀਲ ਕੂਲਿੰਗ ਤਰੀਕਿਆਂ ਦੇ ਇੱਕ ਵਧੇਰੇ ਟਿਕਾਊ ਵਿਕਲਪ ਵਜੋਂ ਵੀ ਸਥਾਪਤ ਕਰ ਰਿਹਾ ਹੈ। ਇਹ ਹੱਲ ਸਤ੍ਹਾ ਅਤੇ ਆਲੇ ਦੁਆਲੇ ਦੇ ਤਾਪਮਾਨ ਨੂੰ 103 ਤੱਕ ਘਟਾਉਣ ਵਿੱਚ ਮਦਦ ਕਰ ਸਕਦੇ ਹਨ, ਜੋ ਉਹਨਾਂ ਨੂੰ ਗਰਮੀ-ਪ੍ਰਭਾਵਿਤ ਖੇਤਰਾਂ ਅਤੇ ਲਾਗਤ-ਚੇਤੰਨ ਘਰਾਂ ਲਈ ਖਾਸ ਤੌਰ ’ਤੇ ਢੁਕਵਾਂ ਬਣਾਉਂਦੇ ਹਨ।

## ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਜਯੰਤੀ ਮੌਕੇ ਸ਼ਰਧਾ ਦੇ ਫੁੱਲ ਅਰਪਨ



**ਗੁਰਦਾਸਪੁਰ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੀ 135ਵੀਂ ਜਯੰਤੀ ਮੌਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ’ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।

ਕੁਲਦੀਪ ਚੰਦ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ, ਸੁਪਰਡੈਂਟ ਵਿਜੇ ਕੁਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਬਾਬਾ ਸਾਹਿਬ ਦੇ ਬੁੱਤ ਉੱਪਰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।ਇਸ ਮੌਕੇ ਸਹਾਇਕ ਕਮਿਸ਼ਨਰ ਕੁਲਦੀਪ ਚੰਦ ਨੇ ਜ਼ਿਲ੍ਹਾ ਵਾਸੀਆਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੀ 135ਵੀਂ ਜਯੰਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਇੱਕ ਸਾਧਾਰਨ ਪਰਿਵਾਰ ’ਚ ਜਨਮੇ ਬਾਬਾ ਸਾਹਿਬ ਨੇ ਬੇਹੱਦ ਔਕੜਾਂ ਦਾ ਸਾਹਮਣਾ ਕੀਤਾ ਪਰ ਇਸ ਦੇ ਬਾਵਜੂਦ ਉਹ ਆਪਣੀ ਲਿਆਕਤ ਅਤੇ ਲਗਨ ਸਦਕਾ ਵਿਦਵਾਨ, ਕਾਨੂੰਨਦਾਨ, ਅਰਥ ਸ਼ਾਸਤਰੀ, ਸਮਾਜ ਸੁਧਾਰਕ ਅਤੇ ਰਾਜਨੀਤੀਵਾਨ ਵਜੋਂ ਦੁਨੀਆ ਭਰ ’ਚ ਸਤਿਕਾਰੇ ਜਾਣੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਸਾਹਿਬ ਦਾ ਜੀਵਨ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ ਅਤੇ ਬਾਬਾ ਜੀ ਦੀ ਸਖਸ਼ੀਅਤ ਨੂੰ ਸਾਨੂੰ ਆਪਣੇ ਆਦਰਸ਼ ਵਜੋਂ ਲੈਂਦਿਆਂ ਹਮੇਸ਼ਾਂ ਸਮਾਜ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਦੇ ਇਸ ਪਾਵਨ ਮੌਕੇ ਸਾਨੂੰ ਇਹ ਅਹਿਦ ਲੈਣਾ ਚਾਹੀਦਾ ਹੈ ਕਿ ਉਹ ਬਾਬਾ ਸਾਹਿਬ ਵੱਲੋਂ ਪਾਏ ਪੂਰਨਿਆਂ ’ਤੇ ਚੱਲਦੇ ਆਪਣੇ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਗੇ।

ਇਸ ਮੌਕੇ ਮੁਲਖ ਰਾਜ, ਪਵਨ ਕੁਮਾਰ ਅਤੇ ਸਮੂਹ ਡੀ.ਸੀ. ਸਟਾਫ ਹਾਜ਼ਰ ਸਨ।

## ਫਾਜ਼ਿਲਕਾ ਦੇ ਵਿਧਾਇਕ ਨੇ ਦਾਣਾ ਮੰਡੀ ਵਿਖੇ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ

**ਫਾਜ਼ਿਲਕਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜਿਲਕਾ ਦੇ ਵਿਧਾਇਕ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਨੇ ਫਾਜਿਲਕਾ ਦੀ ਦਾਣਾ ਮੰਡੀ ’ਚ ਕਣਕ ਦੀ ਖਰੀਦ ਸ਼ੁਰੂ ਕਰਵਾਈ। ਉਨ੍ਹਾਂ ਕਣਕ ਦੀ ਖਰੀਦ ਦੀ ਸ਼ੁਰੂਆਤ ਕਿਸਾਨਾਂ ਦਾ ਮੂੰਹ ਮਿੱਠਾ ਕਰਵਾ ਕੇ ਕੀਤੀ ਅਤੇ ਕਿਸਾਨਾਂ ਨੂੰ ਖਰੀਦ ਸੀਜਨ ਦੀ ਵਧਾਈ ਵੀ ਦਿੱਤੀ। ਇਸ ਮੌਕੇ ਤੇ ਉਨ੍ਹਾਂ ਖਰੀਦ ਏਜੰਸੀਆਂ ਨੂੰ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕਣਕ ਦੀ ਖ਼ਰੀਦ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਉਨ੍ਹਾਂ ਨਾਲ ਮੌਜੂਦ ਸੀ।ਵਿਧਾਇਕ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਪੰਜਾਬ ਸਰਕਾਰ ਕਣਕ ਦਾ ਦਾਣਾ ਖ਼ਰੀਦਣ ਲਈ ਵਚਨਬੱਧ ਹੈ ਅਤੇ ਕਣਕ ਦੀ ਖ਼ਰੀਦ ਸਬੰਧੀ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਹਨ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਵੇਗੀ ।ਉਨ੍ਹਾਂ ਕਿਹਾ ਕਿ ਮੰਡੀ ਵਿਚ ਲੋੜੀਂਦੇ ਬਾਰਦਾਨੇ ਤੇ ਲਿਫਟਿੰਗ ਦੇ ਪ੍ਰਬੰਧ ਪੂਰੇ ਕੀਤੇ ਜਾ ਚੁੱਕੇ ਹਨ।



ਉਨ੍ਹਾਂ ਕਿਹਾ ਕਿ ਮੰਡੀ ਵਿਚ ਕਿਸਾਨਾਂ ਲਈ ਪੀਣ ਦੇ ਪਾਣੀ, ਰੌਸ਼ਨੀ, ਛਾਂ ਆਦਿ ਦੇ ਪ੍ਰਬੰਧ ਵੀ ਕੀਤੇ ਗਏ ਹਨ। ਉਨ੍ਹਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਮੰਡੀ ਵਿਚ ਆਉਣ ਵਾਲੇ ਕਿਸਾਨਾਂ ਦੀ ਫਸਲ ਦੀ ਤੁਰੰਤ ਖਰੀਦ ਹੋਵੇ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਰਕਾਰੀ ਸਮਾਂਹੱਦ ਦੇ ਅੰਦਰ ਅਦਾਇਗੀ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਸੁੱਕੀ ਕਣਕ ਹੀ ਮੰਡੀ ਵਿੱਚ ਲਿਆਉਣ ਦੀ ਅਪੀਲ ਕੀਤੀ ।

## ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 135 ਵਾਂ ਜਨਮ ਦਿਨ ਮਨਾਇਆ ਗਿਆ

**ਫਾਜ਼ਿਲਕਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 135 ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਮੰਦਿਰ ਪੀਰ ਗੁਰਾਇਆ ਫਾਜਿਲਕਾ ਵਿਖੇ ਪ੍ਰਧਾਨ ਸ੍ਰੀ. ਨੌਰੰਗ ਲਾਲ ਅਤੇ ਭੀਮ ਸੈਨ ਸੋਲੀਆਂ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।






# ਬਾਰ੍ਹਵੀਂ ਤੋਂ ਬਾਅਦ ਕਰੀਅਰ ਬਣਾਉਣ ਦੇ ਵਿਕਲਪ

ਵਿਦਿਆਰਥੀਆਂ ਲਈ ਦਸਵੀਂ ਅਤੇ ਬਾਰ੍ਹਵੀਂ ਅਹਿਮ ਪੜਾਅ ਹੁੰਦਾ ਹੈ, ਕਿਉਂਕਿ ਇਨ੍ਹਾਂ ਜਮਾਤਾਂ ਤੋਂ ਬਾਅਦ ਹੀ ਉਨ੍ਹਾਂ ਨੇ ਆਪਣੇ ਕਰੀਅਰ ਵਾਲਾ ਮੋੜ ਮੁੜਨਾ ਹੁੰਦਾ ਹੈ। ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਜ਼ਿਆਦਾਤਰ ਪਾੜ੍ਹੇ ਬੀ.ਏ, ਬੀ.ਐੱਸਸੀ. ਜਾਂ ਬੀ.ਕੌਮ ਵਿੱਚ ਦਾਖ਼ਲਾ ਲੈਣ ਬਾਰੇ ਵਿਚਾਰ ਕਰਦੇ ਹਨ ਪਰ ਇਨ੍ਹਾਂ ਤੋਂ ਇਲਾਵਾ ਵੀ ਕਈ ਬਿਹਤਰੀਨ ਵਿਕਲਪ ਉਪਲੱਬਧ ਹਨ, ਜਿਨ੍ਹਾਂ ਵਿੱਚ ਖ਼ਾਸ ਤੌਰ ’ਤੇ ਪ੍ਰੋਫੈਸ਼ਨਲ ਕੋਰਸ ਸ਼ਾਮਲ ਹਨ। ਬਾਰ੍ਹਵੀਂ ਤੋਂ ਬਾਅਦ ਮੈਨੇਜਮੈਂਟ, ਜਰਨਲਿਜ਼ਮ, ਲਾਅ, ਹੋਟਲ ਮੈਨੇਜਮੈਂਟ ਤੇ ਬੀਸੀਏ ਵਰਗੇ ਕਈ ਅਜਿਹੇ ਕੋਰਸ ਹਨ, ਜਿਨ੍ਹਾਂ ਰਾਹੀਂ ਕਰੀਅਰ ਬਣਾਇਆ ਜਾ ਸਕਦਾ ਹੈ। ਬਾਰ੍ਹਵੀਂ ਵਿੱਚੋਂ ਜੇਕਰ ਬਹੁਤੇ ਅੰਕ ਨਹੀਂ ਵੀ ਹਨ ਤਾਂ ਵੀ ਸੂਝ ਤੇ ਸਿਆਣਪ ਅਤੇ ਆਪਣੀ ਸਮਰੱਥਾ ਅਨੁਸਾਰ ਕੋਰਸ ਚੁਣ ਕੇ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਸਭ ਤੋਂ ਵੱਧ ਮਹੱਤਵਪੂਰਨ ਹੈ ਨਾ ਸਿਰਫ਼ ਦਿਲਚਸਪੀ ਦੇਖੋ, ਬਲਕਿ ਨਾਲ ਨਾਲ ਮੌਕੇ ਵੀ ਦੇਖੋ। ਕਈ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖ਼ਲੇ ਲਈ ਵਿਦਿਆਰਥੀਆਂ ਨੂੰ ਪਹਿਲਾਂ ਦਾਖ਼ਲਾ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਉਸ ਤੋਂ ਬਾਅਦ ਗਰੁੱਪ-ਡਿਸਕਸ਼ਨ ਤੇ ਫਿਰ ਇੰਟਰਵਿਊ ਹੁੰਦੀ ਹੈ। ਦਾਖ਼ਲਾ ਪ੍ਰੀਖਿਆ ਵਿਦਿਆਰਥੀ ਦੀ ਯੋਗਤਾ, ਮੁਹਾਰਤ ਤੇ ਹੁਨਰ ’ਤੇ ਆਧਾਰਿਤ ਹੁੰਦੀ ਹੈ। ਇਸ ਵਿੱਚ ਵਿਦਿਆਰਥੀ ਦੀ ਗਣਿਤ, ਅੰਗਰੇਜ਼ੀ, ਆਮ ਗਿਆਨ ਤੇ ਆਮ ਤਰਕ ਦੀ ਸਮਰੱਥਾ ਨੂੰ ਵਾਚਿਆ ਜਾਂਦਾ ਹੈ। ਇਸ ਤੋਂ ਇਲਾਵਾ ਦਾਖ਼ਲਾ ਪ੍ਰੀਖਿਆ ਵਿੱਚ ਇੱਕ ਸੈਕਸ਼ਨ ਕੋਰਸ ਨਾਲ ਸਬੰਧਤ ਵੀ ਹੋ ਸਕਦਾ ਹੈ। ਜਿਵੇਂ ਲਾਅ ਦੀ ਦਾਖ਼ਲਾ ਪ੍ਰੀਖਿਆ ਵਿੱਚ ਕਾਨੂੰਨੀ ਯੋਗਤਾ ਦਾ ਇੱਕ ਸੈਕਸ਼ਨ ਹੁੰਦਾ ਹੈ। ਹੋਟਲ ਮੈਨੇਜਮੈਂਟ ਵਿੱਚ ਸਰਵਿਸ ਸੈਕਟਰ ਦੀ ਯੋਗਤਾ ਜਾਂ ਉਸ ਪ੍ਰਤੀ ਰੁਝਾਨ ਦੀ ਪ੍ਰੀਖਿਆ ਹੁੰਦੀ ਹੈ। ਬੀਜੇਐਮਸੀ (ਬੈਚਲਰ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ) ਵਿੱਚ ਮੀਡੀਆ ਬਾਰੇ ਇੱਕ ਸੈਕਸ਼ਨ ਹੁੰਦਾ ਹੈ ਤੇ ਬੀਸੀਏ ਵਿੱਚ ਵਿਦਿਆਰਥੀ ਦੀ ਕੰਪਿਊਟਰ ਸਬੰਧੀ ਗਿਆਨ ਦੀ ਪ੍ਰੀਖਿਆ ਲਈ ਜਾਂਦੀ ਹੈ। ਬੀ. ਐਮ. ਐਸ., ਬੀ. ਐਫ. ਆਈ. ਏ., ਬੀ.ਬੀ.ਈ., ਬੀ.ਬੀ.ਐਸ., ਬੀ. ਬੀ.ਏ. ਕੋਰਸ ਮੈਨੇਜਮੈਂਟ ਖੇਤਰ ਵਿੱਚ ਕਰੀਅਰ ਬਣਾਉਣ ਦੀ ਬੁਨਿਆਦ ਹਨ। ਕਾਰਪੋਰੇਟ ਦੀ ਦੁਨੀਆਂ ਵਿੱਚ ਕਰੀਅਰ ਬਣਾਉਣ ਜਾਂ ਸਫ਼ਲ ਕਾਰੋਬਾਰੀ ਬਣਨ ਦੇ ਖੇਤਰ ਵਿੱਚ ਇਹ ਪਹਿਲਾ ਕਦਮ ਹੈ। ਇਹ ਕੋਰਸ ਪ੍ਰੈਜ਼ੈਂਟੇਸ਼ਨ, ਕੇਸ-ਸਟੱਡੀਜ਼, ਇੰਡਸਟਰੀ ਵਿਜ਼ਿਟ, ਪ੍ਰੋਫੈਸ਼ਨਲ ਗੈਸਟ ਲੈਕਚਰ ਤੇ ਇੰਟਰਨਸ਼ਿਪ ਨਾਲ ਤੁਹਾਨੂੰ ਨਿਪੁੰਨ ਬਣਾਉਂਦੇ ਹਨ।

**ਲਾਅ:** ਕਾਨੂੰਨ ਦੀ ਪੜ੍ਹਾਈ ਸਭ ਤੋਂ ਵੱਧ ਅਜ਼ਮਾਇਆ ਜਾਣ ਵਾਲਾ ਵਿਕਲਪ ਹੈ। ਕੌਮਾਂਤਰੀ ਪੱਧਰ ਦੇ ਲਾਅ ਸਕੂਲਾਂ ਵਿੱਚੋਂ ਪਾਸ ਹੋਏ ਗ੍ਰੈਜੂਏਟਸ ਦੀਆਂ ਸਫ਼ਲ ਕਹਾਣੀਆਂ ਨੇ ਇਸ ਖੇਤਰ ਦੇ ਆਕਰਸ਼ਣ ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ ਹੈ।



# ਇੰਜ ਕਰੋ ਨੌਕਰੀ ਦੀ ਤਿਆਰੀ

*ਜੇ ਤੁਸੀਂ ਚਾਹੁੰਦੇ ਹੋ ਕਿ ਕੋਰਸ ਪੂਰਾ ਕਰਨ ਦੇ ਨਾਲ ਹੀ ਆਸਾਨੀ ਨਾਲ ਨੌਕਰੀ ਮਿਲ ਜਾਵੇ ਤਾਂ ਜੌਬ ਮਾਰਕੀਟ ਅਤੇ ਇੰਡਸਟਰੀ ਦੀਆਂ ਲੋੜਾਂ ਅਨੁਸਾਰ ਖ਼ੁਦ ਨੂੰ ਤਿਆਰ ਕਰਨਾ ਪਵੇਗਾ। ਇਸ ਦੇ ਲਈ ਜ਼ਰੂਰੀ ਹੈ ਕਿ ਪ੍ਰੈਕਟੀਕਲ ਜਾਣਕਾਰੀ ਵੀ ਹਾਸਲ ਕੀਤੀ ਜਾਵੇ। ਇਸ ਨਾਲ ਨੌਕਰੀ ਦੀ ਭਾਲ ’ਚ ਭਟਕਣਾ ਨਹੀਂ ਪਵੇਗਾ। ਜੌਬ ਮਾਰਕੀਟ ਦੇ ਅਨੁਸਾਰ ਆਪਣੇ ਆਪ ਨੂੰ ਕਿਵੇਂ ਤਿਆਰ ਕੀਤਾ ਜਾਵੇ, ਇਸ ਬਾਰੇ ਜਾਣਕਾਰੀ ਦੇ ਰਹੇ ਹਨ ਅਰੁਣ ਸ਼੍ਰੀਵਾਸਤਵ...*

**ਸਭ ਤੋਂ ਪਹਿਲਾਂ ਦੋ ਕੇਸ ਸਟੱਡੀ**

ਅਮਨ ਅਤੇ ਕਰਨ ਨੂੰ ਪੀ ਸੀ ਐੱਮ ਨਾਲ ਬਾਰ੍ਹਵੀਂ ਕਰਨ ਤੋਂ ਬਾਅਦ ਸੰਜੋਗ ਨਾਲ ਇਕ ਹੀ ਕਾਲਜ ਅਤੇ ਇਕ ਹੀ ਬ੍ਰਾਂਚ ਵਿਚ ਬੀ ਟੈੱਕ ’ਚ ਐਡਮਿਸ਼ਨ ਮਿਲ ਗਈ। ਬ੍ਰਾਂਚ ਸੀ ਮਕੈਨੀਕਲ ਇੰਜੀਨੀਅਰ। ਦੋਵੇਂ ਹੀ ਪੜ੍ਹਾਈ ਵਿਚ ਤੇਜ਼ ਸਨ ਪਰ ਅਮਨ ਜਿੱਥੇ ਥਿਊਰੀ ਉੱਪਰ ਜ਼ਿਆਦਾ ਧਿਆਨ ਦਿੰਦਾ ਸੀ, ਉੱਥੇ ਕਰਨ ਨੂੰ ਥਿਊਰੀ ਨਾਲੋਂ ਜ਼ਿਆਦਾ ਉਸ ਦਾ ਪ੍ਰੈਕਟੀਕਲ ਕਰਨ ’ਚ ਮਜ਼ਾ ਆਉਂਦਾ ਸੀ। ਹਰ ਸਮੈਸਟਰ ਵਿਚ ਦੋਵਾਂ ਦੇ ਨੰਬਰ ਵੀ ਲਗਪਗ ਬਰਾਬਰ ਹੀ ਹੁੰਦੇ ਸਨ ਪਰ ਨੰਬਰਾਂ ਵਿਚ ਇਕ ਫ਼ਰਕ ਹੁੰਦਾ ਸੀ। ਅਮਨ ਦੇ ਜਿੱਥੇ ਥਿਊਰੀ ਵਿਚ ਜ਼ਿਆਦਾ ਨੰਬਰ ਆਉਂਦੇ ਸਨ, ਉੱਥੇ ਕਰਨ ਨੂੰ ਪ੍ਰੈਕਟੀਕਲ ਵਿਚ ਸੌ ਫ਼ੀਸਦੀ ਨੰਬਰ ਮਿਲਦੇ ਸਨ। ਚਾਰ ਸਾਲਾਂ ਦੇ ਇਸ ਕੋਰਸ ਦੇ ਤੀਜੇ ਸਾਲ ਤਕ ਪਹੁੰਚਦੇ-ਪਹੁੰਚਦੇ ਇਹ ਹਾਲ ਹੋ ਗਿਆ ਕਿ ਕਰਨ ਜਿੱਥੇ ਆਪਣਾ ਜ਼ਿਆਦਾ ਸਮਾਂ ਇੰਡਸਟਰੀ ਦੀ ਮਦਦ ਨਾਲ ਕਾਲਜ ਕੈਂਪਸ ’ਚ ਸਥਾਪਿਤ ਕੀਤੀ ਗਈ ਮਕੈਨੀਕਲ ਯੂਨਿਟ/ਲੈਬ ’ਚ ਗੁਜ਼ਾਰਨ ਲੱਗਾ, ਉੱਥੇ ਅਮਨ ਥਿਊਰੀ ਵਿਚ ਜ਼ਿਆਦਾ ਤੋਂ ਜ਼ਿਆਦਾ ਨੰਬਰ ਪ੍ਰਾਪਤ ਕਰਨ ’ਚ ਲੱਗਾ ਰਿਹਾ। ਕਰਨ ਨੂੰ ਪ੍ਰੈਕਟੀਕਲ ਕਰ ਕੇ ਮਜ਼ਾ ਆਉਂਦਾ ਸੀ। ਇਥੋਂ ਤਕ ਕਿ ਉਹ ਇੰਡਸਟਰੀ ਤੋਂ ਸੰਸਥਾ ’ਚ ਆਉਣ ਵਾਲੇ ਮਾਹਿਰਾਂ ਪਾਸੋਂ ਵੀ ਖ਼ੂਬ ਸਵਾਲ ਪੁੱਛਦਾ ਅਤੇ ਆਪਣੇ ਆਪ ਨੂੰ ਜੌਬ ਮਾਰਕੀਟ ਦੇ ਮਾਪਦੰਡਾਂ ਅਨੁਸਾਰ ਅਪਡੇਟ ਕਰਨ ਦੀ ਕੋਸ਼ਿਸ਼ ਕਰਦਾ। ਚੌਥੇ ਸਾਲ ਜਦ ਦੇਸ਼-ਦੁਨੀਆਂ ਦੀਆਂ ਕੰਪਨੀਆਂ ਪਲੇਸਮੈਂਟ ਲਈ ਕਾਲਜ ਆਉਮ ਲੱਗੀਆਂ ਤਾਂ ਮਾਹਿਰ ਕਰਨ ਦੀ ਪ੍ਰੈਕਟੀਕਲ ਨਾਲੇਜ ਵੇਖ ਕੇ ਦੰਗ ਰਹਿ ਗਏ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਹ ਲੜਕਾ ਪਹਿਲੇ ਦਿਨ ਤੋਂ ਹੀ ਉਨ੍ਹਾਂ ਦੀ ਕੰਪਨੀ ਨੂੰ ਚੰਗੀ ਆਊਟਪੁਟ ਦੇ ਸਕਦਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪਾਸ-ਆਊਟ ਹੋਣ ਤੋਂ ਪਹਿਲਾਂ ਹੀ ਕਰਨ ਦੇ ਹੱਥ ਵਿਚ ਕਈ ਕੰਪਨੀਆਂ ਦੇ ਆਫਰ-ਲੈਟਰ ਸਨ। ਦੂਜੇ ਪਾਸੇ ਅਮਨ ਦੀ ਨਾਲੇਜ ਤੋਂ ਵੀ ਕੰਪਨੀਆਂ ਪ੍ਰਭਾਵਿਤ ਤਾਂ ਸਨ ਪਰ ਉਸ ਦੀ ਪ੍ਰੈਕਟੀਕਲ ਨਾਲੇਜ ਬਾਰੇ ਉਨ੍ਹਾਂ ਨੂੰ ਸ਼ੰਕੇ ਸਨ। ਇਕ ਕੰਪਨੀ ਦੇ ਅਗਜ਼ੈਕਟਿਵ ਨੇ ਉਸ ਨੂੰ ਇਸ ਬਾਰੇ ਸੰਕੇਤ ਵੀ ਦਿੱਤਾ ਸੀ। ਇਸ ਗੱਲ ਨੂੰ ਧਿਆਨ ’ਚ ਰੱਖਦੇ ਹੋਏ ਅਮਨ ਨੂੰ ਵੀ ਸਮਝ ’ਚ ਆ ਗਿਆ ਸੀ ਕਿ ਅੱਜ ਦੇ ਜ਼ਮਾਨੇ ’ਚ ਥਿਊਰੀ ਦੇ ਨਾਲ-ਨਾਲ ਪ੍ਰੈਕਟੀਕਲ ਜਾਣਕਾਰੀ ਦਾ ਹੋਣੀ ਵੀ ਬੇਹੱਦ ਜ਼ਰੂਰੀ ਹੈ। ਇਸ ਤੋਂ ਬਾਅਦ ਉਸ ਨੇ ਵੀ ਆਪਣੀ ਇਸ ਕਮਜ਼ੋਰੀ ਨੂੰ ਦੂਰ ਕਰਨ ਵੱਲ ਧਿਆਨ ਦਿੱਤਾ ਅਤੇ ਜ਼ਲਦੀ ਹੀ ਉਸ ਨੂੰ ਵੀ ਚੰਗੀ ਕੰਪਨੀ ਦਾ ਆਫਰ-ਲੈਟਰ ਮਿਲ ਗਿਆ।

**ਲੈਬ ਤੇ ਇੰਡਸਟਰੀ ਦੀ ਮਦਦ**

ਜੇ ਤੁਹਾਡੀ ਸੰਸਥਾ ਵਿਚ ਐਡਵਾਂਸ ਲੈਬ ਹੈ ਤਾਂ ਕਲਾਸ ਤੋਂ ਬਾਅਦ ਵੱਧ ਤੋਂ ਵੱਧ ਸਮਾਂ ਉਸ ਵਿਚ ਬਿਤਾਓ ਅਤੇ ਥਿਊਰੀ ਨੂੰ ਪ੍ਰੈਕਟੀਕਲ ਰੂਪ ’ਚ ਢਾਲਣ ਦਾ ਯਤਨ ਕਰੋ। ਜੇ ਤੁਹਾਡੇ ਮਨ ’ਚ ਕੋਈ ਜਗਿਆਸਾ ਪੈਦਾ ਹੁੰਦੀ ਹੈ ਤਾਂ ਆਪਣੇ ਇੰਸਟ੍ਰਕਟਰ ਅਤੇ ਇੰਟਰਨੈੱਟ ਦੀ ਮਦਦ ਨਾਲ ਇਸ ਨੂੰ ਦੂਰ ਕਰਨ ਦਾ ਯਤਨ ਕਰੋ। ਜੇ ਤੁਹਾਡੀ ਸੰਸਥਾ ’ਚ ਐਡਵਾਂਸ ਲੈਬ ਨਹੀਂ ਹੈ ਤਾਂ ਤੁਹਾਨੂੰ ਪਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ, ਤੁਸੀਂ ਇੰਟਰਨੈੱਟ ਦੀ ਮਦਦ ਨਾਲ ਆਪਣੀ ਜਾਣਕਾਰੀ ’ਚ ਵਾਧਾ ਕਰਨ ਦੀ ਕੋਸ਼ਿਸ਼ ਕਰੋ। ਜੇ ਤੁਹਾਡੇ ਕਾਲਜ ਦੇ ਨੇੜੇ-ਤੇੜੇ ਤੁਹਾਡੀ ਸਟ੍ਰੀਮ ਨਾਲ ਸਬੰਧ ਕੋਈ ਇੰਡਸਟਰੀ ਜਾਂ ਕੰਪਨੀ ਹੈ ਤਾਂ ਛੁੱਟੀਆਂ ਜਾਂ ਖਾਲੀ ਸਮੇਂ ਦੌਰਾਨ ਉਸ ਨਾਲ ਕੰਮ ਸਿੱਖਣ ਲਈ ਸੰਪਰਕ ਕਰੋ। ਇਕ ਥਾਂ ਕੰਮ ਨਾ ਬਣੇ ਤਾਂ ਦੂਸਰੀ ਜਗ੍ਹਾ ਯਤਨ ਕਰੋ। ਇਕ ਵਾਰ ਮੌਕਾ ਮਿਲ ਜਾਣ ਤੋਂ ਬਾਅਦ ਲਗਨ ਅਤੇ ਮਿਹਨਤ ਨਾਲ ਕੰਮ ਸਿੱਖੋ। ਇਸ ਗੱਲ ਦਾ ਲਾਭ ਤੁਹਾਨੂੰ ਐਗਜ਼ਾਮ ਵਿਚ ਵੀ ਮਿਲੇਗ। ਇਸ ਤੋਂ ਇਲਾਵਾ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਮਨਪਸੰਦ ਨੌਕਰੀ ਲੱਭਣ ’ਚ ਵੀ ਔਖ ਨਹੀਂ ਹੋਵੇਗੀ।•

### ਕਾਲਜ ਜਾਂ ਸੰਸਥਾ ਨੂੰ ਕਰੋ ਅਪੀਲ

ਏਆਈਸੀਟੀਈ ਦੀ ਇਸ ਪਹਿਲਕਦਮੀ ਨੂੰ ਵੇਖਦੇ ਹੋਏ ਤੁਸੀਂ ਵੀ ਆਪਣੇ ਕਾਲਜ ਜਾਂ ਸੰਸਥਾ ਦੇ ਪ੍ਰਬੰਧਕਾਂ ਨੂੰ ਇਹ ਅਪੀਲ ਕਰੋ ਕਿ ਉਹ ਇੰਡਸਟਰੀ ਨਾਲ ਟਾਈਅੱਪ ਕਰ ਕੇ ਕੈਂਪਸ ਵਿਚ ਇਕ ਛੋਟੀ ਜਿਹੀ ਯੂਨਿਟ ਲਗਾਉਣ ਦਾ ਯਤਨ ਕਰੇ। ਇਸ ਯੂਨਿਟ ਵਿਚ ਇੰਡਸਟਰੀ ਦੇ ਤਕਨੀਕੀ ਮਾਹਿਰਾਂ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਤਕਨੀਕੀ ਟਰੇਨਿੰਗ ਦਿੱਤੀ ਜਾਵੇ। ਇਸ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਦੂਸਰੀਆਂ ਸੰਸਥਾਵਾਂ ਦੇ ਮੁਕਾਬਲੇ ਨੌਕਰੀਆਂ ਦੀ ਪੇਸ਼ਕਸ਼ ਵੀ ਜ਼ਿਆਦ ਮਿਲੇਗੀ। ਅਜਿਹਾ ਕਰਨ ਨਾਲ ਭਾਰਤ ਤਕਨੀਕੀ ਨਿਰਮਾਣ ਦੀ ਦਿਸ਼ਾ ਵਿਚ ਤੇਜ਼ੀ ਨਾਲ ਵਿਕਾਸ ਕਰੇਗਾ। ਕਾਲਜ ਵਿਚ ਅਜਿਹੀ ਯੂਨਿਟ ਲਗਾਉਣੀ ਸੰਭਵ ਨਾ ਹੋਵੇ ਤਾਂ ਕੋਰਸ ਦੇ ਚੌਥੇ ਸਾਲ ਛੇ ਮਹੀਨੇ ਦੀ ਟ੍ਰੇਨਿੰਗ ਪ੍ਰਾਪਤ ਕੀਤੇ ਜਾਣ ਨੂੰ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਲਈ ਸੰਸਥਾਵਾਂ ਨੂੰ ਪਹਿਲ ਕਰਨੀ ਪਵੇਗੀ ਤਾਂ ਕਿ ਵਿਦਿਆਰਥੀਆਂ ਦਾ ਭਵਿੱਖ ਰੋਸ਼ਨ ਹੋ ਸਕੇ।



### AICTE ਦੀ ਪਹਿਲ

ਆਉਣ ਵਾਲੇ ਦਿਨਾਂ ਵਿਚ ਆਈਸੀਟੀਈ ਕਾਲਜਾਂ ਦੇ ਲਈ ਇੰਡਸਟਰੀ ਦੇ ਨਾਲ-ਨਾਲ ਟਾਈਅੱਪ ਕਰਨ ਨੂੰ ਲਾਜ਼ਮੀ ਕਰਨ ਜਾ ਰਹੀ ਹੈ। ਅਜਿਹਾ ਹੋਣ ’ਤੇ ਇੰਡਸਟਰੀ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਵਾਂਗ ਕਾਲਜ ਵਿਚ ਇਕ ਛੋਟੀ ਜਿਹੀ ਯੂਨਿਟ ਵੀ ਲਗਾ ਸਕਦੀ ਹੈ। ਜਿੱਥੇ ਉਨ੍ਹਾਂ ਕਾਲਜਾਂ ਦੇ ਵਿਦਿਆਰਥੀ ਟ੍ਰੇਨਿੰਗ ਲੈਣ ਦੇ ਨਾਲ-ਨਾਲ ਕੰਪਨੀਆਂ ਲਈ ਪ੍ਰੋਡਕਟਸ ਵੀ ਬਣਾ ਸਕਣ। ਇਨ੍ਹਾਂ ਯੂਨਿਟਾਂ ਨੂੰ ਕਾਇਮ ਕੀਤੇ ਜਾਣ ਨਾਲ ਵਿਦਿਆਰਥੀਆਂ ਦੇ ਹੁਨਰ ਵਿਕਾਸ ਵਿਚ ਵਾਧਾ ਹੋਵੇਗਾ। ਇਸ ਨਾਲ ਇੰਡਸਟਰੀ ਨੂੰ ਵੀ ਸਕਿੱਲਡ ਲੋਕਾਂ ਦੀ ਥੋੜ੍ਹ ਬਾਰੇ ਚਿੰਤਾ ਨਹੀਂ ਕਰਨੀ ਪਵੇਗੀ।

# ਸਫ਼ਲਤਾ ਦੇ ਲਈ ਰਿਸਕ ਵੀ ਲੈਣਾ ਪੈਂਦੈ

*“ਫੂਡ ਆਰਡਰਿੰਗ ਐਂਡ ਡਿਲਿਵਰੀ ਪਲੈਟਫਾਰਮ ‘ਸਵਿੱਗੀ’ ਦੇ ਸਹਿ-ਸੰਸਥਾਪਕ ਨੰਦਨ ਰੈਡੀ ਨੇ ਆਪਣੀ ਲਗਨ ਤੇ ਮਿਹਨਤ ਨਾਲ ਇਸ ਨੂੰ ਬੁਲੰਦੀ ’ਤੇ ਪਹੁੰਚਾਇਆ ਹੈ...”*

ਤਿੰਨ ਸਾਲ ਪਹਿਲਾਂ ਤਿੰਨ ਵਿਅਕਤੀਆਂ ਨੇ ਮਿਲ ਕੇ ਭਾਰਤੀ ਲੋਕਾਂ ਦੇ ਖਾਣ-ਪੀਣ ਦੀਆਂ ਆਦਤਾਂ ਨੂੰ ਬਦਲਣ ਬਾਰੇ ਸੋਚਿਆ। ਅੱਜ ‘ਸਵਿੱਗੀ’ ਭਾਰਤ ਦੇ ਸਭ ਤੋਂ ਵੱਡੇ ਫੂਡ ਆਰਡਰਿੰਗ ਐਂਡ ਡਿਲਿਵਰੀ ਪਲੈਟਫਾਰਮਜ਼ ਵਿੱਚੋਂ ਇਕ ਹੈ। ਇਹ ਪਲੈਟਫਾਰਮ ਦੇਸ਼ ਦੇ ਅੱਠ ਵੱਡੇ ਸ਼ਹਿਰਾਂ ਵਿਚ ਖਪਤਕਾਰਾਂ ਨੂੰ ਉਨ੍ਹਾਂ ਦੇ ਘਰਾਂ ਤਕ ਫੂਡ ਮੁਹੱਈਆ ਕਰਵਾ ਰਿਹਾ ਹੈ। ਕੰਪਨੀ ਦੇ ਸਹਿ-ਸੰਸਥਾਪਕ ਨੰਦਨ ਰੈਡੀ ਦਾ ਮੰਨਣਾ ਹੈ ਕਿ ਜਦੋਂ ਅਸੀਂ ਕੁਝ ਵੱਡਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਖ਼ਤਰਿਆਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਉਹ ਆਖਦੇ ਹਨ, ਬਿਟਸ ਪਿਲਾਨੀ ਤੋਂ ਫਿਜ਼ਿਕਸ ’ਚ ਮਾਸਟਰਜ਼ ਕਰਨ ਤੋਂ ਬਾਅਦ ਮੈਂ ਉੱਥੋਂ ਦੇ ਰੂਰਲ ਬੀਪੀਓ ਸੋਰਸ ਪਿਲਾਨੀ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਉੱਥੇ ਮੈਂ ਸੋਸ਼ਲ ਮੀਡੀਆ ਦੀ ਆਪ੍ਰੇਸ਼ਨਜ਼ ਟੀਮ ਨੂੰ ਵੇਖਦਾ ਸਾਂ। ਇਸ ਦੌਰਾਨ ਬਹੁਤ ਸਾਰੇ ਅਨੁਭਵ ਹੋਏ ਤੇ ਬਹੁਤ ਸਾਰੇ ਸਬਕ ਸਿੱਖੇ। ਜਿਵੇਂ, ਟੀਅਰ-4 ਲੋਕੇਸ਼ਨ ’ਚ ਸੀਮਤ ਸਾਧਨਾਂ ਨਾਲ ਕਿਵੇਂ ਕੰਮ ਕੀਤਾ ਜਾਂਦਾ ਹੈ? ਆਪਣੀ ਸਮਾਜਿਕ ਜ਼ਿੰਮੇਵਾਰੀ ਦੇ ਨਾਲ-ਨਾਲ ਅਪਣੇ ਕਾਰੋਬਾਰ ਦੇ ਟੀਚਿਆਂ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ?

ਇਸ ਤੋਂ ਬਾਅਦ ਮੈਨੂੰ ਬਿਜ਼ਨਸ ਕੰਸਲਟਿੰਗ ਐਸੋਸੀਏਟ ਦੇ ਤੌਰ ’ਤੇ ‘ਇੰਟੈਲੀਕੈਪ’ ਨਾਲ ਕੰਮ ਕਰਨ ਦ ਮੌਕਾ ਮਿਲਿਆ। ਜਿੱਥੋਂ ਤਕ ਇੰਟਰਪ੍ਰੇਨੇਓਰ ’ਚ ਆਉਣ ਦੀ ਗੱਲ ਹੈ ਤਾਂ ਇਹ ਇਕ ਲੰਬੇ ਸਮੇਂ ਤਕ ਚੱਲੀ ਪ੍ਰਕਿਰਿਆ ਹੈ। ਫੂਡ, ਟੈਕਨਾਲੋਜੀ ਅਤੇ ਲਾਜਿਸਟਿਕਸ ਦੇ ਖੇਤਰ ’ਚ ਮੇਰੀ ਦਿਲਚਸਪੀ ਨੇ ਮੈਨੂੰ ਇਸ ਪਾਸੇ ਲੈ ਕੇ ਆਂਦਾ। ਅਸਲ ਵਿਚ ਅਸੀਂ ਭਾਰਤ ਵਾਸੀਆਂ ਦੀਆਂ ਆਦਤਾਂ ਨੂੰ ਬਦਲਦੇ ਹੋਏ ਵੇਖਣਾ ਚਾਹੁੰਦੇ ਸਾਂ। ਇਕ ਚੰਗੀ ਟੀਮ ਦੇ ਸਹਿਯੋਗ ਨਾਲ ਅਸੀਂ ਆਪਣੇ ਖੇਤਰ ’ਚ ਸਫਲ ਹੋ ਸਕੇ ਹਾਂ।

**ਫੂਡ ਡਿਲਿਵਰੀ ਖੇਤਰ ਦੀਆਂ ਕਮੀਆਂ**

ਕਿਸੇ ਵੀ ਨਵੀਂ ਸ਼ੁਰੂਆਤ ਤੋਂ ਪਹਿਲਾਂ ਅਸੀਂ ਕਈ ਆਈਡੀਆਜ਼ ’ਤੇ ਕੰਮ ਕਰਦੇ ਹਾਂ। ‘ਸਵਿੱਗੀ’ ਤੋਂ ਪਹਿਲਾਂ ਮੈਂ ‘ਜ਼ੁਰਨਾ’ ਅਤੇ ‘ਗਾਲਾ’ ਨਾਂ ਦੇ ਦੋ ਵੈਂਚਰਜ਼ ਦੀ ਸਹਿ-ਸਥਾਪਨਾ ਕੀਤੀ। ਇਹ ਦੋਵੇਂ ਹੀ ਫੂਡ ਸਪੇਸ ਨਾਲ ਸਬੰਧਤ ਸਨ। ਸਾਲ 2014 ਵਿਚ ਦੇਸ਼ ਦੀ ਆਨਲਾਈਨ ਫੂਡ ਆਰਡਰਿੰਗ ਐਂਡ ਡਿਲਿਵਰੀ ਇੰਡਸਟਰੀ ਬੇਹੱਦ ਸ਼ੁਰੂਆਤੀ ਦੌਰ ਵਿਚ ਸੀ। ਗਾਹਕ ਤੋਂ ਲੈ ਕੇ ਰੈਸਟੋਰੈਂਟ ਮਾਲਕ ਤਕ, ਦੋਵੇਂ ਹੀ ਫੂਡ ਡਿਲਿਵਰੀ ਸਿਸਟਮ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਉਲਝਣਾਂ ਨਾਲ ਜੂਝ ਰਹੇ ਸਨ। ਮੈਨੂੰ ਲੱਗਾ ਕਿ ਇਸ ਖੇਤਰ ਵਿਚ ਸੁਧਾਰ ਕੀਤੇ ਜਾਣ ਦੀ ਕਾਫੀ ਗੁੰਜਾਇਸ਼ ਹੈ। ‘ਸਵਿੱਗੀ’ ਜ਼ਰੀਏ ਅਸੀਂ ਲਾਜਸਿਟਿਕਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਕੀਤਾ ਤਾਂ ਕਿ ਉਪਭੋਗਤਾ ਨੂੰ ਮਿਆਰੀ ਸੇਵਾਵਾਂ ਮਿਲਣ ਅਤੇ ਰੈਸਟੋਰੈਂਟ ਨੂੰ ਚੰਗਾ ਕਾਰੋਬਾਰ।•





### ਡਿਲਿਵਰੀ ਖੇਤਰ ’ਚ ਸਨ ਚੁਣੌਤੀਆਂ

ਡਿਲਿਵਰੀ ਸਬੰਧੀ ਸਾਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਰੈਸਟੋਰੈਂਟ ਪਾਰਟਨਰਜ਼ ਨੂੰ ਆਪਣੇ ਵਿਜ਼ਨ, ਬਿਜ਼ਨਸ ਮਾਡਲ ਆਦਿ ਬਾਰੇ ਜਾਣੂ ਕਰਵਾਉਣ, ਖਪਤਕਾਰਾਂ ਨੂੰ ਟ੍ਰੈਕਸ਼ਨ ਤੋਂ ਲੈ ਕੇ ਡਿਲਿਵਰੀ ਫਲੀਟ ਵਧਾਉਣ ਵਰਗੇ ਕਈ ਮਸਲੇ ਸਾਡੇ ਸਾਹਮਣੇ ਆਏ। ਟੈਕਨਾਲੋਜੀ ਦੇ ਮੋਰਚੇ ’ਤੇ ਇਹ ਯਕੀਨੀ ਬਣਾਉਣ ’ਚ ਸਾਨੂੰ ਸਮਾਂ ਲੱਗਾ ਕਿ ਗਾਹਕ ਤਕ ਫੂਡ ਡਿਲਿਵਰੀ ਕਰਨ ਵਿਚ ਕਿੰਨਾ ਸਮਾਂ ਲੱਗੇਗਾ।

# ਗੱਡੀਆਂ ਦੇ ਪੁਰਜ਼ੇ ਬਣਾਉਂਦਾ ਕੁਦਰਤ ’ਚ ਭਰਨ ਲੱਗਾ ਰੰਗ

## ਇੰਜੀਨੀਅਰ ਵਿਜੈ ਸ਼ਰਮਾ



**“ਆਪਣੀ ਸਨਅਤੀ ਇਕਾਈ ਦੀ ਸ਼ੁਰੂਆਤ**

ਪੜ੍ਹਾਈ ਤੋਂ ਬਆਦ ਮੈਂ ਇੰਡੀਅਨ ਆਟੋਇੰਡਸਟਰੀ ਵਿਚ ਦੇਸ਼ ਦੀਆਂ ਕਈ ਮਿਆਰੀ ਕੰਪਨੀਆਂ ’ਚ 20 ਸਾਲ ਕੰਮ ਕੀਤਾ। ਇਸ ਦੌਰਾਨ ਮੈਂ ਟਰੇਨੀ ਇੰਜੀਨੀਅਰ ਤੋਂ ਲੈ ਕੇ ਸੀਈਓ ਬਨਣ ਦਾ ਸਫ਼ਰ ਤਹਿ ਕੀਤਾ। ਮੇਰਾ ਉਦੇਸ਼ ਸੀ ਕਿ ਆਪਣੀ ਸਨਅਤੀ ਇਕਾਈ ਸ਼ੁਰੂ ਕਰਾਂ ਤੇ 2 ਜਨਵਰੀ 2009 ਨੂੰ ਮੈਂ ਆਪਣੀ ਇੰਡਸਟਰੀ ਦੀ ਸ਼ੁਰੂਆਤ ਕੀਤੀ। ਇਹ ਕੰਪਨੀ 6 ਸਾਲਾਂ ਤੋਂ ਦੇਸ਼ ਵਿਚ ਬਣ ਰਹੀਆਂ ਕਾਰ ਪਾਰਟਸ ਮਨੂਫੈਕਚਰਿੰਗ ਕੰਪਨੀਆਂ ’ਚ ਆਪਣੀ ਖਾਸ ਥਾਂ ਬਣਾ ਚੁਕੀ ਹੈ।

ਇਨਸਾਨ ਦੇ ਮਨ ’ਚ ਕੁਝ ਕਰਨ ਦੀ ਤਾਂਘ ਹੋਵੇ ਤਾਂ ਲੱਖਾਂ ਮੁਸੀਬਤਾਂ ਦੇ ਬਾਵਜੂਦ ਉਹ ਇਨਸਾਨ ਆਪਣੇ ਟੀਚੇ ਨੂੰ ਪ੍ਰਾਪਤ ਕਰ ਹੀ ਲੈਂਦਾ ਹੈ। ਅਜਿਹੀ ਹੀ ਸ਼ਖ਼ਸੀਅਤ ਦਾ ਨਾਂ ਹੈ ਵਿਜੇ ਸ਼ਰਮਾ (ਯੂਈ)। ਵਿਜੇ ਸ਼ਰਮਾ ਦਾ ਜਨਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਬੰਗਾ ਵਿਖੇ ਮਾਤਾ ਰਾਜ ਰਾਣੀ ਤੇ ਪਿਤਾ ਸਵਦੇਸ਼ ਕੁਮਾਰ ਸ਼ਰਮਾ ਦੇ ਘਰ 6 ਅਪ੍ਰੈਲ 1967 ਨੂੰ ਹੋਇਆ। ਉਨ੍ਹਾਂ ਮੁਢਲੀ ਸਿੱਖਿਆ ਸ੍ਰੀ ਗੁਰੂ ਹਰਗੋਬਿੰਦ ਖ਼ਾਲਸਾ ਹਾਈ ਸਕੂਲ ਬੰਗਾ ਤੋਂ ਅਤੇ ਬੀਐੱਸਸੀ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਗੋਲਡ ਮੈਡਲ ਨਾਲ ਪ੍ਰਾਪਤ ਕੀਤੀ। ਗੁਰੂ ਨਾਨਕ ਕਾਲਜ ਲੁਧਿਆਣਾ ਤੋਂ ਬੀਈ (ਮਕੈਨੀਕਲ) ਕੀਤੀ।ਅਤੇ ਲਾ ਟਰੋਬ ਯੂਨੀਵਰਸਿਟੀ ਆਸਟ੍ਰੇਲੀਆ ਤੋਂ ਐੱਮਬੀਏ (ਟੈਕਨਾਲੋਜੀ ਮੈਨੇਜਮੈਂਟ) ਕਰਨ ਉਪਰੰਤ ਹੁਣ ਉਹ ਚਾਰਲਸ ਸਟਰਟ ’ਵਰਸਿਟੀ ਆਸਟ੍ਰੇਲੀਆ ਤੋਂ ਪੀਐੱਚਡੀ ਕਰ ਰਹੇ ਹਨ। ਆਸਟ੍ਰੇਲੀਆ ਵਿਖੇ ਉਹ ਆਪਣੀ ਪਤਨੀ ਮਨਿੰਦਰ ਸ਼ਰਮਾ ਤੇ ਬੇਟੀ ਨਮਨ ਸ਼ਰਮਾ ਨਾਲ ਰਹਿ ਰਹੇ ਹਨ।

ਨਮਨ ਮਕੈਨੀਕਲ ਇੰਜੀਨੀਅਰਿੰਗ ਕਰ ਰਹੀ ਹੈ। ਵਿਜੈ ਸ਼ਰਮਾ ਹਿੰਦੀ ਫਿਲਮ ਰਾਈਟਰਜ਼ ਐਸੋਸੀਏਸ਼ਨ ਦੇ ਮੈਂਬਰ ਵੀ ਹਨ। ਸਕੂਲ ਸਮੇਂ ਤੋਂ ਹੀ ਵਿਜੈ ਸ਼ਰਮਾ ਨੇ ਰੰਗਾਂ ਨਾਲ ਖੇਡਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੂੰ ਕੈਨਵਸ ਤੇ ਬੁਰਸ ਨਾਲ ਲਕੀਰਾਂ ਮਾਰ ਕੇ ਆਨੰਦ ਆਉਂਦਾ ਸੀ। ਅੱਜ ਉਨ੍ਹਾਂ ਪੇਂਟਿੰਗਜ਼ ਦੀਆਂ ਵਿਦੇਸ਼ ਵਿਚ ਪ੍ਰਦਰਸ਼ਨੀਆਂ ਲੱਗ ਰਹੀਆਂ ਹਨ। ਵਿਜੈ ਸ਼ਰਮਾ ਨਾਲ ਗੱਲਬਾਤ ਕਰਨ ’ਤੇ ਉਨ੍ਹਾਂ ਦੀ ਜ਼ਿੰਦਗੀ ਅਤੇ ਕਲਾ ਦੇ ਕਈ ਪਹਿਲੂ ਉੱਭਰ ਕੇ ਸਾਹਮਣੇ ਆਏ :

**ਸੰਵਾਦ ਰਚਾਉਂਦੀਆਂ ਕਿਰਤਾਂ :**

ਮੇਰੀ ਬਚਪਨ ਤੋਂ ਹੀ ਰੰਗਾਂ ਨਾਲ ਸਾਂਝ ਰਹੀ ਹੈ। ਮੈਂ ਆਪਣੇ ਆਪ ਨੂੰ ਯੂਨੀਵਰਸਲ ਐਨਰਜੀ ਦਾ ਇਕ



ਹਿੱਸਾ ਮੰਨਦਾ ਹਾਂ ਤੇ ਉਸਦੇ ਨਾਲ, ਉਸ ਦੀ ਰਜ਼ਾ ਵਿਚ ਵਿਚਰਨ ਦੀ ਇੱਛਾ ਰੱਖਦਾ ਹਾਂ। ਇਹੀ ਸੋਚ ਮੇਰੀਆਂ ਤਸਵੀਰਾਂ ਤੇ ਲਿਖਤਾਂ ਦੀ ਬੁਨਿਆਦ ਹੈ। ਇਕ ਵਾਰ ਤੁਸੀਂ ਯੂਨੀਵਰਸਲ ਐਨਰਜੀ ਦੇ ਰਚਾਏ ਸੰਸਾਰ ’ਚ ਰੂਹਾਨੀ ਅਹਿਸਾਸ ਨੂੰ ਰੂਹ ’ਚ ਉਤਾਰ ਲੈਂਦੇ ਹੋ ਤਾਂ ਫੇਰ ਜੋ ਵੀ ਉਸ ਅਹਿਸਾਸ ਚੋਂ ਸਿਰਜਣਾ ਹੁੰਦੀ ਹੈ ਉਹ ਸੱਚ ਦੇ ਬਹੁਤ ਨੇੜੇ ਹੁੰਦੀ ਹੈ। ਮੇਰੀ ਹਰ ਪੇਂਟਿੰਗ ਤੇ ਲੇਖਣੀ ਦੀ ਇਕ ਜ਼ਿੰਮੇਵਾਰੀ ਹੈ ਕਿ ਉਹ ਵੇਖਣ-ਸੁਣਨ ਵਾਲੇ ਦੇ ਅੱਖਾਂ-ਕੰਨਾਂ ਨੂੰ ਸਿਰਫ਼ ਖ਼ੁਸ਼ੀ ਇਕ ਗਹਿਰਾ ਅਹਿਸਾਸ ਪੈਦਾ ਕਰਨ ਵਾਲੀ ਸਿਰਜਣਾ ਕਰਨ। ਇਕ ਅਜਿਹਾ ਅਹਿਸਾਸ, ਜੋ ਵੇਖਣ ਸੁਣਨ ਵਾਲੇ ਦੀ ਰੂਹ ਵਿਚ ਪਵਿੱਤਰਤਾ ਨਾਲ ਸਮਾਅ ਜਾਵੇ ਤੇ ਵੇਖਣ-ਸੁਣਨ ਵਾਲੇ ਦੀ ਸੋਚ ਨੂੰ ਅਗੇ ਤੋਰੇ। ਮੈਂ ਆਪਣੀ ਹਰ ਪੇਂਟਿੰਗ ਤੇ ਲਿਖਤ ਨੂੰ ਇਸ ਤਰਾਂ ਢਾਲਣ ਦੀ ਕੋਸ਼ਿਸ਼ ਕਰਦਾ ਹਾਂ ਕਿ ਉਹ ਜ਼ਿੰਦਾ ਇਨਸਾਨ ਵਾਂਗ ਆਪਣੇ ਅੰਦਰ ਲੁਕੇ ਥੀਮ ਬਾਰੇ ਮੂਹੋਂ ਬੋਲੇ ਤੇ ਵੇਖਣ-ਸੁਣਨ ਵਾਲੇ ਨਾਲ ਖ਼ੁਦ ਸੰਵਾਦ ਰਚਾਏ।

**ਗੈਲਰੀ ਦੀ ਸਥਾਪਨਾ :**

ਆਪਣੀਆਂ ਕਿਰਤਾਂ ਨੂੰ ਸਾਂਭਣ ਲਈ ਮੈਂ ਪੂਨਾ ਵਿਖੇ ਇਕ ਗੈਲਰੀ ਵੀ ਬਣਾਈ ਹੈ ਅਤੇ ਆਪਣੇ ਸਾਰੇ ਕੰਮ ਨੂੰ ਰੂਹ ਨਾਲ ਆਪਣੀ ਇਸ ਗੈਲਰੀ ’ਚ ਸਜਾਇਆ ਹੈ। ਇਸ ਗੈਲਰੀ ਦਾ ਨਾਂ ‘ਕਰਮਾ ਤੇ ਲਵ’ ਹੈ। ਮੈਨੂੰ ਆਪਣੀ ਐਨਰਜੀ ਤੋਂ ਇਹੀ ਸਮਝ ਆਇਆ ਹੈ ਕਿ ਸਾਡਾ ਜਨਮ ਇਕ ਖ਼ਾਸ ਥਾਂ ਅਤੇ ਖ਼ਾਸ ਵੇਲੇ ’ਤੇ ਕਿਸੇ ਖ਼ਾਸ ਮਕਸਦ ਲਈ ਹੁੰਦਾ ਹੈ। ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਸ ਮਾਲਕ ਦੇ ਸੌਂਪੇ ਹੋਏ ਕੰਮ ਨੂੰ ਪੂਰੀ ਰੂਹ ਨਾਲ ਨਿਭਾਈਏ ਤੇ ਉਸ ਦੀ ਰਜ਼ਾ ਵਿਚ ਖ਼ੁਸ਼ ਰਹੀਏ ॥ਮਾਲਕ ਨੇ ਸਾਥੋਂ ਦੋ ਹੀ ਉਮੀਦਾਂ ਰਖੀਆਂ ਨੇ- ਇਕ ਇਹ ਕਿ ਅਸੀਂ ਸੱਚੇ ਕਰਮ ਕਰੀਏ ਤੇ ਦੂਜਾ ਉਸ ਮਾਲਿਕ ਦੀ ਰਚੀ ਹਰ ਸ਼ੈਅ ਨਾਲ ਪਿਆਰ ਕਰੀਏ ॥ਇਸੇ ਲਈ ਮੈਂ ਆਪਣੀ ਗੈਲਰੀ ਦਾ ਨਾਂ ‘ਕਰਮਾ ਤੇ ਲਵ’ ਰੱਖਿਆ ਹੈ।

# ਵਜ਼ੀਫ਼ਿਆਂ ਬਾਰੇ ਜਾਣਕਾਰੀ

1. **ਤੋਲਾਨੀ ਮੈਰੀਟਾਈਮ ਬੀਟੈੱਕ ਮਰੀਨ ਇੰਜਨੀਅਰਿੰਗ ਸਕਾਲਰਸ਼ਿਪ** 2017 : ਸਾਲ 2017 ਵਿੱਚ ਫਿਜ਼ਿਕਸ, ਕੈਮਿਸਟਰੀ ਤੇ ਮੈਥ (ਪੀਸੀਐਮ) ਵਿਸ਼ੇ ਨਾਲ ਬਾਰ੍ਹਵੀਂ ਪਾਸ ਕਰਨ ਵਾਲੇ ਵਿਦਿਆਰਥੀ ਜਿਹੜੇ ਮਰੀਨ ਇੰਜਨੀਅਰਰਿੰਗ ਡਿਗਰੀ ਪ੍ਰੋਗਰਾਮ ਕਰਨ ਦੇ ਚਾਹਵਾਨ ਹਨ, ਉਨ੍ਹਾਂ ਵਿਦਿਆਰਥੀਆਂ ਕੋਲ ਤੋਲਾਨੀ ਇੰਸਟੀਚਿਊਟ ਵੱਲੋਂ ਦਾਖ਼ਲਾ ਸਹਿ ਸਕਾਲਰਸ਼ਿਪ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਵਿਦਿਆਰਥੀ ਨੇ ਪੀਸੀਐਮ ਨਾਲ ਬਾਰ੍ਹਵੀਂ 60 ਫ਼ੀਸਦੀ ਅੰਕਾਂ ਨਾਲ ਕੀਤੀ ਹੋਵੇ ਤੇ ਉਮਰ 21 ਸਾਲ ਤੋਂ ਵੱਧ ਨਾ ਹੋਵੇ। ਅੰਕਾਂ ਦੇ ਆਧਾਰ ’ਤੇ 40 ਹਜ਼ਾਰ ਤੱਕ ਦੀ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਵਜ਼ੀਫ਼ੇ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 31 ਮਈ ਹੈ। ਲਿੰਕ http://www.bDs.in/pt/TMIC ਹੈ।

2. **ਤੋਲਾਨੀ ਮੈਰੀਟਾਈਮ ਬੀਟੈੱਕ ਨੌਟੀਕਲ ਇੰਜਨੀਅਰਿੰਗ ਸਕਾਲਰਸ਼ਿਪ** 2017 : ਸਾਲ 2017 ਵਿੱਚ ਫਿਜ਼ਿਕਸ, ਕੈਮਿਸਟਰੀ ਤੇ ਮੈਥ (ਪੀਸੀਐਮ) ਵਿਸ਼ੇ ਨਾਲ ਬਾਰ੍ਹਵੀਂ ਪਾਸ ਕਰਨ ਵਾਲੇ ਵਿਦਿਆਰਥੀ ਜਿਹੜੇ ਬੀਟੈੱਕ ਨੌਟੀਕਲ ਇੰਜਨੀਅਰਰਿੰਗ ਡਿਗਰੀ ਪ੍ਰੋਗਰਾਮ ਕਰਨ ਦੇ ਚਾਹਵਾਨ ਹਨ, ਉਨ੍ਹਾਂ ਵਿਦਿਆਰਥੀਆਂ ਕੋਲ ਤੋਲਾਨੀ ਇੰਸਟੀਚਿਊਟ ਵੱਲੋਂ ਦਾਖ਼ਲਾ ਸਹਿ ਸਕਾਲਰਸ਼ਿਪ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਵਿਦਿਆਰਥੀ ਨੇ ਪੀਸੀਐਮ ਨਾਲ ਬਾਰ੍ਹਵੀਂ 60 ਫ਼ੀਸਦੀ ਅੰਕਾਂ ਨਾਲ ਕੀਤੀ ਹੋਵੇ ਤੇ ਉਮਰ 21 ਸਾਲ ਤੋਂ ਵੱਧ ਨਾ ਹੋਵੇ। ਅੰਕਾਂ ਦੇ ਆਧਾਰ ’ਤੇ 30 ਹਜ਼ਾਰ ਤੱਕ ਦੀ



ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਵਜ਼ੀਫ਼ੇ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 31 ਮਈ ਹੈ। ਲਿੰਕ http://www.bDs.in/pt/TMB@ ਹੈ।

3. **ਕਿਉਸ਼ੂ ਯੂਨੀਵਰਸਿਟੀ ਫਰੈਂਡਸ਼ਿਪ ਸਕਾਲਰਸ਼ਿਪ** 2017: ਭਾਰਤ ਦੇ ਕਿਸੇ ਵੀ ਮਾਨਤਾ ਪ੍ਰਾਪਤ ਕਾਲਜ ਜਾਂ ਯੂਨੀਵਰਸਿਟੀ ਤੋਂ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਸ਼ਨ ਡਿਗਰੀ ਪ੍ਰੋਗਰਾਮ ਦੇ ਵਿਦਿਆਰਥੀ 3 ਤੋਂ 12 ਮਹੀਨੇ ਲਈ ਐਕਸੇਂਜ ਪ੍ਰੋਗਰਾਮ ਤਹਿਤ ਜਪਾਨ ਦੀ ਕਿਉਸ਼ੂ ਯੂਨੀਵਰਸਿਟੀ ਦੀ ਇਸ ਫਰੈਂਡਸ਼ਿਪ ਸਕਾਲਰਸ਼ਿਪ ਵਾਸਤੇ ਅਰਜ਼ੀ ਦੇ ਸਕਦੇ ਹਨ। ਇਸ ਵਾਸਤੇ ਡਾਕ ਰਾਹੀਂ ਅਪਲਾਈ ਕੀਤਾ ਜਾ ਸਕਦਾ ਹੈ। ਸਕਾਲਰਸ਼ਿਪ 80 ਹਜ਼ਾਰ ਤੋਂ ਇੱਕ ਲੱਖ ਪ੍ਰਤੀ ਮਹੀਨਾ ਦਿੱਤੀ ਜਾਵੇਗੀ। ਇਸ ਵਜ਼ੀਫ਼ੇ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 31 ਮਈ ਹੈ। ਲਿੰਕ http://www.bDs.in/pt/KUF@ ਹੈ।

4. **ਚੈਟਹਮ ਹਾਊਸ ਅਕੈਡਮੀ ਏਸ਼ੀਆ ਫੈਲੋਸ਼ਿਪ** 2017 : ਭਾਰਤੀ ਯੁਵਾ ਪੇਸ਼ੇਵਰ, ਐਨਜੀਓ, ਸਰਕਾਰੀ ਵਿਭਾਗ, ਨਾਗਰਿਕ ਸੁਸਾਇਟੀਆਂ ਜਾਂ ਫਿਰ ਮੀਡੀਆ ਕਰਮੀ, ਜੋ ਸਾਈਬਰ ਇੰਟਰਨੈਸ਼ਨਲ ਲਾਅ ਪ੍ਰੋਗਰਾਮ, ਐਨਰਜੀ ਐਨਵਾਇਰਮੈਂਨ ਤੇ ਰਿਸਰਚ ਵਿਭਾਗ ਜਿਹੇ ਵਿਸ਼ਿਆਂ ‘ਤੇ 10 ਮਹੀਨੇ ਦੇ ਖੋਜ ਫੈਲੋਸ਼ਿਪ ਪ੍ਰੋਗਰਾਮ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਨ੍ਹਾਂ ਉਮੀਦਵਾਰਾਂ ਕੋਲੋਂ ਚੈਟਹਮ ਹਾਊਸ ਲੰਡਨ ਵੱਲੋਂ ਅਰਜ਼ੀਆਂ ਮੰਗੀਆਂ ਗਈਆਂ ਹਨ। ਇਸ ਲਈ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਵਿਦਿਆਰਥੀ ਅਪਲਾਈ ਕਰ ਸਕਦੇ ਹਨ। ਚੁਣੇ ਉਮੀਦਵਾਰ ਨੂੰ 2,160 ਪੌਂਡ ਪ੍ਰਤੀ ਮਹੀਨਾ ਦਿੱਤੇ ਜਾਣਗੇ। ਇਸ ਵਜ਼ੀਫ਼ੇ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 31 ਮਈ ਹੈ। ਲਿੰਕ http://www.bDs.in/pt/AAFB ਹੈ।

# ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪੰਜਾਬ ਪੁਲਿਸ ਨਾਲ ਮਿਲਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ: ਗੁਰਬੰਸ ਸਿੰਘ ਬੈਂਸ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਪੰਜਾਬ ਪੁਲਿਸ ਨਾਲ ਮਿਲਕੇ ਕੰਮ ਕਰ ਰਹੀਆਂ ਹਨ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕੇਂਦਰ ਪਟਿਆਲਾ ਪੁਲਿਸ , ਮੈਂਬਰ ਵੂਮੈਨ ਕੌਸਲਿਗ ਸੈਲ ਪਟਿਆਲਾ ਪੁਲਿਸ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਐਸ ਪੀ ਪਟਿਆਲਾ ਇੰਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਨਾਲ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਮੁਲਾਕਾਤ ਕੀਤੀ । ਇਸ ਮੌਕੇ ਵਿਸ਼ੇਸ਼ ਤੌਰ ਤੇ ਅਰਮਾਨ ਮਲਿਕ, ਸ਼ੇਖਰ ਚੋਰਸੀਆ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ,ਗੁਰਜੀਤ ਸਿੰਘ ਲੱਕੀ ਹਰਦਾਸਪੁਰ ਵੀ ਹਾਜ਼ਰ ਸਨ। ਇਸ ਮੌਕੇ ਐਸ ਪੀ ਇੰਨਵੈਸਟੀਗੇਸ਼ਨ ਪਟਿਆਲਾ ਗੁਰਬੰਸ ਸਿੰਘ ਬੈਂਸ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਬਹੁਤ ਲੰਮੇ ਸਮੇਂ ਤੋਂ ਪੰਜਾਬ ਪੁਲਿਸ ਨਾਲ ਮਿਲਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ। ਉਹਨਾਂ ਕਿਹਾ ਕਿ ਅੱਜ ਕਈ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ ਇਸ ਲਈ ਉਹਨਾਂ ਨੂੰ ਨਸ਼ਿਆਂ ਤੋਂ ਬਹਾਰ ਕੱਢਣ ਲਈ ਉਹਨਾਂ ਦੀ ਕੌਸਲਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਕੇ ਉਹਨਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਕਿਹਾ ਕਿ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਛੱਡਣ ਵਾਲੇ ਨੌਜਵਾਨਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ ਅਤੇ ਉਹਨਾਂ ਕਿਹਾ ਕਿ ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਅਤੇ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੀ ਸਰਪ੍ਰਸਤੀ ਹੇਠ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪਬਲਿਕ ਦਾ ਸਹਿਯੋਗ ਜ਼ਰੂਰੀ ਹੈ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਸ ਵਿੱਚ ਹੋਰਨਾਂ ਨੂੰ ਵੀ ਅੱਗੇ ਆ ਕੇ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਪੰਚਾਇਤ ਵਿਭਾਗ ਦੇ ਐਸ. ਈ. ਪੀ. ਓ. ਨੇ ਸਰਵਿਸ ਨਿਯਮਾਂ ਨੂੰ ਟੰਗਿਆ ਛਿੱਕੇ

## ਬੀ. ਡੀ. ਪੀ. ਓ. ਦੀ ਮਿਲੀਭੁਗਤ ਨਾਲ ਪਰਚਾ ਦਰਜ ਹੋਣ ਦੇ ਬਾਵਜੂਦ ਕਿਵੇਂ ਲੱਗਦੀ ਰਹੀ ਹਾਜ਼ਰੀ ?

**ਪਟਿਆਲਾ, 18 ਅਪ੍ਰੈਲ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਭ੍ਰਿਸ਼ਟਾਚਾਰ 'ਤੇ ਜ਼ੀਰੋ ਟਾਲਰੈਂਸ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪਟਿਆਲਾ ਦਿਹਾਤੀ ਬਲਾਕ ਦੇ ਐਸ. ਈ. ਪੀ. ਓ. ਨੇ ਸਰਕਾਰ ਦੇ ਸਰਵਿਸ ਰੂਲਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਪਰਚਾ ਦਰਜ ਹੋਣ ਦੇ ਬਾਵਜੂਦ ਵੀ ਬਿਨ੍ਹਾਂ ਸਸਪੈਂਡ ਹੋਏ ਹਾਜ਼ਰੀ ਲੱਗਣੀ ਸਵਾਲਾਂ ਦੇ ਘੇਰੇ 'ਚ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਟਿਆਲਾ ਦਿਹਾਤੀ ਬਲਾਕ ਦੇ ਐਸ. ਈ. ਪੀ. ਓ. ਜਗਵਿੰਦਰ ਸਿੰਘ ਖਿਲਾਫ ਵਿਜੀਲੈਂਸ ਵੱਲੋਂ 2018 ਵਿਚ ਐਫ. ਆਈ. ਆਰ. ਨੰਬਰ 16 ਧਾਰਾ 409, 420, 465, 466, 468, 471, 120ਬੀ ਆਈ. ਪੀ. ਸੀ. ਦੀ ਧਾਰਾ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਜਿਸ 'ਤੇ ਪਰਚਾ ਦਰਜ ਹੋਣ ਦੇ ਬਾਵਜੂਦ ਵੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਕਿਸੇ ਵੀ ਅਧਿਕਾਰੀ ਨੇ ਇਸ ਨੂੰ ਸਸਪੈਂਡ ਨਹੀਂ ਕੀਤਾ ਗਿਆ। ਉਲਟਾ ਜਮਾਨਤ ਨਾ ਹੋਣ ਤੱਕ ਫਰਲੋ 'ਤੇ ਫਰਾਰ ਐਸ. ਈ. ਪੀ. ਓ. ਦੀ ਹਾਜ਼ਰੀ ਲਗਵਾਉਣ ਲਈ ਉਸ ਸਮੇਂ ਦੇ ਬੀ. ਡੀ. ਪੀ. ਓ. ਚਾਰਾਜੋਈ ਕੀਤੀ ਗਈ। ਜੋ ਕਿ ਸਰਵਿਸ ਰੂਲਾਂ ਦੇ ਵੀ ਉਲਟ ਸੀ। ਜਦੋਂਕਿ ਪੰਜਾਬ ਸਰਕਾਰ ਵਿਭਾਗਾਂ ਅੰਦਰ ਭ੍ਰਿਸ਼ਟਾਚਾਰ ਅਤੇ ਹੋਰ ਗਲਤ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਮੁਲਾਜ਼ਮਾਂ 'ਤੇ ਕਾਰਵਾਈ ਕਰਨ ਦੀ ਪ੍ਰਵਾਹ ਨਹੀਂ ਕਰਦੀ। ਪਰ ਐਨਾ ਵੱਡਾ ਮਾਮਲਾ ਹੋਣ ਦੇ ਬਾਵਜੂਦ ਵੀ ਕਿਸੇ ਵੀ ਅਧਿਕਾਰੀ ਨੇ ਇਨ੍ਹਾਂ 'ਤੇ ਕਾਰਵਾਈ ਨਹੀਂ ਕੀਤੀ। ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਵਿਭਾਗਾਂ ਅੰਦਰ ਭ੍ਰਿਸ਼ਟਾਚਾਰ ਰਾਹੀਂ ਪਰਚਾ ਦਰਜ ਵਾਲੇ ਮੁਲਾਜ਼ਮਾਂ ਨੂੰ ਵੀ ਬਚਾਉਣ ਲਈ ਸਰਕਾਰ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਿੰਡ ਅਜਨੌਦਾ ਖੁਰਦ ਵਿਖੇ 2013 ਤੋਂ 2018 ਤੱਕ ਜਗਵਿੰਦਰ ਸਿੰਘ ਬਤੌਰ ਸੈਕਟਰੀ ਤਾਇਨਾਤ ਸੀ। ਜਿਸ 'ਤੇ ਪਰਚਾ ਦਰਜ ਹੋਣ ਤੋਂ ਬਾਅਦ ਵੀ ਮੌਕੇ ਦੇ ਤਾਇਨਾਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਤਰੱਕੀ ਦੇ ਕੇ ਐਸ. ਈ. ਪੀ. ਓ. ਬਣਾ ਦਿੱਤਾ ਗਿਆ ਤਾਂ ਜੋ 2026 ਵਿਚਕਾਰ ਇਸ ਦੀ ਰਿਟਾਇਰਮੈਂਟ ਵੇਲੇ ਇਸ ਨੂੰ ਪੂਰਾ ਲਾਭ ਮਿਲ ਸਕੇ। ਦੱਸਣਯੋਗ ਹੈ ਕਿ ਸਰਕਾਰ ਅੱਖਾਂ ਮੀਚ ਕੇ ਪੰਜਾਬ ਦੇ ਖਜਾਨੇ ਨੂੰ ਲੁਟਾਉਣ 'ਤੇ ਲੱਗੀ ਹੋਈ ਹੈ। ਜਦੋਂਕਿ ਭ੍ਰਿਸ਼ਟਾਚਾਰ ਨਾਲ ਜੁੜੇ ਵਿਅਕਤੀਆਂ ਖਿਲਾਫ ਤੁਰੰਤ ਕਾਰਵਾਈ ਕਰਕੇ ਉਨ੍ਹਾਂ ਨੂੰ ਟਰਮੀਨੇਟ ਕਰਨਾ ਬਣਦਾ ਸੀ। ਉਲਟਾ ਇਸ ਨੂੰ ਪ੍ਰਮੋਸ਼ਨ ਦਿੱਤੀ ਗਈ। ਲਿਹਾਜ਼ਾ ਪਿੰਡ ਹਰਿਆਊ ਖੁਰਦ ਦੀ ਸ਼ਾਮਲਾਟ ਜਮੀਨ ਮਾਮਲੇ ਦੇ ਵਿਚ ਵੀ ਇਹ ਸਖਸ਼ ਸ਼ਾਮਲ ਹੈ। ਅਜਿਹੇ ਹੋਰ ਕਈ ਤੱਥ ਸਾਹਮਣੇ ਆਉਣ ਦੀਆਂ ਸੰਭਾਵਨਾਵਾਂ ਹਨ।

**ਕੀ ਕਹਿੰਦੇ ਹਨ ਡੀ. ਡੀ. ਪੀ. ਓ.**

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡੀ. ਡੀ. ਪੀ. ਓ. ਮਹਿੰਦਰਜੀਤ ਸਿੰਘ ਨਾਲ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਮੁੱਚੇ ਮਾਮਲੇ ਦੀ ਪੜ੍ਹਤਾਲ ਕਰਕੇ ਕਾਰਵਾਈ ਕੀਤੀ ਜਾਵੇਗੀ। ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਰਾਜਿੰਦਰਾ ਹਸਪਤਾਲ ਦੀ ਨਵ-ਨਿਯੁਕਤ ਦਰਜ਼ਾ ਚਾਰ ਯੂਨੀਅਨ ਪ੍ਰਧਾਨ ਮੋਨਿਕਾ ਮਸੀਹ ਨੇ ਪ੍ਰਮਾਤਮਾ ਦਾ ਓਟ ਆਸਰਾ ਲੈਂਦਿਆਂ ਸੰਭਾਲਿਆ ਦਫ਼ਤਰ ਦਾ ਚਾਰਜ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਰਜਾਚਾਰ ਕਰਮਚਾਰੀ ਯੂਨੀਅਨ ਰਾਜਿੰਦਰਾ ਹਸਪਤਾਲ ਦੀ ਵੋਟਿੰਗ ਰਾਹੀਂ ਜਿੱਤ ਪ੍ਰਾਪਤ ਕਰਨ ਬਾਅਦ ਪ੍ਰਧਾਨ ਵਜੋਂ ਮੋਨਿਕਾ ਮਸੀਹ ਵੱਲੋਂ ਅਹੁਦਾ ਸੰਭਾਲਿਆ ਗਿਆ ਹੈ। ਇਸ ਤੋਂ ਪਹਿਲਾਂ ਇਥੇ ਯੂਨੀਅਨ ਦਫ਼ਤਰ, ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 135ਵੇਂ ਜਨਮ ਦਿਵਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਤੇ ਸਾਂਝੇ ਮੋਰਚੇ ਦੇ ਪ੍ਰਮੁੱਖ ਆਗੂ ਸ੍. ਦਰਸ਼ਨ ਸਿੰਘ ਬੇਲੂਮਾਜਰਾ, ਐਸ ਸੀ ਬੀ ਸੀ ਲੋਕ ਏਕਤਾ ਫਰੰਟ ਦੇ ਕਨਵੀਨਰ ਅਵਤਾਰ ਸਿੰਘ ਕੈਂਥ, ਐਸ ਬੀ ਆਈ ਦੇ ਪ੍ਰਧਾਨ ਹੁਸ਼ਿਆਰ ਚੰਦ , ਹਰਦੀਪ ਚੁੰਬਰ, ਪ੍ਰਧਾਨ ਏਕਤਾ ਫਰੰਟ ਅਤੇ ਰਾਜਿੰਦਰਾ ਹਸਪਤਾਲ/ ਮੈਡੀਕਲ ਕਾਲਜ ਦੇ ਪ੍ਰਮੁੱਖ ਆਗੂ ਸਵਰਨ ਸਿੰਘ ਬੰਗਾ ਪ੍ਰਧਾਨ ਜੁਆਇੰਟ ਐਕਸ਼ਨ ਕਮੇਟੀ ਸਮੇਤ ਅਨੇਕਾਂ ਡਾਕਟਰ ਸਾਹਿਬਾਨ, ਅਧਿਕਾਰੀਆਂ, ਸਮਾਜ ਸੇਵਕਾਂ ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਹਾਜ਼ਰੀ ਲਗਵਾਈ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਲਈ ਅਤੇ ਕੱਚੇ ਕਾਮਿਆਂ ਦੇ ਪੱਕੇ ਹੋਣ ਲਈ ਅਰਦਾਸ ਕੀਤੀ ਗਈ। ਬਾਅਦ ਵਿਚ ਰਾਜਿੰਦਰਾ ਹਸਪਤਾਲ ਦੇ 35 ਸਾਲਾਂ ਦੇ ਯੂਨੀਅਨ ਇਤਿਹਾਸ ਵਿੱਚ ਮੋਨਿਕਾ ਮਸੀਹ ਨੇ ਪਹਿਲੀ ਮਹਿਲਾ ਪ੍ਰਧਾਨ ਦੇ ਤੌਰ ਤੇ ਆਪਣਾਂ ਚਾਰਜ ਸੰਭਾਲਿਆ ਅਤੇ ਬਾਬਾ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਸੰਕਲਪ ਲੈਂਦਿਆਂ ਮੁਲਾਜ਼ਮਾਂ ਦੀ ਭਲਾਈ ਲਈ 24 ਘੰਟੇ ਕੰਮ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਦਾ ਵਿਸ਼ਵਾਸ ਦਿਵਾਇਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਮਜੀਤ ਕੌਰ ਔਲਖ ਪ੍ਰਧਾਨ ਨਰਸਿੰਗ ਐਸੋਸੀਏਸ਼ਨ, ਰਾਕੇਸ਼ ਕੁਮਾਰ ਕਲਿਆਣ, ਪ੍ਰਧਾਨ ਐਲ ਏ ਐਸੋਸੀਏਸ਼ਨ,ਅਰੁਨ ਕੁਮਾਰ, ਮੈਡੀਕਲ ਕਾਲਜ, ਸੁਰਜੀਤ ਸਿੰਘ ਗੋਰੀਆ, ਜਸਵੀਰ ਸਿੰਘ ਖੋਖਰ, ਹਰਵਿੰਦਰ ਸਿੰਘ ਨਰੜੂ, ਲਖਵਿੰਦਰ ਸਿੰਘ ਖ਼ਾਨਪੁਰ, ਜ਼ਿਲ੍ਹਾ ਪ੍ਰਧਾਨ ਨੀਂ ਐਸ ਐਸ ਐਫ, ਪਟਿਆਲਾ, ਜਸਵਿੰਦਰ ਸਿੰਘ ਸੌਂਜਾ, ਜਨਰਲ ਸਕੱਤਰ ਰਾਜਪਾਲ ਸਿੰਘ ਲਸੋਈ, ਸੁਖਵਿੰਦਰ ਸਿੰਘ ਕਲੇਰ, ਧਰਮਪਾਲ ਲੌਹਟ, ਰਾਜਿੰਦਰ ਸਿੰਘ ਧਾਲੀਵਾਲ, ਮਾਸਟਰ ਗੁਰਬਚਨ ਸਿੰਘ, ਗੁਰਮੇਲ ਸਿੰਘ ਬੁੰਮਣਾ, ਸਤਨਾਮ ਸੌਂਜਾ , ਕੁਲਵਿੰਦਰ ਸਿੰਘ ਸ਼ੰਭੂ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮਾਡਲ ਸਕੂਲ ਦੇ ਐਨ.ਸੀ.ਸੀ ਕੈਡਿਟਾਂ ਵੱਲੋਂ ਏਅਰ ਮਾਰਸ਼ਲ ਅਰਜਨ ਸਿੰਘ ਦੇ ਜਨਮ ਦਿਵਸ ਤੇ ਫਲਾਇੰਗ ਕੀਤੀ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ.ਸੀ.ਸੀ ਕੈਡਿਟਾਂ ਨੇ ਏਅਰ ਮਾਰਸ਼ਲ ਅਰਜਨ ਸਿੰਘ ਦੇ ਜਨਮ ਦਿਵਸ ਮੌਕੇ ਪਟਿਆਲਾ ਏਵੀਏਸ਼ਨ ਕਲੱਬ ਵਿਖੇ ਗਰੁੱਪ ਕੈਪਟਨ ਸੋਮਨਾਥ ਮਿੱਤਰਾ ਦੀ ਅਗਵਾਈ ਹੇਠ ਫਲਾਇੰਗ ਕਰਕੇ ਹਵਾਈ ਜਹਾਜ਼ ਦਾ ਆਨੰਦ ਮਾਣਿਆ। ਸਕੂਲ ਦੇ ਕੈਡਿਟਾਂ ਵੱਲੋਂ ਏਅਰ ਮਾਰਸ਼ਲ ਅਰਜਨ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਵਸ ਮੌਕੇ ਯਾਦ ਕੀਤਾ ਗਿਆ। ਸਵੇਰ ਦੀ ਸਭਾ ਵਿੱਚ ਸਕੂਲ ਦੀਆਂ ਕੈਡਿਟਾਂ ਦ੍ਰਿਸ਼ਟੀ ਅਤੇ ਨੂਰਵਿੰਦਰ ਕੌਰ ਨੇ ਭਾਸ਼ਣ ਦਿੰਦੇ ਹੋਏ ਏਅਰ ਮਾਰਸ਼ਲ ਅਰਜਨ ਸਿੰਘ ਬਾਰੇ ਚਾਨਣਾ ਪਾਇਆ। ਕੈਡਿਟਾਂ ਵੱਲੋਂ ਫਲਾਇੰਗ ਕਰਕੇ ਬਹੁਤ ਉਸ਼ਾਹ ਮਹਿਸੂਸ ਕੀਤਾ। ਸੀਨੀਅਰ ਅਧਿਆਪਕ ਹਰਪ੍ਰੀਤ ਸਿੰਘ ਅਤੇ ਏ.ਐਨ.ਓ ਸਤਵੀਰ ਸਿੰਘ ਗਿੱਲ (ਸਕੂਲ ਪ੍ਰਿੰਸੀਪਲ)ਵੱਲੋਂ ਕੈਡਿਟਾਂ ਨੂੰ ਹਵਾਈ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐਨ.ਸੀ.ਸੀ ਏਅਰਵਿੰਗ ਦੇ ਸਾਰਜੰਟ ਸ੍ਰੀ ਐਮ. ਕੇ ਪਾਂਡੇ, ਸ੍ਰੀ ਮਨਦੀਪ ਕੁਮਾਰ,ਸੀ.ਪੀ.ਐਲ, ਸ੍ਰੀ ਐਸ.ਕੇ.ਪ੍ਰਸ਼ਾਦ, ਸ੍ਰੀ ਰਿਤਿਕ ਕੁਮਾਰ ਅਤੇ ਜੀ.ਸੀ.ਆਈ ਸ੍ਰੀਮਤੀ ਰਮਨਜੀਤ ਕੌਰ ਵੀ ਮੌਜੂਦ ਸਨ।

# ਬਲਾਕ ਕਾਂਗਰਸ ਕਮੇਟੀ ਨੇ ਬਾਬਾ ਸਾਹਿਬ ਦੇ ਜਨਮ ਦਿਨ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ

**ਮਾਛੀਵਾੜਾ ਸਾਹਿਬ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਸਟਰ ਸਤੀਸ਼ ਕੁਮਾਰ ਸੰਵਿਧਾਨ ਨਿਰਮਾਤਾ , ਦੱਬੇ ਕੁਚਲੇ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਪੂਰੇ ਵਿਸ਼ਵ ਅੰਦਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ । ਇਸੇ ਤਹਿਤ ਮਾਛੀਵਾੜਾ ਸਾਹਿਬ ਵਿਖੇ ਬਲਾਕ ਕਾਂਗਰਸ ਕਮੇਟੀ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਲੱਡੂ ਵੰਡੇ ਗਏ। ਡਾਕਟਰ ਭੀਮ ਰਾਓ ਅੰਬੇਡਕਰ ਚੌਕ ਕੁਹਾੜਾ ਰੋਡ ਮਾਛੀਵਾੜਾ ਵਿਖੇ ਉਨਾਂ ਦੀ ਮੂਰਤੀ ਤੇ ਫੁੱਲ ਮਾਦਾਵਾਂ ਭੇਂਟ ਕਰਨ ਉਪਰੰਤ ਕਾਂਗਰਸ ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ ਨੇ ਕਿਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਜਿਨਾਂ ਨੇ ਦੇਸ਼ ਦਾ ਸੰਵਿਧਾਨ ਲਿਖਿਆ ਉਹਨਾਂ ਨੇ ਹਰ ਇੱਕ ਨਾਗਰਿਕ ਨੂੰ ਬਰਾਬਰ ਦਾ ਹੱਕ ਦਿੱਤਾ ਨੇ ਔਰਤਾਂ ਨੂੰ ਬਰਾਬਰ ਕਰਕੇ ਉਹਨਾਂ ਨੂੰ ਆਪਣੇ ਪੈਰਾਂ ਤੇ ਖੜਾ ਕਰ ਦਿੱਤਾ ਹੈ ।ਉਹਨਾਂ ਦੀ ਬਦੌਲਤ ਹੀ ਅੱਜ ਧੀਆਂ ਵੱਡੇ ਮੁਕਾਮ ਹਾਸਲ ਕਰ ਰਹੀਆਂ ਹਨ ।

ਡਾਕਟਰ ਸਾਹਿਬ ਨੇ ਆਪਣੇ ਜੀਵਨ ਵਿੱਚ ਅਨੇਕਾਂ ਹੀ ਦੁੱਖ ਝੱਲਕੇ ਪੜ੍ਹਾਈ ਕੀਤੀ ਅਤੇ ਵੱਡੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਬਾਬਾ ਕੇ ਵੱਡੀ ਜ਼ਿੰਮੇਵਾਰੀ ਨਾਲ ਭਾਰਤ ਦਾ ਸੰਵਿਧਾਨ ਲਿਖਿਆ, ਜੋ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਬਰਾਬਰਤਾ ਦਾ ਹੱਕ ਦਿੰਦਾ ਹੈ। ਪਰ ਦੇਸ਼ ਅੰਦਰ ਕੁਝ ਇਹੋ ਜਿਹੇ ਲੋਕ ਹਨ ਜੋ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਤੋੜਨ ਦੀਆਂ ਗੱਲਾਂ ਕਰਦੇ ਹਨ ਤੇ ਕਈ ਥਾਵਾਂ ਤੇ ਬਾਬਾ ਸਾਹਿਬ ਦੇ ਬੁੱਤਾਂ ਉੱਪਰ ਵੀ ਹਮਲਾ ਕੀਤਾ ਜਾਂਦਾ ਹੈ ਜੋ ਕਿ ਅਤਿ ਨਿੰਦਣਯੋਗ ਹੈ। ਉਹ ਅੱਜ ਵੀ ਲੋਕਾਂ ਦੇ , ਦਿਲਾਂ ਵਿੱਚ ਵਸਦੇ ਹਨ । ਸਾਨੂੰ ਬਾਬਾ ਸਾਹਿਬ ਦੇ ਬਣਾਏ ਹੋਏ ਸੰਵਿਧਾਨ ਤੋਂ ਸੇਧ ਲੈਣੀ ਚਾਹੀਦੀ ਹੈ ।ਉਹਨਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਤੇ ਸਾਰੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ। ਇਸ ਮੌਕੇ ਮੰਡਲ ਪ੍ਰਧਾਨ ਨੰਦ ਕਿਸ਼ੋਰ, ਰਕੇਸ਼ ਕੁਮਾਰ ਸਿੰਦੂ, ਯੁਵਰਾਜਜੀਤ ਸਿੰਘ ਰਾਏ।

# ਅਮਰਨਾਥ ਯਾਤਰਾ ਲਈ ਮੈਡੀਕਲ ਚੈੱਕਅਪ ਸ਼ੁਰੂ

**ਲੁਧਿਆਣਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰਨਾਥ ਯਾਤਰਾ ਲਈ ਮੈਡੀਕਲ ਚੈੱਕਅਪ ਸ਼ੁਰੂ, ਪਹਿਲੇ ਹੀ ਦਿਨ ਇੱਕ ਹਜ਼ਾਰ ਤੋਂ ਵੱਧ ਸ਼ਰਧਾਲੂ ਪਹੁੰਚੇ; ਭਾਰੀ ਭੀੜ ਕਾਰਨ ਬੁਲਾਉਣੀ ਪਈ ਪੁਲਿਸਯਾਤਰੀਆਂ ਦੀ ਸਿਹਤ ਜਾਂਚ ਲਈ ਵਿਸ਼ੇਸ਼ ਮਾਹਿਰ ਡਾਕਟਰਾਂ ਦੀ ਟੀਮ ਤਾਇਨਾਤ ਕੀਤੀ ਗਈ ਹੈ, ਜਿਸ ਵਿੱਚ ਮੈਡੀਕਲ ਸਪੈਸ਼ਲਿਸਟ, ਮੈਡੀਕਲ ਅਫ਼ਸਰ, ਸਟਾਫ਼ ਨਰਸਾਂ ਅਤੇ ਇੰਟਰਨ ਸ਼ਾਮਲ ਹ ਲੁਧਿਆਣਾ: ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਬੁੱਧਵਾਰ ਤੋਂ ਅਮਰਨਾਥ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੇ ਮੈਡੀਕਲ ਟੈਸਟ ਸ਼ੁਰੂ ਹੋ ਗਏ ਹਨ। ਪਹਿਲੇ ਹੀ ਦਿਨ ਸ਼ਿਵ ਭਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਇੱਕ ਹਜ਼ਾਰ ਤੋਂ ਵੱਧ ਸ਼ਰਧਾਲੂ ਹਸਪਤਾਲ ਪਹੁੰਚੇ। 'ਬਮ ਬਮ ਭੋਲੇ' ਦੇ ਜੈਕਾਰਿਆਂ ਦੇ ਵਿਚਕਾਰ ਸ਼ਰਧਾਲੂ ਟੋਕਨ ਲੈ ਕੇ ਲੰਬੀਆਂ ਕਤਾਰਾਂ ਵਿੱਚ ਲੱਗੇ ਨਜ਼ਰ ਆਏ। ਸ਼ਰਧਾਲੂਆਂ ਦੀ ਬੇਹੱਦ ਭੀੜ ਕਾਰਨ ਹਸਪਤਾਲ ਪ੍ਰਬੰਧਨ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਥਿਤੀ ਨੂੰ ਕੰਟਰੋਲ ਕਰਨ ਲਈ ਮੌਕੇ 'ਤੇ ਪੁਲਿਸ ਬੁਲਾਉਣੀ ਪਈ।

# ਡਾ. ਭੀਮ ਰਾਓ ਅੰਬੇਡਕਰ ਜੀ ਦੀ 135 ਵੀਂ ਜਯੰਤੀ ਮਨਾਈ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ. ਸੀ., ਬੀ.ਸੀ, ਕਰਮਚਾਰੀ ਫੈਡਰੇਸ਼ਨ (ਰਜ਼ਿ) ਪੰਜਾਬ ) ਅੱਜ ਪਟਿਆਲਾ ਦੇ ਮਿਨੀ ਸੈਕਟਰੀਏਟ ਵਿਖੇ ਐਸ.ਸੀ.ਬੀ.ਸੀ.ਕਰਮਚਾਰੀ ਫੈਡਰੇਸ਼ਨ (ਰਜ਼ਿ) ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਬੂਟਾ ਰਾਮ ਸ਼ਤਰਾਣਾ ਅਤੇ ਸੂਬਾ ਸਕੱਤਰ ਜਨਰਲ ਜਸਵਿੰਦਰ ਸਿੰਘ ਚਪੜ ਸਟੇਟ ਐਵਾਰਡੀ ਦੀ ਅਗਵਾਈ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ 135ਵੀਂ ਜਯੰਤੀ ਬੜੀ ਧੂਮਧਾਮ ਤੇ ਸ਼ਰਧਾ-ਸਤਿਕਾਰ ਨਾਲ ਮਨਾਈ ਗਈ। ਜਿੱਥੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪਵਿੱਤਰ ਸਟੈਚੂ ਨੂੰ ਮਾਲਾ ਅਰਪਣ ਕੀਤੀਆਂ ਗਈਆਂ ਉਨ੍ਹਾਂ ਦੇ ਜੀਵਨ ਤੇ ਉੱਤੇ ਵਿਚਾਰ ਵਿਮਰਸ਼ ਪੇਸ਼ ਕੀਤੇ ਗਏ, ਬਾਬਾ ਸਾਹਿਬ ਦੇ ਜੀਵਨ ਦੇ ਉੱਤੇ ਜੋਸ਼ ਵਾਲੇ ਗੀਤ ਗਾਏ ਗਏ ਤੇ ਪਹੁੰਚੇ ਹੋਏ ਪਤਵੰਤਿਆਂ ਨੇ ਬਾਬਾ ਸਾਹਿਬ ਦੇ ਨਾਅਰੇ ਲਗਾ ਕੇ ਬਾਬਾ ਸਾਹਿਬ ਨੂੰ ਸਤਿ ਸਤਿ ਨਮਨ ਕੀਤਾ। ਇਸ ਮੌਕੇ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸ਼੍ਰੀ ਬੂਟਾ ਰਾਮ ਸ਼ਤਰਾਣਾ ਜੀ ਅਤੇ ਸੂਬਾ ਸਕੱਤਰ ਜਨਰਲ ਸ. ਜਸਵਿੰਦਰ ਸਿੰਘ ਚਪੜ ਸਟੇਟ ਅਵਾਰਡੀ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਨੇ ਸਾਰੀ ਉਮਰ ਗਰੀਬ- ਲੋੜਵੰਦ- ਕਿਸਾਨਾਂ- ਗਰੀਬਾਂ- ਔਰਤਾਂ ਦੇ ਸੁਧਾਰਹਿੱਤ ਲਗਾਇਆ। ਭਾਰਤ ਦਾ ਵਿਸ਼ਾਲ ਸੰਵਿਧਾਨ ਲਿਖ ਕੇ ਦਿੱਤਾ ਤੇ ਦੁਨੀਆ ਦੇ ਵਿੱਚ ਸੱਭ ਤੋਂ ਵੱਧ ਪੜ੍ਹਨ ਵਾਲੇ ਵਿਅਕਤੀ ਅਖਵਾਏ। ਕੋਲੰਬੀਆ ਯੂਨੀਵਰਸਿਟੀ ਦੇ ਵਿੱਚ ਉਹਨਾਂ ਦਾ ਪਵਿੱਤਰ ਸਟੈਚੂ ਲੱਗਿਆ ਹੋਇਆ ਹੈ। ਜਦੋਂ ਸਾਰੀ ਉਮਰਾ ਘਾਲਣਾ ਘਾਲ ਕੇ ਇਸ ਦੁਨੀਆਂ ਤੋਂ ਗਏ ਤਾਂ 193 ਦੇਸ਼ਾਂ ਨੇ ਆਪਣਾ ਝੰਡਾ ਉਤਾਰ ਕੇ ਉਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ 85ਵੀਂ ਸੋਧ ਲਾਗੂ ਕੀਤੀ ਜਾਵੇ ਅਤੇ 10-10 -14 ਦਾ ਪੱਤਰ ਵਾਪਸ ਲਿਆ ਜਾਵੇ ਅਤੇ ਪੰਜਾਬ ਦੇ ਗਰੀਬ ਐਸ.ਸੀ. ਵਰਗ ਨੂੰ ਉਨਾਂ ਦੇ ਬਣਦੇ ਹੱਕ ਦਿੱਤੇ ਜਾਣ, ਗਰੀਬਾਂ ਨੂੰ ਲੋੜਵੰਦਾਂ ਨੂੰ ਸਾਰੀ ਸਿੱਖਿਆ ਫਰੀ ਕੀਤੀ ਜਾਵੇ ਅਤੇ ਕਰਮਚਾਰੀਆਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਦੇ ਕੇ ਪੂਰੀਆਂ ਕੀਤੀਆਂ ਜਾਣ। ਡੀਏ ਦੀਆਂ ਕਿਸਤਾਂ ਨੂੰ ਲਾਗੂ ਕੀਤਾ ਜਾਵੇ। ਸਮੂਹ ਮੈਂਬਰਾਂ ਨੇ ਬਾਬਾ ਸਾਹਿਬ ਮਿਸ਼ਨ ਹਰਿਆਲੀ ਨੂੰ ਸਮਰਪਿੱਤ ਇੱਕ ਬੂਟਾ ਲਗਾਇਆ ਗਿਆ। ਅੱਜ ਪਟਿਆਲਾ ਪ੍ਰਸਾਸ਼ਨ ਅਤੇ ਡਿਪਟੀ ਕਮਿਸ਼ਨਰ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਸਾਹਿਬ ਤੋ ਦੇ ਸਟੈਚੂ ਨੂੰ ਸ਼ੀਸ਼ੇ ਦੀ ਫਰੇਮ ਵਿਚ ਕਵਰਅੱਪ ਕੀਤਾ ਜਾਏ ਅਤੇ ਪਿਛੇ ਪੌੜੀਆਂ ਦਾ ਪ੍ਰਬੰਧ ਵੀ ਕੀਤਾ ਜਾਏ। ਇਸ ਮੌਕੇ ਗੁਰਪਾਲ ਸੋਨੀ ਪਟਿਆਲਾ ਪ੍ਰਧਾਨ, ਸ਼ਿਵਚਰਨ ਸਿੰਘ ਆਈ.ਟੀ.ਆਈ., ਇੰਜੀ. ਮਹਿੰਦਰ ਸਿੰਘ, ਬੀਰਬਲ ਸੁਪਰਡੈਂਟ, ਇੰਦਰਜੀਤ ਸਿੰਘ ਰਾਜ ਕੋਚ, ਹਰਵਿੰਦਰ ਸਿੰਘ, ਭਜਨ ਸਿੰਘ ਐਸ.ਡੀ.ਈ., ਇੰਜੀ. ਗੁਰਜੰਟ ਸਿੰਘ ਐਸ.ਡੀ.ਓ., ਓ.ਪੀ. ਚੋਪੜਾ ਸੀਨੀਅਰ ਡਵੀਜ਼ਨ ਅਕਾਊਂਟ ਅਫਸਰ, ਹਰਬੀਰ ਸਿੰਘ ਸੁਨਾਮ, ਜਸਵੀਰ ਸਿੰਘ ਲੈਕਚਰਾਰ, ਸੋਨੀ ਗਿੱਲ, ਅਮਰੀਕ ਸਿੰਘ ਫੌਜੀ, ਇੰਜੀ. ਮੇਹਰ ਸਿੰਘ, ਇੰਜੀ. ਤ੍ਰਿਲੋਚਨ ਸਿੰਘ, ਹਰਬੀਰ ਸਿੰਘ , ਨਰਿੰਦਰ ਸਿੱਧੂ, ਸੁਨੀਲ ਯਾਦਵ, ਮੋਤੀ ਰਾਮ, ਪ੍ਰੋਗ੍ਰੈਸਿਵ ਵੈਲਫੇਅਰ ਐਸੋਸੀਏਸ਼ਨ ਤੋਂ ਆਰ. ਐਸ.ਸਿਆਣ, ਪਰਗਟ ਸੋਨੀ , ਐਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਤੋਂ ਮੁਲਾਗਰ ਸਿੰਘ, ਡਾਸਫ਼ੀ ਤੋਂ ਪ੍ਰੀਤ ਕਾਂਸ਼ੀ, ਸ੍ਰੀ ਗੁਰੂ ਰਵਿਦਾਸ ਵੈਲਫ਼ੇਅਰ ਸੁਸਾਇਟੀ ਤੋਂ ਗੁਰਮੁੱਖ ਸਿੰਘ, ਪ੍ਰਿੰ. ਅਮਰਜੀਤ ਸਿੰਘ, ਸ੍ਰੀ ਗੁਰੂ ਰਵਿਦਾਸ ਸਭਾ ਤੋ ਸਤਵਿੰਦਰ ਸਿੰਘ, ਫੋਰਥ ਕਲਾਸ ਜਥੇਬੰਦੀ ਤੋ ਪਰਮਜੀਤ ਸਿੰਘ ਅਤੇ ਵੱਧ ਗਿਣਤੀ ਵਿਚ ਅਧਿਕਾਰੀ / ਕਰਮਚਾਰੀ / ਮੁਲਾਜਮ ਅਤੇ ਪਤਵੰਤੇ ਸੱਜਣ ਹਾਜ਼ਰ ਰਹੇ।

# ਫਸਲ ਦੀ ਕਟਾਈ ਦੇ ਸੀਜਨ ਦੌਰਾਨ ਬਿਜਲੀ ਵਿਭਾਗ ਵੱਲੋਂ ਕਿਸਾਨਾਂ ਲਈ ਐਡਵਾਈਜਰੀ ਜਾਰੀ



**ਮਲੇਰਕੋਟਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਨਿਗਰਾਨ, ਵੰਡ-ਮੰਡਲ ਇੰਜੀ ਹਰਵਿੰਦਰ ਸਿੰਘ ਧੀਮਾਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਸਮੇਂ ਕਣਕ ਦੀ ਫਸਲ ਵਾਢੀ ਲਈ ਤਿਆਰ ਹੈ ਅਤੇ ਅਗਲੇ ਕੁਝ ਦਿਨਾਂ ਵਿੱਚ ਕਟਾਈ ਦਾ ਕੰਮ ਤੇਜ਼ੀ ਨਾਲ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਉਨ੍ਹਾਂ ਨੇ ਸਮੂਹ ਕਿਸਾਨ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਬਿਜਲੀ ਸਬੰਧੀ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੀ ਫਸਲ ਅਤੇ ਜਾਨ-ਮਾਲ ਦੀ ਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਖੇਤਾਂ ਵਿੱਚ ਜਾਂ ਉਨ੍ਹਾਂ ਦੇ ਨੇੜੇ ਬਿਜਲੀ ਟਰਾਂਸਫਾਰਮਰ ਜਾਂ ਕੰਟਰੋਲ ਸਵਿੱਚ ਲੱਗੇ ਹੋਏ ਹਨ, ਉਨ੍ਹਾਂ ਦੇ ਆਲੇ-ਦੁਆਲੇ 2-3 ਮਰਲੇ ਜਗ੍ਹਾ ਕਣਕ ਕੱਟ ਕੇ ਖਾਲੀ ਛੱਡੀ ਜਾਵੇ ਅਤੇ ਉਸ ਜਗ੍ਹਾ ਨੂੰ ਨਮੀ ਵਾਲਾ ਰੱਖਿਆ ਜਾਵੇ ਤਾਂ ਜੋ ਅੱਗ ਲੱਗਣ ਦੀ ਸੰਭਾਵਨਾ ਨੂੰ ਘਟਾਇਆ ਜਾ ਸਕੇ। ਉਨ੍ਹਾਂ ਨੇ ਹੋਰ ਦੱਸਿਆ ਕਿ ਟਰਾਂਸਫਾਰਮਰਾਂ ਦੇ ਆਲੇ-ਦੁਆਲੇ ਸਫ਼ਾਈ ਅਤੇ ਨਮੀ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਬਿਨਾਂ ਲੋੜ ਉਨ੍ਹਾਂ ਦੀ ਸਵਿੱਚ ਬੰਦ ਰੱਖਣੀ ਚਾਹੀਦੀ ਹੈ।

ਵਧੀਕ ਨਿਗਰਾਨ ਨੇ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਤਕਨੀਕੀ ਖ਼ਰਾਬੀ ਜਾਂ ਢਿੱਲੇ ਜੋੜ ਨਜ਼ਰ ਆਉਣ, ਤਾਂ ਉਹਨਾਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ ਅਤੇ ਕਿਸੇ ਵੀ ਸਮੱਸਿਆ ਸਬੰਧੀ ਨੋਡਲ ਸੈਂਟਰ ਮਾਲੇਰਕੋਟਲਾ ਦੇ ਨੰਬਰ 96461-18974 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਹ ਸੁਰੱਖਿਆ ਉਪਾਅ ਅਪਣਾਉਣ ਨਾਲ ਨਾ ਸਿਰਫ ਫਸਲ ਦੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ, ਸਗੋਂ ਅਣਚਾਹੀਆਂ ਘਟਨਾਵਾਂ ਤੋਂ ਵੀ ਬਚਾਅ ਸੰਭਵ ਹੈ।

# ਬੇਅਦਬੀਆਂ ਰੋਕਣ ਲਈ ਪੰਜਾਬ ਵਿਧਾਨ ਸਭਾ ਚ ਬਿੱਲ ਪਾਸ ਹੋਣ ਤੇ ਕੀਤਾ ਸ਼ੁਕਰਾਨਾ



**ਸਨੌਰ,18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੱਲ ਪੰਜਾਬ ਵਿਧਾਨ ਸਭਾ ਚ ਬੇਅਦਬੀਆਂ ਰੋਕਣ ਲਈ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ ਪਾਸ ਹੋਣ ਤੇ ਜਿੱਥੇ ਪੰਥਕ ਸਫਾਂ ਸਵਾਗਤ ਹੋ ਰਿਹਾ ਹੈ ਉੱਥੇ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਸਿਰਕੱਢ ਲੀਡਰ ਅਤੇ ਪੰਜਾਬ ਸਟੇਟ ਕੰਟੇਨਰ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਿਟਿਡ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਵਿਖੇ ਨਤਮਸਤਕ ਹੋਏ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਆਖਿਆ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਤੋਂ ਇਹ ਮਹਾਨ ਕਾਰਜ ਸ੍ਰੀ ਅਕਾਲ ਪੁਰਖ਼ ਵਾਹਿਗੁਰੂ ਨੇ ਆਪ ਕਰਾਇਆ ਹੈ।

ਸੰਧੂ ਨੇ ਆਖਿਆ ਬੇਅਦਬੀ ਘਟਨਾਵਾਂ ਰੁੱਕਣ ਦਾ ਨਾਮ ਨਹੀਂ ਲੈ ਰਹੀਆਂ ਹਨ ਪਰ ਇਸਤੇ ਸਖ਼ਤ ਕਾਨੂੰਨ ਬਣਾਉਣਾ ਸਮੇਂ ਲੋੜ ਅਤੇ ਪੰਥ ਦੀ ਵੱਡੀ ਮੰਗ ਸੀ ਪਰ ਸ਼ਾਇਦ ਇਸ ਮਹਾਨ ਕਾਰਜ ਦਾ ਸਿਹਰਾ ਭਗਵੰਤ ਸਿੰਘ ਮਾਨ ਦੀ ਅਗਵਾਈ ਚ ਆਪ ਸਰਕਾਰ ਸਿਰ ਬੱਝਣਾ ਸੀ ।

ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਦੇ ਵਿਸਾਖੀ ਮੇਲੇ ਤੇ ਵੱਖ ਵੱਖ ਪ੍ਰਬੰਧਕ ਕਮੇਟੀਆਂ ਨੂੰ ਮਿਲ ਕੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਵਧਾਈ ਦਿੱਤੀ ।

ਇਸ ਮੌਕੇ ਉਹਨਾਂ ਨਾਲ ਤਰਸੇਮ ਸਿੰਘ ਸਨੌਰ ਕੌਂਸਲਰ, ਭੁੱਲਾ ਸਿੰਘ ਸਰਪੰਚ ਆਲਮਪੁਰ, ਰਣਜੀਤ ਸਿੰਘ ਆਲਮਪੁਰ, ਸੁਖਦੇਵ ਸਿੰਘ ਮੰਤਰੀ, ਮਨਜੀਤ ਸਿੰਘ ਸੰਧੂ, ਮਨਪ੍ਰੀਤ ਸਿੰਘ ਮਹਿਮਦਪੁਰ, ਓਐਸਡੀ ਅਮਰ ਅਲੀ ਤੇ ਵੱਡੀ ਗਿਣਤੀ ਮਹਿਮਦਪੁਰ ਜੱਟਾਂ ਦੀ ਨਗਰ ਕਮੇਟੀ ਦੇ ਮੈਂਬਰ ਵੀ ਹਾਜ਼ਿਰ ਸਨ।

# ਵਿਸਾਖੀ ਦਾ ਤਿਉਹਾਰ ਪਹਿਲੀ ਵਾਰ ਮੰਦਿਰ ਸ੍ਰੀ ਕੇਦਾਰ ਨਾਥ ਜੀ ਵਿਖੇ ਮਨਾਇਆ ਗਿਆ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਸੁਧਾਰ ਸਭਾ ਸ੍ਰੀ ਕੇਦਾਰਨਾਥ ਜੀ ਰਜਿਸਟਰਡ ਵੱਲੋਂ ਵਿਸ਼ਾਲ ਸ਼ਿਵ ਜੀ ਦੀ ਮੂਰਤੀ ਦੇ ਕੋਲ ਹਲਵਾ ਪੂੜੀ ਛੋਲਿਆਂ ਦਾ ਪ੍ਰਸ਼ਾਦ ਮੰਦਿਰ ਵਿੱਚ ਲਗਵਾ ਕੇ ਅਤੇ ਸ੍. ਰਣਜੀਤ ਸਿੰਘ ਚੰਡੋਕ ਐਮ.ਸੀ., ਗੁਰਦੁਆਰਾ ਭਾਈ ਜੱਸਾ ਸਿੰਘ ਜੀ ਦੇ ਭਾਈ ਜੀ ਅਤੇ ਸੁਧਾਰ ਸਭਾ ਦੇ ਸਾਰੇ ਮੈਂਬਰਾਂ ਵੱਲੋਂ ਅਰਦਾਸ ਕਰਵਾ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਬੁਲਾਉਣ ਉਪਰੰਤ ਲੰਗਰ ਵਰਤਾਇਆ ਗਿਆ ਅਤੇ ਗੁਰਦੁਆਰਾ ਸਾਹਿਬ ਦੇ ਭਾਈ ਜੀ ਨੇ ਸ਼ਲਾਘਾ ਕੀਤੀ ਕਿ ਜਦੋਂ ਦੀ ਕੇਦਾਰ ਨਾਥ ਮੰਦਿਰ ਵਿੱਚ ਵਿਸ਼ਾਲ ਮੂਰਤੀ ਦੀ ਸਥਾਪਨਾ ਹੋਈ ਹੈ ਉਦੋ ਤੋਂ ਇਸ ਮੰਦਿਰ ਵਿੱਚ ਸਾਰੇ ਗੁਰੂਆਂ ਦੇ ਵਾਰ-ਤਿਉਹਾਰ ਮਨਾਏ ਜਾਂਦੇ ਹਨ। ਇਹ ਇੱਕ ਬਹੁਤ ਸ਼ਲਾਘਾਯੋਗ ਕਦਮ ਹੈ। ਲੰਗਰ ਸ਼ਿਵ ਜੀ ਦੀ ਮੂਰਤੀ ਦੇ ਕੋਲ ਵੰਡਿਆ ਗਿਆ ਸੰਗਤ ਵਲੋਂ ਮੇਜਾਂ ਉਪਰ ਰੱਖ ਕੇ ਲੰਗਰ ਛੱਕਿਆ ਗਿਆ। ਇਸ ਲੰਗਰ ਵਿੱਚ ਜਲ ਦਾ ਵੀ ਪਿਲਾਇਆ ਗਿਆ। ਸ਼ਾਮ ਨੂੰ ਮੰਗਲਵਾਰ ਵਾਲੇ ਦਿਨ ਮੰਦਿਰ ਵਿੱਚ ਸੁੰਦਰ ਕਾਂਡ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਸ਼ਿਵ ਮੰਡਲੀ ਅਤੇ ਸਤੀਸ਼ ਸ਼ਰਮਾ ਨੇ ਹਨੂੰਮਾਨ ਜੀ ਦਾ ਗੁੰਨਗਾਨ ਕੀਤਾ ਅਤੇ ਸੁੰਦਰ ਕਾਂਡ ਦਾ ਪਾਠ ਵੀ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਕਲੋਨੀ ਨਿਵਾਸੀ ਅਤੇ ਸ਼ਹਿਰ ਨਿਵਾਸੀ ਪਹੁੰਚੇ ਅਤੇ ਕੁਲਚੇ ਛੋਲੇ ਅਤੇ ਲੱਡੂਆਂ ਦਾ ਪ੍ਰਸਾਦ ਵਰਤਾਇਆ ਗਿਆ।

# ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਵੱਲੋਂ ਭੀਮ ਰਾਓ ਅੰਬੇਡਕਰ ਦੀ ਜਨਮ ਸ਼ਤਾਬਦੀ ਤੇ ਲੋਕਾਂ ਨੂੰ ਵਧਾਈ ਦਿੱਤੀ



**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਪਟਿਆਲਾ ਦੀ ਮਹੀਨਾਵਾਰ ਮੀਟਿੰਗ ਸਾਥੀ ਉਤਮ ਸਿੰਘ ਬਾਗੜੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਬਰਿੰਦਾਬਨ ਵਿਖੇ ਜਗਾਰਉਂ ਦੇ ਸ਼ਰਧਾਲੂਆਂ ਦੀ ਸਟੀਮਰ ਪਲਟਣ ਨਾਲ ਹੋਈ ਮੌਤਾਂ ਤੇ ਦੁੱਖ ਪ੍ਰਗਟ ਕੀਤਾ। 13 ਅਪ੍ਰੈਲ 1919 ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕੀਤੇ। 13 ਅਪ੍ਰੈਲ 1699 ਦੇ ਖਾਲਸਾ ਸਾਜਨਾ ਦਿਵਸ ਅਤੇ ਭਾਰਤ ਦੇ ਸੰਵਿਧਾਨ ਦੇ ਰਚੈਤਾ ਭਾਰਤ ਰਤਨ ਭੀਮ ਰਾਓ ਅੰਬੇਡਕਰ ਦੀ 14 ਅਪ੍ਰੈਲ ਨੂੰ ਜਨਮ ਸ਼ਤਾਬਦੀ ਤੇ ਲੋਕਾਂ ਨੂੰ ਵਧਾਈ ਦਿੱਤੀ। ਇਸ ਮੀਟਿੰਗ ਵਿੱਚ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੂੰ ਪੰਜਾਬ ਸੀ.ਪੀ.ਆਈ. ਦਾ ਸਕੱਤਰ ਚੁਣੇ ਜਾਣ ਤੇ ਇਨਕਲਾਬੀ ਸ਼ੁਭ ਕਾਮਨਾਮਾ ਭੇਂਟ ਕਰਦੇ ਹੋਏ ਸਾਰੇ ਸਾਥੀਆਂ ਨੇ ਹਾਰ ਪਾ ਕੇ ਸਨਮਾਨਤ ਕਰਦੇ ਹੋਏ ਕਿਹਾ ਕਿ ਸਾਥੀ ਪਹਿਲਾਂ ਦੀ ਤਰ੍ਹਾਂ ਮਜਦੂਰ—ਮੁਲਾਜਮ, ਕਿਸਾਨ ਵਿਦਿਆਰਥੀ ਸਮੂਹ ਕਿਰਤੀ ਵਰਗ ਦੀ ਸੁਚੱਜੇ ਢੰਗ ਨਾਲ ਨੁਮਾਇੰਦਗੀ ਕਰਦੇ ਰਹਿਣਗੇ।

ਅੱਜ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਧਾਲੀਵਾਲ ਨੇ ਹਿੰਦੁਸਤਾਨ, ਪੰਜਾਬ ਦੇ ਸਮੁੱਚੇ ਹਾਲਤਾਂ ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੇ 44 ਲੇਬਰ ਕਾਨੂੰਨ ਤੋੜਕੇ 4 ਕੋਡ ਬਿੱਲ ਲਾਗੂ ਕਰਕੇ ਕਿਰਤੀ ਜਮਾਤ ਦਾ ਗਲਾ ਘੁੱਟਣ ਦਾ ਕੰਮ ਕੀਤਾ ਹੈ। ਕੱਚੇ ਕਾਮੇ ਬੁਰੀ ਤਰ੍ਹਾਂ ਆਰਥਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਪੱਕੇ ਕਰਨ ਦੀ ਨੀਤੀ ਤਿਆਗ ਦਿੱਤੀ ਹੈ। ਪਬਲਿਕ ਸੈਕਟਰ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ। ਪੀ.ਆਰ.ਟੀ.ਸੀ. ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਪੀ.ਆਰ.ਟੀ.ਸੀ. ਮਾਲਕੀ ਦੀ ਕੋਈ ਵੀ ਬਸ ਚਾਰ ਸਾਲਾਂ ਅੰਦਰ ਨਹੀਂ ਪਾਈ ਕੱਚੇ ਕਾਮੇ ਪੱਕੇ ਨਹੀਂ ਕੀਤੇ, ਪੈਨਸ਼ਨ ਸਕੀਮ 1992 ਤੋਂ ਵਾਂਝੇ ਰੱਖੇ ਮੁਲਾਜਮਾਂ ਨੂੰ ਪੈਨਸ਼ਨ ਨਹੀਂ ਦਿੱਤੀ ਜਾ ਰਹੀ, ਪੰਜਾਬ ਸਰਕਾਰ ਪੀ.ਆਰ.ਟੀ.ਸੀ. ਦੇ ਸਫਰ ਸਹੂਲਤਾਂ ਦੇ 600 ਕਰੋੜ ਰੁਪਏ ਨਾ ਦੇਣ ਕਰਕੇ ਵਰਕਰਾਂ ਦੇ ਸੇਵਾ ਮੁਕਤੀ ਬਕਾਏ ਮੈਡੀਕਲ ਬਿੱਲਾਂ ਦੀ ਅਦਾਇਗੀ ਨਹੀਂ ਹੋ ਰਹੀ ਅਤੇ ਸਮੇਂ ਸਿਰ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀ ਨਹੀ ਕੀਤੀ ਜਾ ਰਹੀ। ਇਸ ਮੀਟਿੰਗ ਨੂੰ ਸਰਵ ਸ੍ਰੀ ਮੁਹੰਮਦ ਖਲੀਲ, ਉਤਮ ਸਿੰਘ ਬਾਗੜੀ, ਰਮੇਸ਼ ਕੁਮਾਰ ਨੇ ਸੰਬੋਧਨ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਸਰਕਾਰ, ਪੀ.ਆਰ.ਟੀ.ਸੀ. ਮੈਨੇਜਮੈਂਟ ਐਕਸ਼ਨ ਕਮੇਟੀ ਵੱਲੋ ਦਿੱਤੇ ਮੰਗ ਪੱਤਰ ਤੇ ਬਿਨਾਂ ਦੇਰੀ ਤੋਂ ਗੱਲ ਕਰਕੇ ਮੰਗਾਂ ਦਾ ਸਾਰਥਕ ਤਰੀਕੇ ਨਾਲ ਨਿਪਟਾਰਾ ਕਰੇ। ਸਟੇਜ਼ ਦਾ ਸੰਚਾਲਣ ਸੁਖਦੇਵ ਰਾਮ ਸੁੱਖੀ ਨੇ ਬਾਖੂਬੀ ਨਿਭਾਇਆ।

# ਪੰਜਾਬ 'ਚ SIR ਮੁਹਿੰਮ ਦਾ ਕੰਮ ਸ਼ੁਰੂ, ਜਨਤਾ ਬੇ-ਖ਼ਬਰ, BLO ਪ੍ਰੇਸ਼ਾਨ, ਕਿਵੇਂ ਹੋਵੇਗਾ ਕੰਮ ?

## ਪ੍ਰਸ਼ਾਸਨ ਤੇ ਸਰਕਾਰ ਵੱਲੋਂ ਜਾਗਰੂਕਤਾ ਦੀ ਘਾਟ; ਲੋਕ ਬੇ-ਪਰਵਾਹ

**ਪਟਿਆਲਾ, 18 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਭਾਰਤੀ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਮੁਹਿੰਮ ਦਾ ਉਦੇਸ਼ ਵੋਟਰ ਲਿਸਟ ਨੂੰ ਪੂਰੀ ਤਰ੍ਹਾਂ ਅਪਡੇਟ ਕਰਨਾ ਤੇ ਸਹੀ ਬਣਾਉਣਾ ਹੈ, ਪਰ ਜ਼ਮੀਨੀ ਹਕੀਕਤ ਇਸਦੇ ਬਿਲਕੁਲ ਉਲਟ ਤਸਵੀਰ ਪੇਸ਼ ਕਰ ਰਹੀ ਹੈ।

ਬੂਥ ਲੈਵਲ ਅਧਿਕਾਰੀ ਘਰ-ਘਰ ਜਾ ਕੇ ਵੋਟਰਾਂ ਦੀ ਤਸਦੀਕ ਕਰਦੇ ਹਨ। ਇਸ ਦੌਰਾਨ ਨਵੇਂ ਵੋਟਰਾਂ ਦੇ ਨਾਮ ਜੋੜੇ ਜਾ ਰਹੇ ਹਨ, ਜਦਕਿ ਗਲਤ, ਡੁਪਲੀਕੇਟ ਜਾਂ ਮ੍ਰਿਤਕ ਵੋਟਰਾਂ ਦੇ ਨਾਮ ਹਟਾਏ ਜਾ ਰਹੇ ਹਨ। ਸਭ ਤੋਂ ਜ਼ਰੂਰੀ ਕੰਮ ਇਹ ਕਿ ਹੈ, ਇਸ ਵਿੱਚ, ਲਗਭਗ 22-23 ਸਾਲ ਪੁਰਾਣੀ, ਸਾਲ 2003 ਦੀ ਪੁਰਾਣੀ ਵੋਟਰ ਲਿਸਟ ਨਾਲ ਮੈਪਿੰਗ ਕਰਕੇ ਮੌਜੂਦਾ ਡਾਟਾ ਦੀ ਜਾਂਚ ਕਰਨਾ ਹੈ। ਪਰ ਸਵਾਲ ਇਹ ਹੈ ਕਿ— ਕੀ ਲੋਕ ਇਸ ਪ੍ਰਕਿਰਿਆ ਤੋਂ ਜਾਣੂ ਹਨ ?

ਸਭ ਤੋਂ ਵੱਡੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਇਸ ਮੁਹਿੰਮ ਬਾਰੇ ਯੋਗ ਜਾਗਰੂਕਤਾ ਫੈਲਾਉਣ ਵਿੱਚ ਗੰਭੀਰ ਕਮੀ ਦੇਖਣ ਨੂੰ ਮਿਲ ਰਹੀ ਹੈ। ਵੱਡੀ ਗਿਣਤੀ ਵਿੱਚ ਲੋਕਾਂ ਨੂੰ ਅਜੇ ਤੱਕ ਇਹ ਪਤਾ ਹੀ ਨਹੀਂ ਕਿ SIR ਕੀ ਹੈ, 2003 ਮੈਪਿੰਗ ਕਿਉਂ ਹੋ ਰਹੀ ਹੈ ਅਤੇ ਉਹਨਾਂ ਨੇ ਇਸ ਵਿੱਚ ਕੀ ਕਰਨਾ ਹੈ। ਨਤੀਜੇ ਵਜੋਂ ਲੋਕ ਨਾ ਤਾਂ ਬੀ.ਐਲ.ਓ. (BLO) ਨੂੰ ਸਹੀ ਢੰਗ ਨਾਲ ਸਹਿਯੋਗ ਦੇ ਰਹੇ ਹਨ ਅਤੇ ਨਾ ਹੀ ਆਪਣੀ ਜ਼ਿੰਮੇਵਾਰੀ ਨੂੰ ਸਮਝ ਰਹੇ ਹਨ। ਬੀ.ਐਲ.ਓ. ਨੂੰ ਇਸ ਪ੍ਰਕਿਰਿਆ ਦੌਰਾਨ ਕਈ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਥਾਵਾਂ 'ਤੇ ਲੋਕ ਨਾ ਸਿਰਫ਼ ਸਹਿਯੋਗ ਨਹੀਂ ਕਰਦੇ, ਸਗੋਂ ਉਨ੍ਹਾਂ ਨਾਲ ਗਲਤ ਭਾਸ਼ਾ ਵਿਚ ਅਤੇ ਗੁੱਸੇ ਨਾਲ ਬੋਲਦੇ ਹਨ। ਹਾਲਾਤ ਇੰਨੇ ਨਾਜ਼ੁਕ ਹਨ ਕਿ ਲੋਕ ਬੀ.ਐਲ.ਓ. ਨੂੰ ਸਰਕਾਰੀ ਕਰਮਚਾਰੀ ਮੰਨਣ ਲਈ ਵੀ ਤਿਆਰ ਨਹੀਂ। ਉਹ ਸਿੱਧਾ ਸਵਾਲ ਕਰਦੇ ਹਨ — ਤੂੰ ਕੌਣ ਹੈਂ ? ਸਾਡੀ ਪਰਿਵਾਰਕ ਜਾਣਕਾਰੀ ਨਾਲ ਤੈਨੂੰ ਕੀ ਲੈਣਾ ? .......

ਕਈ ਤਾਂ ਗੱਲ ਕਰਨ ਤੋਂ ਵੀ ਇਨਕਾਰ ਕਰ ਦਿੰਦੇ ਹਨ, ਜਦਕਿ ਕੁਝ ਲੋਕ ਬਦਤਮੀਜ਼ੀ ਨਾਲ ਪੇਸ਼ ਆਉਂਦੇ ਹਨ। ਇਹ ਸਿਰਫ਼ ਇਕ ਪ੍ਰਸ਼ਾਸਨਿਕ ਮੁਹਿੰਮ ਦੀ ਬੇਇਜ਼ਤੀ ਨਹੀਂ, ਸਗੋਂ ਲੋਕਤੰਤਰਕ ਜ਼ਿੰਮੇਵਾਰੀ ਤੋਂ ਮੂੰਹ ਮੋੜਨ ਵਰਗਾ ਹੈ, ਜਿਸ ਨਾਲ ਮਾਹੌਲ ਤਣਾਅਪੂਰਨ ਬਣ ਜਾਂਦਾ ਹੈ। ਇਸ ਵਿਚ ਲੋਕਾਂ ਦਾ ਵੀ ਜ਼ਿਆਦਾ ਕਸੂਰ ਨਹੀਂ ਹੈ ਬਲਕਿ ਵਧਦੀ ਡਿਜ਼ੀਟਲ ਧੋਖੇਬਾਜ਼ੀ ਵੀ ਇਸਦਾ ਕਾਰਨ ਹੈ। ਧੋਖੇਬਾਜ਼ੀ ਦੇ ਡਰਦੇ ਲੋਕ ਇੱਕ ਦੂਜੇ ਉਤੇ ਭਰੋਸਾ ਨਹੀਂ ਕਰਦੇ, ਜਿਸ ਕਾਰਨ ਸਰਕਾਰੀ ਕਰਮਚਾਰੀਆਂ ਨੂੰ ਬੇਹੱਦ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਵੋਟਰਾਂ ਦੀ 2003 ਦੀ ਮੈਪਿੰਗ ਵਿਚ ਖ਼ਾਸ ਤੌਰ 'ਤੇ ਵਿਆਹ ਤੋਂ ਬਾਅਦ ਜਿਨ੍ਹਾਂ ਮਹਿਲਾਵਾਂ ਦੀ ਵੋਟ ਨਵੀਂ ਜਗ੍ਹਾ 'ਤੇ ਬਣੀ ਹੈ, ਉਹਨਾਂ ਨੇ ਆਪਣੇ ਪੇਕੇ ਘਰ ਤੋਂ ਪੁਰਾਣਾ ਡਾਟਾ ਜਾਂ ਵੋਟਰ ਜਾਣਕਾਰੀ ਮੰਗਵਾ ਕੇ ਤਸਦੀਕ ਕਰਵਾਉਣੀ ਹੈ, ਪਰ ਉਹਨਾਂ ਨੂੰ ਇਸ SIR ਮੁਹਿੰਮ ਦੀ ਜਾਣਕਾਰੀ ਨਾ ਹੋਣ ਕਾਰਨ ਉਹ ਬੀ ਐਲ ਓ ਤੋਂ ਹੀ ਸਵਾਲ ਕਰਨ ਲੱਗ ਜਾਂਦੇ ਹਨ ਅਤੇ ਸਾਰੀ ਗੱਲ ਸਮਝਾਉਣ ਤੋਂ ਬਾਦ ਵੀ ਜਾਣਕਾਰੀ ਨਹੀਂ ਦਿੰਦੇ। ਉਪਰੋਕਤ ਤੋਂ ਇਲਾਵਾ, ਕਈ ਲੋਕ ਇੱਕ ਥਾਂ ਤੋਂ ਦੂਜੇ ਥਾਂ ਸ਼ਿਫਟ ਹੋ ਜਾਂਦੇ ਹਨ ਪਰ ਆਪਣਾ ਪਤਾ (ਐਡਰੈੱਸ) ਸਮੇਂ 'ਤੇ ਅੱਪਡੇਟ ਨਹੀਂ ਕਰਵਾਉਂਦੇ, ਜਿਸ ਕਰਕੇ ਬੀ.ਐਲ.ਓ. ਲਈ ਉਨ੍ਹਾਂ ਲੋਕਾਂ ਨੂੰ ਲੱਭਣ ਵਿੱਚ ਮੁਸ਼ਕਿਲ ਹੋ ਜਾਂਦੀ ਹੈ। ਘਰਾਂ 'ਚ ਵੋਟਰਾਂ ਦਾ ਨਾ ਮਿਲਣਾ, ਅਧੂਰੀ ਜਾਂ ਗਲਤ ਜਾਣਕਾਰੀ ਦੇਣਾ ਅਤੇ ਲੋਕਾਂ ਦਾ ਬੇਪਰਵਾਹੀ ਵਾਲਾ ਰਵੱਈਆ ਆਦਿ ਕਾਰਨ ਹੀ ਇਸ ਮੁਹਿੰਮ ਦੀ ਗਤੀ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਕਈ ਕੇਸਾਂ ਵਿੱਚ ਲੋਕਾਂ ਕੋਲ ਪਰਿਵਾਰਾਂ ਸਬੰਧੀ ਸਾਲ 2003 ਨਾਲ ਸੰਬੰਧਿਤ ਕੋਈ ਪੱਕਾ ਰਿਕਾਰਡ ਹੀ ਮੌਜੂਦ ਨਹੀਂ, ਜਿਸ ਨਾਲ ਮੈਪਿੰਗ ਪ੍ਰਕਿਰਿਆ ਹੋਰ ਗੁੰਝਲਦਾਰ ਹੋ ਰਹੀ ਹੈ।

# ਸੱਭਿਆਚਾਰ ਤੇ ਵਿਰਸਾ



# ਅਵਚੇਤਨ ਦੀ ਸ਼ਕਤੀ

## ਚੇਤਨ ਅਵਚੇਤਨ

■ ਨਰਿੰਦਰ ਸਿੰਘ ਕਪੂਰ

**ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ।**

***ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ ਗ਼ਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ।***

ਮਨ ਦੀ ਡੂੰਘਾਈ ਜਾਂ ਡੂੰਘੇ ਮਨ ਨੂੰ ਅਵਚੇਤਨ ਕਹਿੰਦੇ ਹਨ। ਇਸੇ ਨੂੰ ਅੰਦਰਲੀ ਸ਼ਕਤੀ, ਰੂਹਾਨੀ ਸ਼ਕਤੀ ਜਾਂ ਮਨ ਦੀ ਸ਼ਕਤੀ ਵੀ ਕਿਹਾ ਜਾਂਦਾ ਹੈ। ਸਾਡਾ ਸਭ ਦਾ ਇੱਕ ਸਾਂਝਾ ਮਨ ਹੁੰਦਾ ਹੈ, ਸਾਰੀ ਮਨੁੱਖੀ ਨਸਲ ਦਾ ਸਾਂਝਾ ਮਨ। ਇਹ ਲੱਖਾਂ ਕਰੋੜਾਂ ਸਾਲਾਂ ਵਿੱਚ ਉਸਰਿਆ ਹੈ ਅਤੇ ਇਸ ਵਿੱਚ ਸਾਰੀ ਮਾਨਵ ਜਾਤੀ ਦੇ ਸਾਰੇ ਅਨੁਭਵ, ਸੰਸੇ, ਡਰ, ਭੈਅ, ਆਸਾਂ ਉਮੀਦਾਂ ਵਸਦੀਆਂ ਹਨ। ਇਹ ਸਮੁੱਚੀ ਮਾਨਵ ਜਾਤੀ ਦਾ ਸਾਂਝਾ ਅਵਚੇਤਨ ਹੈ। ਇਹ ਬੜਾ ਵਿਸ਼ਾਲ ਹੁੰਦਾ ਹੈ। ਹਰੇਕ ਵਿਅਕਤੀ ਦਾ ਇੱਕ ਵਿਅਕਤੀਗਤ ਮਨ ਵੀ ਹੁੰਦਾ ਹੈ ਜਿਸ ਨਾਲ ਅਸੀਂ ਰੋਜ਼ਾਨਾ ਜੀਵਨ ਦੀਆਂ ਨਿੱਜੀ, ਪਰਿਵਾਰਕ, ਸਮਾਜਿਕ ਤੇ ਆਰਥਿਕ ਸਮੱਸਿਆਵਾਂ ਸੋਚਦੇ ਅਤੇ ਸੁਲਝਾਉਂਦੇ ਹਾਂ। ਇਸ ਨੂੰ ਚੇਤਨ ਮਨ ਕਹਿੰਦੇ ਹਨ। ਸਾਧਾਰਨ ਮਨੁੱਖਾਂ ਅਤੇ ਮਹਾਂਪੁਰਸ਼ਾਂ, ਕਲਾਕਾਰਾਂ, ਕਵੀਆਂ, ਚਿੱਤਰਕਾਰਾਂ, ਚਿੰਤਕਾਂ, ਵਿਗਿਆਨੀਆਂ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਸਾਧਾਰਨ ਲੋਕ ਚੇਤਨ ਮਨ ਹੀ ਵਰਤਦੇ ਹਨ ਜਦੋਂਕਿ ਮਹਾਂਪੁਰਸ਼ਾਂ ਦੀ ਅਵਚੇਤਨ ਸ਼ਕਤੀ ਵੀ ਬੜੀ ਬਲਵਾਨ ਹੁੰਦੀ ਹੈ। ਮਨੁੱਖ ਦੇ ਅੰਦਰ ਅਨੇਕਾਂ ਦਰਵਾਜ਼ੇ ਹਨ ਜਿਹੜੇ ਖੁੱਲ੍ਹਦੇ ਅਤੇ ਬੰਦ ਹੁੰਦੇ ਰਹਿੰਦੇ ਹਨ। ਅਵਚੇਤਨ ਦੇ ਨੇਮ ਵਿਸ਼ਵ-ਵਿਆਪੀ ਹਨ। ਇਨ੍ਹਾਂ ਨੇਮਾਂ ਨੂੰ ਸਮਝਣ ਦੀ ਲੋੜ ਹੈ। ਸਾਡੇ ਜੀਵਨ ਨੂੰ ਸਾਡੇ ਅਵਚੇਤਨ ਵਿੱਚ ਬੈਠੇ ਵਿਸ਼ਵਾਸ ਚਲਾਉਂਦੇ ਹਨ। ਸਾਡੀ ਸੋਚ ਅਤੇ ਸਾਡੇ ਤਰਕ ਵੀ ਸਾਡੇ ਵਿਸ਼ਵਾਸਾਂ ਦੇ ਸਿਰਜੇ ਹੁੰਦੇ ਹਨ। ਮਨ ਵਿੱਚ ਬੈਠੇ ਪੱਕੇ ਵਿਚਾਰਾਂ ਨੂੰ ਹੀ ਵਿਸ਼ਵਾਸ ਕਹਿੰਦੇ ਹਨ। ਮਹਾਨ ਸੋਚਾਂ ਅਤੇ ਅਨੁਭਵਾਂ ਨੇ ਮਨ ਦੀ ਸ਼ਕਤੀ ਉਸਾਰੀ ਹੈ। ਇਸ ਸ਼ਕਤੀ ਨਾਲ ਮਨ ਨੇ ਵਿਕਾਸ ਕੀਤਾ ਹੈ ਅਤੇ ਅਵਚੇਤਨ ਡੂੰਘਾ ਤੇ ਵਿਸ਼ਾਲ ਹੋਇਆ ਹੈ। ਸਾਨੂੰ ਸਰੀਰ ਦੀਆਂ ਅੱਖਾਂ ਵਰਤਣ ਦੀ ਜਾਚ ਅਤੇ ਆਦਤ ਹੈ। ਮਨ ਦੀਆਂ ਅੱਖਾਂ ਕੋਈ ਕੋਈ ਵਰਤਦਾ ਹੈ। ਮਨ ਦੀਆਂ ਅੱਖਾਂ ਕੁਝ ਹੋਰ ਹੀ ਵੇਖਦੀਆਂ ਹਨ। ਇਨ੍ਹਾਂ ਨੂੰ ਜੋ ਦਿਸਦਾ ਹੈ, ਉਹ ਸਾਧਾਰਨ ਨਹੀਂ, ਅਨੋਖਾ ਅਤੇ ਨਿਆਰਾ ਹੁੰਦਾ ਹੈ। ਅਵਚੇਤਨ ਦੇ ਪੱਖੋਂ ਮਨੁੱਖ ਦੋ ਪ੍ਰਕਾਰ ਦੇ ਹੁੰਦੇ ਹਨ: ਜਾਗੇ ਹੋਏ ਅਤੇ ਸੁੱਤੇ ਹੋਏ। ਸੁੱਤੇ ਹੋਏ ਡਰ-ਭੈਅ ਅਤੇ ਸੰਸਿਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਦੀਆਂ ਚਿੰਤਾਵਾਂ ਇਨ੍ਹਾਂ ਨੂੰ ਵਿਕਾਸ ਨਹੀਂ ਕਰਨ ਦਿੰਦੀਆਂ। ਜਾਗੇ ਹੋਏ ਵਿਅਕਤੀ ਚੁੰਬਕ ਵਾਂਗ ਹੁੰਦੇ ਹਨ। ਜਾਗੇ ਹੋਏ ਲੋਹੇ ਨੂੰ ਹੀ ਚੁੰਬਕ ਕਹਿੰਦੇ ਹਨ। ਚੁੰਬਕ ਆਪਣੇ ਭਾਰ ਨਾਲੋਂ ਬਾਰਾਂ ਗੁਣਾਂ ਵੱਧ ਭਾਰ ਚੁੱਕ ਅਤੇ ਖਿੱਚ ਸਕਦਾ ਹੈ ਜਦੋਂਕਿ ਲੋਹਾ, ਖੰਭ ਨੂੰ ਵੀ ਨਹੀਂ ਚੁੱਕ ਸਕਦਾ। ਜਦੋਂ ਅਵਚੇਤਨ ਜਾਗ ਪੈਂਦਾ ਹੈ ਤਾਂ ਵਿਗਿਆਨੀਆਂ ਨੂੰ ਫਾਰਮੂਲੇ ਅਤੇ ਚਿੰਤਕਾਂ ਨੂੰ ਸਿਧਾਂਤ ਸੁੱਝਦੇ ਹਨ, ਗੁਰੂਆਂ ਨੂੰ ਬਾਣੀ ਉਤਰਦੀ ਹੈ, ਰਿਸ਼ੀ ਵੇਦ ਰਚਦੇ ਹਨ, ਕਵੀ ਮਹਾਂ-ਕਾਵਿ ਲਿਖਦੇ ਹਨ; ਤੁਹਾਨੂੰ ਵੀ ਕਦੇ ਚਿਰਾਂ ਦੀ ਭੁੱਲੀ ਚੀਜ਼ ਅਚਾਨਕ ਯਾਦ ਆਈ ਹੋਵੇਗੀ, ਕਿਸੇ ਸਮੱਸਿਆ ਦਾ ਹੱਲ ਆਪਮੁਹਾਰੇ ਸੁੱਝਿਆ ਹੋਵੇਗਾ, ਮਨ ਨੇ ਹਾਮੀ ਭਰ ਦਿੱਤੀ ਹੋਵੇਗੀ ਕਿ ਸਫਲਤਾ ਮਿਲੇਗੀ, ਅੰਦਰੋਂ ਆਵਾਜ਼ ਆਈ ਹੋਵੇਗੀ ਕਿ ਸੱਚ ਬੋਲਣਾ ਹੈ। ਇਹ ਅਵਚੇਤਨ ਦੀਆਂ ਕਰਾਮਾਤਾਂ ਹਨ। ਜਿਹੜੇ ਪਰਮਾਤਮਾ ਦੇ ਦੀਦਾਰ ਹੋਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੇ ਰੱਬ ਨੂੰ ਅਵਚੇਤਨ ਦੀਆਂ ਅੱਖਾਂ ਨਾਲ ਵੇਖਿਆ ਹੋਵੇਗਾ। ਅਵਚੇਤਨ ਦੀ ਸ਼ਕਤੀ ਵਰਤੋਗੇ ਤਾਂ ਸਹੀ ਉੱਤਰ ਮਿਲੇਗਾ। ਸਹੀ ਉੱਤਰ ਅਨੁਸਾਰ ਅਮਲ ਕਰਨਾ ਸੌਖਾ ਹੋਵੇਗਾ, ਸ਼ਕਤੀ ਵਿਅਰਥ ਨਹੀਂ ਜਾਵੇਗੀ, ਧਿਆਨ ਨਹੀਂ ਖਿੰਡੇਗਾ। ਇਹੀ ਕਾਰਨ ਹੈ ਕਿ ਕੁਝ ਲੋਕ ਆਪਣੇ ਨਿਸ਼ਾਨੇ ਸੌਖਿਆਂ ਹੀ ਪ੍ਰਾਪਤ ਕਰ ਲੈਂਦੇ ਹਨ ਅਤੇ ਕਈ ਮੁੜ ਮੁੜ ਅਸਫਲ ਹੁੰਦੇ ਰਹਿੰਦੇ ਹਨ। ਇੱਕ ਪੁੱਤਰ ਨੂੰ ਸ਼ਿਕਾਇਤ ਸੀ ਕਿ ਉਸ ਦੇ ਪਿਤਾ ਨੇ ਉਸ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ। ਇੱਕ ਦਿਨ ਅਚਾਨਕ ਉਸ ਨੂੰ ਖ਼ਿਆਲ ਆਇਆ ਕਿ ਮੈਂ ਹੀ ਆਪਣੇ ਪਿਤਾ ਨੂੰ ਸਹੀ ਢੰਗ ਨਾਲ ਨਹੀਂ ਸਮਝਿਆ।

ਜਦੋਂ ਮਨੁੱਖ ਕਹਿੰਦਾ ਹੈ ਕਿ ਉਸ ਦੀਆਂ ਅਰਦਾਸਾਂ ਨਹੀਂ ਮੰਨੀਆਂ ਗਈਆਂ ਤਾਂ ਉਹ ਕਦੇ ਨਹੀਂ ਸੋਚਦਾ ਕਿ ਉਸ ਦੀਆਂ ਅਰਦਾਸਾਂ ਗ਼ਲਤ ਅਤੇ ਨਾਵਾਜਬ ਸਨ। ਤਿੰਨ ਧੀਆਂ ਦੀ ਇੱਕ ਮਾਂ ਨੇ ਅਰਦਾਸ ਕੀਤੀ ਕਿ ਦਰਾਣੀ ਦੇ ਵੀ ਲੜਕੀ ਹੋਵੇ, ਲੜਕਾ ਹੋਇਆ। ਦੂਜੀ ਵਾਰ ਟੂਣੇ ਵੀ ਕਰਵਾਏ, ਫਿਰ ਲੜਕਾ ਹੋਇਆ। ਉਸ ਦੀ ਅਰਦਾਸ ਵਿੱਚ ਨੁਕਸ ਇਹ ਸੀ ਕਿ ਇਹ ਉਸ ਦੇ ਆਪਣੇ ਲਾਭ ਲਈ ਨਹੀਂ ਸੀ, ਕਿਸੇ ਦੇ ਨੁਕਸਾਨ ਲਈ ਸੀ। ਅਸੀਂ ਵੇਖਦੇ ਹਾਂ ਕਿ ਘੱਟ ਵਸੀਲਿਆਂ ਵਾਲਾ ਭਰਾ ਪ੍ਰਸੰਨ ਹੁੰਦਾ ਹੈ ਤੇ ਵਧੇਰੇ ਵਸੀਲਿਆਂ ਵਾਲਾ ਦੁਖੀ ਹੁੰਦਾ ਹੈ। ਕਿਸੇ ਦਾ ਪਹਿਲਾ ਹੀ ਵਿਆਹ ਸਫ਼ਲ ਹੁੰਦਾ ਹੈ। ਕਿਸੇ ਦੇ ਦੋ ਟੁੱਟ ਜਾਂਦੇ ਹਨ। ਦੂਜਿਆਂ ਦਾ ਨੁਕਸਾਨ ਚਾਹੁਣ ਵਾਲਾ ਮੁਸ਼ਕਿਲ ਵਿੱਚ ਘਿਰਿਆ ਹੁੰਦਾ ਹੈ। ਉਹ ਸਹੀ ਢੰਗ ਨਾਲ ਸੋਚ ਨਹੀਂ ਸਕਦਾ। ਉਸ ਦੀ ਸਮਝਣ, ਸੋਚਣ ਅਤੇ ਕਰਨ ਦੀ ਸ਼ਕਤੀ ਖੀਣ ਹੋ ਜਾਂਦੀ ਹੈ। ਉਹ ਆਪਣੀ ਅੰਦਰਲੀ ਸ਼ਕਤੀ ਨੂੰ ਜਾਗਣ ਹੀ ਨਹੀਂ ਦਿੰਦਾ। ਉਹ ਆਪਣੇ ਮਨ ਦੀ ਆਵਾਜ਼ ਸੁਣਦਾ ਹੀ ਨਹੀਂ ਜਦੋਂਕਿ ਮਨ ਵਿੱਚ ਬੁੱਧੀ ਅਤੇ ਸਿਆਣਪ ਹਾਜ਼ਰ ਹੁੰਦੀ ਹੈ। ਸਾਡੇ ਪੂਰਵਜਾਂ ਦੀਆਂ ਸਾਰੀਆਂ ਯਾਦਾਂ, ਸਿਆਣਪਾਂ ਅਤੇ ਅਨੁਭਵ ਸਾਡੇ ਅਵਚੇਤਨ ਵਿੱਚ ਹਾਜ਼ਰ ਹੁੰਦੇ ਹਨ। ਅਵਚੇਤਨ ਦਿੱਸਦਾ ਨਹੀਂ ਜਿਸ ਕਾਰਨ ਅਸੀਂ ਇਸ ਦਾ ਮਹੱਤਵ ਹੀ ਨਹੀਂ ਸਮਝਦੇ। ਇਸ ਲਈ ਇਸ ਨੂੰ ਸਮਝਣਾ-ਸਮਝਾਉਣਾ ਸੌਖਾ ਨਹੀਂ ਹੁੰਦਾ। ਆਪਣਾ ਅਵਚੇਤਨ ਨਾ ਵਰਤਣ ਦੀ ਸਾਡੀ ਆਦਤ ਇੰਨੀ ਪੱਕੀ ਹੋ ਜਾਂਦੀ ਹੈ ਕਿ ਬਹੁਤੇ ਇਸ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ। ਅਵਚੇਤਨ ਦੀ ਜਿਹੜੀ ਸ਼ਕਤੀ ਜਗਾਉਗੇ, ਉਹ ਜਾਗੇਗੀ। ਨਾਚ ਨ੍ਰਿਤਕੀ ਦੇ ਅੰਦਰ ਹੁੰਦਾ ਹੈ ਜਿਸ ਨੂੰ ਅਵਚੇਤਨ ਉਸ ਦੇ ਅੰਗਾਂ ਰਾਹੀਂ ਪ੍ਰਗਟ ਕਰਦਾ ਹੈ। ਮੂਰਤੀਕਾਰ ਆਪਣੇ ਅਵਚੇਤਨ ਨਾਲ ਪੱਥਰ ਵਿੱਚੋਂ ਮੂਰਤੀ ਵੇਖ ਲੈਂਦਾ ਹੈ, ਉਹ ਵਾਧੂ ਪੱਥਰ ਲਾਹ ਦਿੰਦਾ ਹੈ ਅਤੇ ਮੂਰਤੀ ਸਾਕਾਰ ਹੋ ਜਾਂਦੀ ਹੈ।

ਅਵਚੇਤਨ ਨੂੰ ਕਿਵੇਂ ਜਗਾਇਆ ਜਾ ਸਕਦਾ ਹੈ? ਅਵਚੇਤਨ ਦੀ ਸ਼ਕਤੀ ਕਿਵੇਂ ਉਪਜਦੀ ਹੈ? ਅਵਚੇਤਨ ਨੂੰ ਹਰ ਕੋਈ ਵਰਤ ਸਕਦਾ ਹੈ। ਦਿਨ ਦਾ ਕੁਝ ਭਾਗ ਇਕੱਲਿਆਂ ਗੁਜ਼ਾਰੋ। ਇਕੱਲਿਆਂ ਸੈਰ ਕਰੋ। ਦਰੱਖਤ ਥੱਲੇ ਇਕੱਲਿਆਂ ਬੈਠੋ। ਆਪਣਾ ਵੱਖਰਾ ਨਿਤਨੇਮ ਬਣਾਓ ਜਿਹੜਾ ਤੁਹਾਡਾ ਨਿਤਨੇਮ ਹੋਵੇ ਤੇ ਕਿਸੇ ਦਾ ਦਖ਼ਲ ਨਾ ਹੋਵੇ। ਆਪਣਾ ਕੰਮ ਮੁਕਤ ਮਨ ਨਾਲ ਕੀਤਾ ਜਾ ਸਕਦਾ ਹੈ। ਚਿੰਤਕਾਂ, ਕਵੀਆਂ, ਕਲਾਕਾਰਾਂ ਨੂੰ ਇਸੇ ਕਰਕੇ ਇਕਾਂਤ ਜੀਵਨ ਜਿਊਣ ਦੀ ਆਦਤ ਹੁੰਦੀ ਹੈ। ਅਸੀਂ ਬਹੁਤਾ ਜੀਵਨ ਭੀੜ ਅਤੇ ਸ਼ੋਰ-ਸ਼ਰਾਬੇ ਵਿੱਚ ਗੁਜ਼ਾਰਨ ਕਰਕੇ ਆਪਣੇ ਅਵਚੇਤਨ ਨੂੰ ਕੁਚਲਦੇ ਰਹਿੰਦੇ ਹਾਂ। ਜੇ ਕੰਮ ਔਖਾ ਹੋਵੇ, ਸ਼ਾਂਤ ਮਨ ਨਾਲ ਕਰੋ, ਸੌਖਾ ਹੋ ਜਾਵੇਗਾ। ਆਪਣੀਆਂ ਸਮੱਸਿਆਵਾਂ ਅਵਚੇਤਨ ਨੂੰ ਸੰਭਾਲ ਦਿਓ। ਕਵੀ ਨੂੰ ਕਵਿਤਾ ਦਾ ਸਿਰਲੇਖ ਨਹੀਂ ਸੁੱਝ ਰਿਹਾ, ਅਵਚੇਤਨ ਸੁਝਾ ਦੇਵੇਗਾ। ਬਹੁਤੀਆਂ ਕਾਢਾਂ ਅਵਚੇਤਨ ਦੀਆਂ ਸੁਝਾਈਆਂ ਹੁੰਦੀਆਂ ਹਨ। ਅਵਚੇਤਨ ਦੀ ਸ਼ਕਤੀ ਜਾਗਣ ਨਾਲ ਸਵੈ-ਵਿਸ਼ਵਾਸ ਵਧ ਜਾਵੇਗਾ, ਸਿਹਤ ਠੀਕ ਹੋ ਜਾਵੇਗੀ, ਟੁੱਟਿਆ ਦਿਲ ਕਵੀ ਹੋ ਨਿਬੜੇਗਾ। ਇੱਕ ਲੜਕੇ ਨੂੰ ਸਕੂਲ ਨਾਲ ਨਫ਼ਰਤ ਸੀ, ਲੱਤ ਟੁੱਟ ਗਈ, ਸਕੂਲ ਜਾਣ ਤੋਂ ਬਚਣ ਵਾਸਤੇ ਤੋੜ ਲਈ। ਉਸ ਨੂੰ ਘਰ ਰਹਿਣਾ ਪਿਆ। ਉਹ ਆਪਣੇ ਕਮਰੇ ਦੀ ਬਾਰੀ ਵਿੱਚੋਂ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਖ਼ੁਸ਼ੀ-ਖ਼ੁਸ਼ੀ ਲੰਘਦਿਆਂ ਵੇਖਦਾ ਸੀ। ਜਿਹੜਾ ਸਕੂਲ, ਜਿਹੜੀ ਪੜ੍ਹਾਈ ਚੰਗੀ ਨਹੀਂ ਸੀ ਲੱਗਦੀ, ਚੰਗੀ ਲੱਗਣ ਲੱਗ ਪਈ, ਸਕੂਲ ਜਾਣ ਦੀ ਤਾਂਘ ਜਾਗੀ, ਸਕੂਲ ਪ੍ਰਤੀ ਵਿਰੋਧ ਮੁੱਕ ਗਿਆ, ਉਹ ਜਲਦੀ ਠੀਕ ਹੋ ਗਿਆ। ਉਹ ਚੇਤਨ ਨਾਲ ਜ਼ਿੱਦ ਕਰਕੇ ਪੜ੍ਹਾਈ ਦਾ ਵਿਰੋਧ ਕਰਦਾ ਸੀ। ਅਵਚੇਤਨ ਨੇ ਜ਼ਿੱਦ ਤੋੜ ਦਿੱਤੀ, ਰੁਕਿਆ ਹੋਇਆ ਦਰਿਆ ਵਗਣ ਲੱਗ ਪਿਆ। ਅਵਚੇਤਨ ਵਿੱਚ ਹਰੇਕ ਸਮੱਸਿਆ ਦਾ ਹੱਲ ਹਾਜ਼ਰ ਹੁੰਦਾ ਹੈ।

ਘਟਨਾ ਇੱਕ ਹੀ ਹੁੰਦੀ ਹੈ, ਪਰ ਹਰ ਕਿਸੇ ਦਾ ਪ੍ਰਤੀਕਰਮ ਵੱਖਰਾ ਹੁੰਦਾ ਹੈ। ਵਖਰੇਵੇਂ ਦੇ ਕਾਰਨ ਸਾਡੇ ਅਵਚੇਤਨ ਵਿੱਚ ਪਏ ਹਨ। ਇਸਤਰੀ ਹੋਰ ਤਰ੍ਹਾਂ ਸੋਚਦੀ ਹੈ, ਪੁਰਸ਼ ਹੋਰ ਤਰ੍ਹਾਂ। ਗ਼ਰੀਬ ਅਤੇ ਅਮੀਰ ਦੀ ਵੱਖਰੀ ਸੋਚ ਦਾ ਕਾਰਨ ਉਨ੍ਹਾਂ ਦੀ ਆਰਥਿਕ ਨਾਬਰਾਬਰੀ ਹੁੰਦੀ ਹੈ। ਜੋ ਕੁਝ ਅਵਚੇਤਨ ਵਿੱਚ ਬੀਜਿਆ ਗਿਆ ਹੁੰਦਾ ਹੈ, ਉਹ ਚੇਤਨ ਵਿੱਚ ਪ੍ਰਗਟ ਹੁੰਦਾ ਹੈ। ਸਾਡੇ ਸਰੀਰ ਅਤੇ ਜੀਵਨ ਦੀ ਹਰੇਕ ਹਾਲਤ ਕਿਸੇ ਕਾਰਜ ਜਾਂ ਵਿਚਾਰ ਦਾ ਪ੍ਰਤੀਕਰਮ ਹੁੰਦੀ ਹੈ। ਸਾਹ ਲੈਣ, ਭੋਜਨ ਹਜ਼ਮ ਕਰਨ, ਖ਼ੂਨ ਦਾ ਦੌਰਾ ਸਹੀ ਬਣਾਈ ਰੱਖਣ ਆਦਿ ਕਾਰਜ ਸਾਡਾ ਅਵਚੇਤਨ ਕਰਦਾ ਹੈ। ਇਨ੍ਹਾਂ ਕਾਰਜਾਂ ਵਿੱਚ ਸਾਡੇ ਦਿਮਾਗ਼ ਦਾ ਕੋਈ ਦਖਲ ਨਹੀਂ ਹੁੰਦਾ। ਅਵਚੇਤਨ ਸਾਡੀ ਸੋਚ-ਪ੍ਰਕਿਰਿਆ ਨੂੰ ਚੰਗੀ-ਮਾੜੀ ਨਹੀਂ ਦੱਸਦਾ। ਇਹ ਸਾਡੀ ਸੋਚ ਦੇ ਸੁਭਾਅ ਅਨੁਸਾਰ ਹੱਲ ਦਸਦਾ ਹੈ। ਤੁਸੀਂ ਕੋਈ ਕੰਮ ਨਹੀਂ ਕਰਨਾ ਚਾਹੁੰਦੇ, ਅਵਚੇਤਨ ਨਾ ਕਰਨ ਦੇ ਤਰਕ ਉਸਾਰ ਦੇਵੇਗਾ। ਜੇ ਤੁਸੀਂ ਕਿਧਰੇ ਜਾਣਾ ਚਾਹੁੰਦੇ ਹੋ ਤਾਂ ਅਵਚੇਤਨ ਜਾਣ ਦੀਆਂ ਦਲੀਲਾਂ ਉਪਜਾ ਦੇਵੇਗਾ। ਸੋਚਣ ਦਾ ਕਾਰਜ ਮਨ ਕਰਦਾ ਹੈ ਜਦੋਂਕਿ ਸਮੱਸਿਆਵਾਂ ਸੁਲਝਾਉਣ ਦਾ ਕਾਰਜ ਅਵਚੇਤਨ ਕਰਦਾ ਹੈ। ਜਦੋਂ ਤੁਸੀਂ ਕੋਈ ਉੱਚਾ ਪਹਾੜ, ਇਮਾਰਤ, ਦਰਬਾਰ ਸਾਹਿਬ, ਤਾਜ ਮਹੱਲ ਜਾਂ ਨਿਆਗਰਾ ਫਾਲਜ਼ ਵੇਖੋਗੇ, ਅਵਚੇਤਨ ਇਨ੍ਹਾਂ ਦੇ ਪ੍ਰਭਾਵ ਹਮੇਸ਼ਾਂ ਲਈ ਸਾਂਭ ਲਏਗਾ ਅਤੇ ਲੋੜ ਵੇਲੇ ਪ੍ਰਗਟਾਏਗਾ। ਅਵਚੇਤਨ ਸਿਆਣਪ ਅਤੇ ਅਨੁਭਵਾਂ ਦਾ ਭੰਡਾਰ ਹੈ। ਇਸੇ ਲਈ ਇਸ ਨੂੰ ਆਤਮਾ ਵੀ ਕਹਿੰਦੇ ਹਨ। ਇਹ ਬਹਿਸ ਨਹੀਂ ਕਰਦਾ, ਮੁਸ਼ਕਿਲਾਂ ਨਹੀਂ ਸਿਰਜਦਾ। ਇਹ ਜੀਵਨ-ਸ਼ਕਤੀ ਹੈ ਜਿਹੜੀ ਸਾਡੇ ਸਰੀਰ ਦੀਆਂ ਕਿਰਿਆਵਾਂ ਨੂੰ ਨਿਰਵਿਘਨ ਚਲਾਉਂਦੀ ਹੈ ਅਤੇ ਰੁਕਾਵਟਾਂ ਦੂਰ ਕਰਦੀ ਹੈ। ਸਮਝਿਆ ਜਾਂਦਾ ਹੈ ਕਿ ਨੀਂਦਰ ਨਾਲ ਥਕਾਵਟ ਦੂਰ ਹੁੰਦੀ ਹੈ, ਪਰ ਜਦੋਂ ਅਸੀਂ ਸੁੱਤੇ ਹੁੰਦੇ ਹਾਂ ਤਾਂ ਦਿਲ ਧੜਕਦਾ ਰਹਿੰਦਾ ਹੈ, ਫੇਫੜੇ ਨਿਰੰਤਰ ਕਾਰਜ ਕਰਦੇ ਰਹਿੰਦੇ ਹਨ, ਮਿਹਦਾ ਭੋਜਨ ਹਜ਼ਮ ਕਰਦਾ ਰਹਿੰਦਾ ਹੈ, ਦਿਮਾਗ਼ ਕਾਰਜਸ਼ੀਲ ਰਹਿੰਦਾ ਹੈ, ਨਹੁੰ ਅਤੇ ਵਾਲ ਵਧਦੇ ਰਹਿੰਦੇ ਹਨ ਅਤੇ ਅੱਖਾਂ, ਨੱਕ, ਕੰਨ ਆਦਿ ਕਾਰਜ ਕਰਦੇ ਰਹਿੰਦੇ ਹਨ। ਸੌਣ ਦੌਰਾਨ ਕਈ ਸੁੱਤੀਆਂ ਹੋਈਆਂ ਗ੍ਰੰਥੀਆਂ ਜਾਗ ਕੇ ਰਿਸਣ ਲੱਗ ਪੈਂਦੀਆਂ ਹਨ। ਇਹ ਰਾਤ ਦੇ ਹਨੇਰੇ ਵਿੱਚ ਲੇਟਿਆਂ ਹੀ ਰਿਸਦੀਆਂ ਹਨ ਜਿਸ ਕਾਰਨ ਅਸੀਂ ਆਰਾਮ ਮਹਿਸੂਸ ਕਰਦੇ ਹਾਂ। ਨੀਂਦਰ ਦੌਰਾਨ ਅਵਚੇਤਨ, ਚੇਤਨ ਮਨ ਦੇ ਅੱਗੇ ਹੋ ਜਾਂਦਾ ਹੈ ਜਦੋਂਕਿ ਜਾਗਦਿਆਂ ਇਹ ਚੇਤਨ ਮਨ ਦੇ ਪਿੱਛੇ ਰਹਿੰਦਾ ਹੈ। ਸੁਪਨਿਆਂ ਵਿੱਚ ਅਵਚੇਤਨ ਪੂਰੀ ਤਰ੍ਹਾਂ ਕਾਰਜਸ਼ੀਲ ਰਹਿੰਦਾ ਹੈ। ਸੁਪਨੇ ਸਾਡੀ ਥਕਾਵਟ ਲਾਹੁੰਦੇ ਹਨ। ਇਹ ਡਰ ਦੂਰ ਕਰਦੇ ਹਨ। ਆਸ ਬਣਾਈ ਰੱਖਦੇ ਹਨ। ਸੁਪਨਿਆਂ ਨਾਲ ਜੀਵਨ ਦਾ ਸੰਤੁਲਨ ਬਣਿਆ ਰਹਿੰਦਾ ਹੈ। ਸਾਡਾ ਅਵਚੇਤਨ ਦੱਸ ਦਿੰਦਾ ਹੈ ਕਿ ਕੋਈ ਸਮੱਸਿਆ ਕਿਵੇਂ ਹੱਲ ਹੋਵੇਗੀ। ਇਹ ਵਿਛੜਿਆਂ ਨੂੰ ਮਿਲਾ ਦਿੰਦਾ ਹੈ।

ਇੱਕ ਵਿਅਕਤੀ ਨੂੰ ਅਧਰੰਗ ਹੋਇਆ ਸੀ। ਉਸ ਨੂੰ ਸੁਪਨੇ ਵਿੱਚ ਦਿਸਿਆ ਕਿ ਉਹ ਟੈਲੀਫੋਨ ਸੁਣ ਰਿਹਾ ਹੈ, ਚਿੱਠੀ ਲਿਖ ਰਿਹਾ ਹੈ, ਭੋਜਨ ਖਾ ਰਿਹਾ ਹੈ। ਉਸ ਨੇ ਫ਼ੈਸਲਾ ਕੀਤਾ ਕਿ ਟੈਲੀਫੋਨ ਆਪ ਉੱਠ ਕੇ ਸੁਣਨਾ ਹੈ, ਆਪਣੇ ਕੱਪੜੇ ਆਪ ਪਾਉਣੇ ਹਨ, ਉਸ ਨੇ ਆਪਣੇ-ਆਪ ਨੂੰ ਤੰਦਰੁਸਤ ਸਮਝਣਾ ਆਰੰਭ ਕੀਤਾ ਅਤੇ ਇੱਕ ਸਾਲ ਵਿੱਚ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ। ਮਾਨਸਿਕ ਰੁਕਾਵਟ ਕੁਝ ਕਰਨ ਨਹੀਂ ਦਿੰਦੀ। ਰੁਕਾਵਟ ਦੂਰ ਹੋ ਗਈ ਅਤੇ ਸਭ ਕੁਝ ਕਰਨਾ ਸੰਭਵ ਹੋ ਗਿਆ। ਇੱਕ ਸਕੂਲ ਵਿੱਚ ਲਾਤੀਨੀ ਭਾਸ਼ਾ ਪੜ੍ਹਨੀ ਲਾਜ਼ਮੀ ਸੀ। ਪੁੱਤਰ ਨੇ ਪਿਤਾ ਨੂੰ ਕਿਹਾ, “ਔਖੀ ਹੈ, ਨਹੀਂ ਪੜ੍ਹਨੀ।” ਪਿਤਾ ਨੇ ਕਿਹਾ, “ਫਿਰ ਤੂੰ ਮੇਰੇ ਨਾਲ ਖੇਤ ਚੱਲਿਆ ਕਰ।” ਉਹ ਖੇਤ ਜਾਣ ਲੱਗਿਆ। ਚਿੱਕੜ ਨਾਲ ਲੱਥ-ਪੱਥ ਹੋ ਕੇ ਮੁੜਦਾ ਸੀ। ਫਿਰ ਅਚਾਨਕ ਖ਼ਿਆਲ ਆਇਆ ਕਿ ਲਾਤੀਨੀ ਔਖੀ ਕਿਵੇਂ ਹੈ। ਸੋ ਸੌਖੀ ਹੋ ਗਈ। ਸੌਖੀ ਤਾਂ ਪਹਿਲਾਂ ਹੀ ਸੀ। ਉਸ ਨੇ ਔਖੀ ਬਣਾਈ ਹੋਈ ਸੀ। ਵਿਦਿਆਰਥੀਆਂ ਨੂੰ ਜਿਹੜੇ ਵਿਸ਼ੇ ਔਖੇ ਲੱਗਦੇ ਹਨ, ਉਹ ਉਨ੍ਹਾਂ ਵਿਸ਼ਿਆਂ ਨੂੰ ਵੇਖਦੇ ਹੀ ਓਵੇਂ ਹਨ ਕਿ ਔਖੇ ਲੱਗਣ। ਅਚਾਨਕ ਅਵਚੇਤਨ ਉਸ ਵਿਸ਼ੇ ਦੀ ਘੁੰਡੀ ਖੋਲ੍ਹ ਦਿੰਦਾ ਹੈ ਜਿਸ ਕਾਰਨ ਉਹ ਵਿਸ਼ਾ ਔਖਾ ਲੱਗਦਾ ਸੀ। ਅੰਧ-ਵਿਸ਼ਵਾਸਾਂ, ਝਾੜਿਆਂ ਅਤੇ ਤਵੀਤਾਂ ਵਿੱਚ ਵੀ ਸ਼ਕਤੀ ਹੁੰਦੀ ਹੈ। ਦਰਅਸਲ, ਮਰੀਜ਼ ਜਾਂ ਸ਼ਰਧਾਲੂ ਨੂੰ ਅਵਚੇਤਨ ਆਦੇਸ਼ ਦਿੰਦਾ ਹੈ ਕਿ ਹੁਣ ਠੀਕ ਹੋਣਾ ਹੈ। ਕਿਸੇ ਸਰੋਵਰ ਵਿੱਚ ਨਹਾਉਣ ਜਾਂ ਕਿਸੇ ਸਥਾਨ ’ਤੇ ਅਰਦਾਸ ਕਰਨ ਨਾਲ ਕੋਈ ਠੀਕ ਨਹੀਂ ਹੁੰਦਾ। ਇਸ ਵਿਸ਼ਵਾਸ ਨਾਲ ਠੀਕ ਹੁੰਦਾ ਹੈ ਕਿ ਹੁਣ ਬਿਮਾਰ ਨਹੀਂ ਰਹਿਣਾ। ਧੀ ਦਾ ਵਿਆਹ ਹੈ, ਹੁਣ ਠੀਕ ਹੋਣਾ ਹੈ। ਮਨੁੱਖ ਦੀ ਸਾਰੀ ਨਿਰਾਸਤਾ, ਅਸ਼ੰਤੁਸ਼ਟੀ ਆਦਿ ਚੇਤਨ ਪੱਧਰ ਦੀਆਂ ਅਪੂਰਨ ਇੱਛਾਵਾਂ ਕਾਰਨ ਹੁੰਦੀ ਹੈ। ਅਸੀਂ ਸਾੜੇ, ਈਰਖਾ, ਗੁੱਸੇ ਅਤੇ ਨਿੰਦਾ ਨਾਲ ਆਪਣੇ ਆਪ ਨੂੰ ਜ਼ਖ਼ਮੀ ਕਰਦੇ ਰਹਿੰਦੇ ਹਾਂ। ਬਦਲੇ ਦੀ ਭਾਵਨਾ ਕਾਰਨ ਅਸੀਂ ਆਪਣੇ ਜ਼ਖ਼ਮਾਂ ਨੂੰ ਠੀਕ ਨਹੀਂ ਹੋਣ ਦਿੰਦੇ। ਚਮੜੀ ਅਤੇ ਮਿਹਦੇ ਦੀਆਂ ਬਹੁਤੀਆਂ ਬਿਮਾਰੀਆਂ ਸਾਡੇ ਮਨ ਵਿਚਲੇ ਵਿਰੋਧੀ ਵਿਚਾਰਾਂ ਕਾਰਨ ਉਪਜਦੀਆਂ ਹਨ। ਜੇ ਨਾੜਾਂ ਵਿੱਚ ਲਹੂ ਦੀ ਥਾਂ ਤੇਜ਼ਾਬ ਹੈ ਤਾਂ ਇਹ ਸਾਡੇ ਅੰਦਰਲੇ ਨੂੰ ਸਾੜੇਗਾ। ਤਲਾਕ ਪਹਿਲਾਂ ਮਨ ਵਿੱਚ ਵਾਪਰਦਾ ਹੈ, ਮੁਕੱਦਮਾ ਮਗਰੋਂ ਚਲਾਇਆ ਜਾਂਦਾ ਹੈ। ਤਲਾਕ ਉਨ੍ਹਾਂ ਵਿਆਹਾਂ ਵਿੱਚ ਹੀ ਹੁੰਦੇ ਹਨ, ਜਿੱਥੇ ਵਿਆਹ ਹੀ ਗ਼ਲਤ ਹੋਏ ਹੁੰਦੇ ਹਨ। ਤਲਾਕ ਨੂੰ ਰੋਕਣ ਦਾ ਸਹੀ ਸਮਾਂ ਵਿਆਹ ਤੋਂ ਪਹਿਲਾਂ ਹੁੰਦਾ ਹੈ। ਪ੍ਰੇਸ਼ਾਨੀਆਂ ਤੋੜ-ਵਿਛੋੜੇ ਆਦਿ ਮਨ ਅਤੇ ਅਵਚੇਤਨ ਦੀ ਕਾਰਜਸ਼ੈਲੀ ਨਾ ਸਮਝਣ ਕਾਰਨ ਉਪਜਦੇ ਹਨ। ਬਹੁਤੇ ਵਿਆਹ ਖੋਹਣ-ਲੁੱਟਣ ਦੀ ਭਾਵਨਾ ’ਤੇ ਆਧਾਰਿਤ ਹੋਣ ਕਾਰਨ ਕੁਰਬਾਨੀ ਅਤੇ ਤਿਆਗ ਜਿਹੇ ਰੂਹਾਨੀ ਲੱਛਣਾਂ ਤੋਂ ਵਿਰਵੇ ਹੁੰਦੇ ਹਨ। ਦਿਲ ਪਿਆਰ ਕਰਨਾ ਹੀ ਜਾਣਦਾ ਹੈ, ਨਫ਼ਰਤ ਦਿਮਾਗ਼ ਨਾਲ ਕੀਤੀ ਜਾਂਦੀ ਹੈ। ਭਰਮਾਂ ਅਤੇ ਭੁਲੇਖਿਆਂ ਦਾ ਸਰੋਤ ਸਾਡੀ ਹਉਮੈ ਹੁੰਦੀ ਹੈ। ਮਨੁੱਖ ਨੂੰ ਕਾਬੂ ਕਰਨ ਲਈ ਧਰਮ, ਸਮਾਜ, ਅਧਿਆਪਕ, ਪੁਲੀਸ, ਅਦਾਲਤਾਂ, ਕਾਨੂੰਨ, ਹਸਪਤਾਲ ਆਦਿ ਮਨੁੱਖ ਨੂੰ ਡਰਾ ਕੇ ਨਿਤਾਣਾ ਕਰਦੇ ਹਨ। ਇਹ ਨਿਤਾਣਾਪਣ ਹੀ ਸਾਨੂੰ ਅਸਾਵੇਂ ਸਮਝੌਤੇ, ਆਪਣੀ ਮਰਜ਼ੀ ਵਿਰੁੱਧ ਕਾਰਜ ਅਤੇ ਗੈਰਵਾਜਬ ਵਿਹਾਰ ਕਰਨ ਲਈ ਮਜਬੂਰ ਕਰਦਾ ਹੈ। ਸਾਨੂੰ ਲੋੜ ਉਨ੍ਹਾਂ ਅਦਾਰਿਆਂ ਦੀ ਹੈ ਜਿਹੜੇ ਸਾਡੇ ਵਿੱਚ ਸਵੈ-ਵਿਸ਼ਵਾਸ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਜਗਾਉਣ।

ਪਾਦਰੀਆਂ, ਪੰਡਿਤਾਂ, ਭਾਈਆਂ ਕੋਲ ਰੋਗੀਆਂ ਨੂੰ ਅਰੋਗ ਕਰਨ ਦੀ ਸ਼ਕਤੀ ਦੱਸੀ ਜਾਂਦੀ ਹੈ। ਅਸਲ ਵਿੱਚ ਪਾਦਰੀ ਜਾਂ ਭਾਈ, ਅਰੋਗ ਹੋਣ ਦਾ ਵਿਸ਼ਵਾਸ ਜਗਾਉਂਦੇ ਹਨ। ਇੱਕ ਇਸਤਰੀ ਦੀ ਆਵਾਜ਼ ਗੁਆਚ ਗਈ ਗੁਰਦੁਆਰੇ ਦੇ ਭਾਈ ਨੇ ਕਿਹਾ ਕਿ ਕੀਰਤਨ ਸੁਣਿਆ ਕਰੋ। ਉਹ ਕੀਰਤਨ ਸੁਣਨ ਦੌਰਾਨ ਗਾਉਣ ਲੱਗ ਪਈ। ਫਿਰ ਕੀਰਤਨ ਕਰਨ ਲੱਗ ਪਈ। ਇੱਕ ਵਿਅਕਤੀ ਨੂੰ ਭੁੱਖ ਨਾ ਲੱਗਣ ਕਾਰਨ ਉਹ ਕਮਜ਼ੋਰ ਹੋ ਗਿਆ। ਪੰਡਿਤ ਨੇ ਕਿਹਾ ਕਿ ਓਮ ਦਾ ਜਾਪ ਕਰਿਆ ਕਰੋ ਉਹ ਘੰਟਿਆਂਬੱਧੀ ਓਮ ਜਪਣ ਲੱਗ ਪਿਆ। ਥਕਾਵਟ ਨਾਲ ਭੁੱਖ ਲੱਗਣ ਪਈ ਅਤੇ ਨੀਂਦਰ ਵੀ ਆਉਣ ਲੱਗ ਪਈ। ਨੀਂਦਰ ਸਲਾਹਕਾਰ ਦਾ ਕਾਰਜ ਕਰਦੀ ਹੈ। ਨੀਂਦਰ ਦੌਰਾਨ ਬਾਹਰਲੇ ਦਖਲ ਰੁਕ ਜਾਂਦੇ ਹਨ ਅਤੇ ਅਵਚੇਤਨ ਦਾ ਪੱਧਰ ਉੱਚਾ ਹੋ ਜਾਂਦਾ ਹੈ। ਨੀਂਦਰ ਦੌਰਾਨ ਸਾਡਾ ਅਵਚੇਤਨ, ਚੇਤਨ ਮਨ ਵਿਚਲੀਆਂ ਸਮੱਸਿਆਵਾਂ ਦੇ ਹੱਲ ਲੱਭਦਾ ਹੈ। ਰੇਡੀਓ ’ਤੇ ਕਾਰਜ ਕਰਦੇ ਇੱਕ ਵਿਅਕਤੀ ਨੂੰ ਤਿੰਨ ਹਜ਼ਾਰ ਮੀਲ ਦੂਰ ਦੁੱਗਣੀ ਤਨਖ਼ਾਹ ਦੀ ਪੇਸ਼ਕਸ਼ ਮਿਲੀ। ਉਹ ਜਾਣ, ਨਾ ਜਾਣ ਦੀ ਦੁਚਿੱਤੀ ਵਿੱਚ ਸੀ। ਸੋਚਦਾ ਸੌਂ ਗਿਆ ਸਵੇਰੇ ਮਨ ਨੇ ਨਾ ਜਾਣ ਦਾ ਫ਼ੈਸਲਾ ਸੁਣਾ ਦਿੱਤਾ। ਉਸ ਨੇ ਪੇਸ਼ਕਸ਼ ਨੂੰ ਅਸਵੀਕਾਰ ਕਰ ਦਿੱਤਾ। ਦੋ ਮਹੀਨੇ ਮਗਰੋਂ ਉਹ ਰੇਡੀਓ ਸਟੇਸ਼ਨ ਹੀ ਬੰਦ ਹੋ ਗਿਆ। ਇੱਕ ਇਸਤਰੀ ਦੋ ਸਾਲ ਤੋਂ ਬੱਚਿਆਂ ਨਾਲ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ। ਇੱਕ ਸਵੇਰ ਨੂੰ ਪਤੀ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਪਤਨੀ ਨਾਲ ਸਾਰੀਆਂ ਵਧੀਕੀਆਂ ਉਸ ਨੇ ਹੀ ਕੀਤੀਆਂ ਹਨ ਮਨ ਪਿਘਲ ਗਿਆ। ਅਵਚੇਤਨ ਨੇ ਸੋਚ ਬਦਲ ਦਿੱਤੀ। ਉਸ ਨੇ ਸਹੁਰਿਆਂ ਤੋਂ ਮੁਆਫ਼ੀ ਮੰਗੀ। ਪਤਨੀ ਅਤੇ ਬੱਚਿਆਂ ਨੂੰ ਵਾਪਸ ਲੈ ਆਇਆ ਉਖੜਿਆ ਹੋਇਆ ਮਨ ਅਤੇ ਜੀਵਨ ਮੁੜ ਲੀਹ ’ਤੇ ਪੈ ਗਿਆ। ਬਾਹਰਲੇ ਸੰਸਾਰ ਨੂੰ ਬਦਲਣ ਲਈ ਅੰਦਰਲੇ ਮਨ ਨੂੰ ਸੁਣਨਾ ਪਵੇਗਾ। ਅਵੇਚਤਨ ਦੀ ਸ਼ਕਤੀ ਨੂੰ ਪਛਾਣਨ ਦੀ ਲੋੜ ਹੈ ਅਵਚੇਤਨ ਨੂੰ ਜਿੰਨਾ ਵਧੇਰੇ ਵਰਤਿਆ ਜਾਵੇ, ਇਹ ਓਨਾ ਵਧੇਰੇ ਉਪਯੋਗੀ ਅਤੇ ਵਿਸ਼ਾਲ ਹੁੰਦਾ ਹੈ।

# ਫ਼ਿਕਰ ਤੋਂ ਫ਼ਖ਼ਰ ਤਕ ਦੀ ਯਾਤਰਾ

**“ਫ਼ਿਕਰ ਦੀਏ ਪੰਡੇ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ ’ਚ ਕਿਸੇ ਦੋਸਤ ਦੇ ਰੁਕ ਗਿਆ ਹੋਊ,” ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ ’ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ। “ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।” “ਵਾਹਿਗੁਰੂ ’ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ, “ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।**

ਉਨੀਵੇਂ ਵਰ੍ਹੇ ਵਿੱਚ ਪੱਬ ਧਰਦਿਆਂ ਹੀ ਬੇਟੇ ਨੇ ਨਵਾਂ ਕਾਈਨੈਟਿਕ ਹੌਂਡਾ ਲਿਆ ਤਾਂ ਉਸ ਨੂੰ ਮੁਹਾਲੀ ਤੋਂ ਲੁਧਿਆਣੇ ਮਾਸੀ ਦੇ ਘਰ ਜਾਣ ਦਾ ਚਾਅ ਚੜ੍ਹ ਗਿਆ। ਅਤਿਵਾਦ ਦੀਆਂ ਕਹਿਰਵਾਨ ਵਾਰਦਾਤਾਂ ਤੇ ਸੜਕ ਹਾਦਸਿਆਂ ਤੋਂ ਖ਼ੌਫ਼ਜ਼ਦਾ ਅਸੀਂ ਬਥੇਰਾ ਹੋੜਦੇ ਰਹੇ, ਪਰ ਉਸ ਦੇ ਚਾਅ ਦੇ ਹੜ੍ਹ ਨੂੰ ਕੋਈ ਵੱਟ-ਬੰਨਾ ਨਾ ਰੋਕ ਸਕਿਆ। ਆਖ਼ਰ ਉਤਲੇ ਜਿਹੇ ਮਨੋਂ ਆਗਿਆ ਦੇਣੀ ਹੀ ਪਈ। ਪਤਾ ਨਹੀਂ ਰਾਤੀਂ ਸੁੱਤਾ ਵੀ ਜਾਂ ਨਹੀਂ, ਸਾਝਰੇ ਹੀ ਉੱਠ ਖੜੋਤਾ। ਸਵੇਰੇ ਛੇ ਵਜੇ ਤਾਂ ਸੂਟ-ਬੂਟ ਕਸ ਕੇ ਆ ਵੀ ਗਿਆ। “ਕੁਝ ਖਾ-ਪੀ ਤਾਂ ਜਾਹ।”

ਮੇਰੇ ਵਾਰ ਵਾਰ ਕਹਿਣ ’ਤੇ ਦੁੱਧ ਦਾ ਗਿਲਾਸ ਗਟਕਦਾ ਬੋਲਿਆ, “ਪਰੌਂਠੇ ਤਾਂ ਹੁਣ ਮਾਸੀ ਦੇ ਹੀ ਖਾਊਂਗਾ।’

ਵਿਹੜੇ ਵਿੱਚੋਂ ਹੀ ਸਕੂਟਰ ’ਤੇ ਲੱਤ ਦਿੱਤੀ ਤੇ ਪਲਾਂ ਵਿੱਚ ਅੱਖੋਂ ਓਝਲ ਹੋ ਗਿਆ। ਪਰਮਾਤਮਾ ਅੱਗੇ ਉਸ ਦੀ ਖ਼ੈਰ-ਸੁਖ ਦੀ ਜੋਦੜੀ ਕਰਦਿਆਂ ਕਮਰੇ ਵਿੱਚ ਆਈ ਤੇ ਆਪਣੀ ਭੈਣ ਪਰਮਿੰਦਰ ਨੂੰ ਫੋਨ ਮਿਲਾਇਆ, “ਤੇਰਾ ਭਾਣਜਾ ਉੱਡਿਆ ਆਉਂਦੈ ਨਵੇਂ ਸਕੂਟਰ ’ਤੇ, ਉਹਦੇ ਅਪੜਦੇ ਹੀ ਖ਼ਬਰ ਕਰ ਦੇਈਂ।” ਗਿਆਰਾਂ ਕੁ ਵਜੇ ਤਕ ਫੋਨ ਨਾ ਆਇਆ ਤਾਂ ਪ੍ਰੇਸ਼ਾਨੀਆਂ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ।

“ਕਿਉਂ ਟੈਨਸ਼ਨ ਕਰੀ ਜਾਂਦੀ ਐਂ? ਲੱਗਿਆ ਹੋਊ ਮਾਸੀ ਨਾਲ ਯੱਕੜ ਮਾਰਨ। ਥੋੜ੍ਹਾ ਸਬਰ ਰੱਖਿਆ ਕਰ,” ਮੇਰਾ ਜੀਵਨ-ਸਾਥੀ ਬਲਦੇਵ ਕੁਰਸੀ ‘ਤੇ ਚੜ੍ਹ ਕੇ ਬੋਗਨਵਿਲੀਆ ਦੀਆਂ ਡਾਲੀਆਂ ਥਾਂ ਸਿਰ ਕਰਦਾ ਬੋਲਿਆ। ਦੋ ਕੁ ਵਜੇ ਘੰਟੀ ਖੜਕੀ, ਕੁੜੀ ਦੀ ਬੁਝੀ ਬੁਝੀ ਜਿਹੀ ਆਵਾਜ਼ ਆਈ, “ਭੈਣ ਜੀ! ਰਿਸ਼ਮ ਅਜੇ ਤਕ ਨਹੀਂ ਆਇਆ। ਮੈਂ ਤਾਂ ਤਿੰਨ ਵਾਰ ਚੌਕ ਤਕ ਵੀ ਗੇੜਾ ਲਾ ਆਈ।”

“ਜਾਹ ਜਾਂਦੀਏ! ਕਿਤੇ ਉਹੀ ਗੱਲ ਨਾ ਹੋਵੇ,” ਮੇਰੀ ਦੇਹ ਜਿਵੇਂ ਮਿੱਟੀ ਹੋ ਕੇ ਕਿਰ ਗਈ, ਕੰਨ ਸਾਂ-ਸਾਂ ਕਰਨ ਲੱਗੇ। “ਫ਼ਿਕਰ ਦੀਏ ਪੰਡੇ! ਐਵੇਂ ਨਾ ਸਿਰੇ ਦੀਆਂ ਸੋਚ ਲਿਆ ਕਰ। ਰਾਹ ’ਚ ਕਿਸੇ ਦੋਸਤ ਦੇ ਰੁਕ ਗਿਆ ਹੋਊ, “ਬਲਦੇਵ ਨੇ ਆਪਣੇ ਚਿੰਤਾਵਾਨ ਚਿਹਰੇ ’ਤੇ ਨਕਾਬ ਪਾਉਂਦਿਆਂ ਦਿਲਾਸਾ ਦਿੱਤਾ।

“ਪਰ ਹੁਣ ਤਾਂ ਗਏ ਨੂੰ ਅੱਠ ਘੰਟੇ ਹੋ ਗਏ, ਹੁਣ ਤਕ ਤਾਂ ਪਹੁੰਚਣਾ ਚਾਹੀਦਾ ਸੀ।”

“ਵਾਹਿਗੁਰੂ ’ਤੇ ਭਰੋਸਾ ਰੱਖ, ਕੁਝ ਨਹੀਂ ਹੁੰਦਾ ਤੇਰੇ ਪੁੱਤ ਨੂੰ,” ਪਰ ਬੋਲ ਉਹਦੇ ਵੀ ਭਰੜਾਏ ਹੋਏ ਸਨ।

ਮੋਬਾਈਲ ਫੋਨ ਤਾਂ ਉਦੋਂ ਹੁੰਦੇ ਹੀ ਨਹੀਂ ਸਨ ਜੋ ਸਿੱਧਾ ਰਿਸ਼ਮ ਨੂੰ ਮਿਲਾ ਲੈਂਦੇ। ਅਸੀਂ ਬੈਠੇ ਪਾਠ ਕਰਦੇ ਰਹੇ। ਬਲਦੇਵ ਉਸ ਦੇ ਦੋਸਤਾਂ ਦੇ ਘਰੀਂ ਵੀ ਜਾ ਆਇਆ। ਮੈਂ ਗੁਰਦੁਆਰੇ ਹੋ ਆਈ। ਅਸੀਂ ਤੇ ਮੇਰੇ ਭੈਣ-ਜੀਜੇ ਨੇ ਏਧਰੋਂ ਉਧਰੋਂ ਇਸ ਸੜਕ ’ਤੇ ਹੋਏ ਕਿਸੇ ਐਕਸੀਡੈਂਟ ਬਾਰੇ ਵੀ ਪਤਾ ਕੀਤਾ, ਪਰ ਕੋਈ ਉਘ-ਸੁੱਘ ਨਹੀਂ।

ਮੈਨੂੰ ਮੁੜ ਮੁੜ ਉਹ ਕੁਲੱਛਣੀ ਘੜੀ ਯਾਦ ਆ ਰਹੀ ਸੀ, ਜਦੋਂ ਸੀਆਰਪੀਐੱਫ ਵਾਲੇ ਉਸ ਨੂੰ ਕਾਫ਼ੀ ਦੂਰ ਤਕ ਘੜੀਸਦੇ ਹੋਏ ਸੜਕ ਦੇ ਦੂਜੇ ਪਾਸੇ ਖੜ੍ਹੇ ਆਪਣੇ ਅਫ਼ਸਰ ਕੋਲ ਲੈ ਗਏ ਸਨ। ਵਿਸ਼ੇਸ਼ ਵਰਦੀ-ਹੁਕਮ ਲਾਗੂ ਹੋਣ ਕਰਕੇ ਉਹ ਕੇਸਰੀ ਪਗੜੀ ਬੰਨ੍ਹੀ ਸਾਈਕਲ ਉੱਤੇ ਆਪਣੇ ਸਕੂਲ ਜਾ ਰਿਹਾ ਸੀ ਕਿ ਅਗਲਿਆਂ ਨੂੰ ਕੋਈ ਸ਼ੱਕ ਹੋ ਗਿਆ। ਉਦੋਂ ਉਸ ਦੇ ਬਸਤੇ ਵਿੱਚੋਂ ਨਿਕਲਿਆ ਗਿਆਰਵੀਂ ਸ਼੍ਰੇਣੀ ਦਾ ਸਕੂਲੀ ਪਛਾਣ ਪੱਤਰ ਹੀ ਉਸ ਨੂੰ ਬਚਾ ਸਕਿਆ ਸੀ। ਉਨ੍ਹੀਂ ਦਿਨੀਂ ਚੰਗੇਰੀ ਵਿੱਦਿਆ ਹਾਸਲ ਕਰਨ ਲਈ ਉਹ ਕਿਸੇ ਜਮਾਤੀ ਨਾਲ ਚੰਡੀਗੜ੍ਹ ’ਚ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। ਇਸ ਦਿਲ-ਚੀਰਵੀਂ ਘਟਨਾ ਦੀ ਖ਼ਬਰ ਮਿਲੀ ਤਾਂ ਅਸੀਂ ਤਾਬੜਤੋੜ ਆਪਣੇ ਰਾਜਪੁਰੇ ਵਾਲੇ ਮਕਾਨ ਨੂੰ ਜਿੰਦਰਾ ਲਾ ਕੇ ਮੁਹਾਲੀ ਆ ਟਿਕੇ ਸਾਂ ਤੇ ਮੁੰਡੇ ਨੂੰ ਆਪਣੇ ਖੰਭਾਂ ਹੇਠ ਲੁਕੋ ਲਿਆ ਸੀ।



ਕਾਲਪਨਿਕ ਫੋਟੋ

ਫਿਰ ਜਦੋਂ ਤਕ ਮੇਰੀ ਬਦਲੀ ਮੁਹਾਲੀ ਨੇੜਲੀ ਡਿਸਪੈਂਸਰੀ ਵਿੱਚ ਨਹੀਂ ਹੋ ਗਈ, ਮੈਂ ਰੋਜ਼ ਦੋ-ਤਿੰਨ ਬੱਸਾਂ ਬਦਲ ਕੇ ਰਾਜਪੁਰੇ ਸਿਵਲ ਹਸਪਤਾਲ ਪਹੁੰਚਦੀ ਸਾਂ, ਬਲਦੇਵ ਦੀ ਡਿਸਪੈਂਸਰੀ ਵਾਲਾ ਪੰਧ ਵੀ ਲੰਮੇਰਾ ਹੋ ਗਿਆ ਸੀ।

ਫਿਰ ਉਹ ਵਾਕਾ ਦਿਮਾਗ਼ ਵਿੱਚ ਖ਼ਲਲ ਪਾਉਣ ਲੱਗਿਆ ਜਦੋਂ ਮੈਂ ਉਸ ਨੂੰ ਇੱਕ ਰਾਤ ਤੰਦੂਰ ’ਤੇ ਰੋਟੀਆਂ ਲੁਆਉਣ ਭੇਜ ਬੈਠੀ ਸਾਂ ਤੇ ਰਾਹ ਵਿੱਚ ਦੋ ਸਿੰਘਾਂ ਨੇ ਉਸ ਨੂੰ ਪੰਥ ਦੇ ਭਲੇ ਖ਼ਾਤਰ ਆਪਣੇ ਨਾਲ ਰਲਣ ਲਈ ਜ਼ੋਰ ਦਿੱਤਾ ਸੀ, ਉਹ ‘ਕੋਈ ਨਾ, ਸਲਾਹ ਕਰਾਂਗਾ’ ਦਾ ਬਹਾਨਾ ਲਾ ਕੇ ਤੇ ਉਨ੍ਹਾਂ ਨੂੰ ਝਕਾਨੀ ਦੇ ਕੇ ਪੁੱਠੇ ਰਸਤਿਉਂ ਘਰ ਆ ਗਿਆ ਸੀ।

“ਹੇ ਸਰਬਸ਼ਕਤੀਮਾਨ! ਸੁੱਖ ਰੱਖੀਂ! ਤੂੰ ਹੀ ਬਖ਼ਸ਼ਿਐ, ਹੁਣ ਉਸ ਦਾ ਵਾਲ ਵਿੰਗਾ ਨਾ ਹੋਣ ਦੇਵੀਂ,” ਮੇਰੇ ਕੋਲ ਇਸ ਅਰਦਾਸ ਤੋਂ ਸਿਵਾਏ ਕਰਨ ਲਈ ਹੋਰ ਕੁਝ ਵੀ ਨਹੀਂ ਸੀ। ਗੁਰਬਾਣੀ ਦੀ ਟੇਪ ਲਾ ਕੇ ਮੈਂ ਆਪਣੇ ਡੁੱਬਦੇ ਦਿਲ ਨੂੰ ਠੁੰਮ੍ਹਣਾ ਦੇ ਰਹੀ ਸਾਂ। ਉਸ ਦੇ ਦੋਸਤ ਤੇ ਕੁਝ ਹੋਰ ਹਮਦਰਦ ਸਾਡੇ ਘਰ ਆ ਕੇ ਬੈਠ ਗਏ। ਹਰ ਕੋਈ ਆਪੋ-ਆਪਣੀ ਸਲਾਹ ਦਿੰਦਾ। ਨੇੜੇ-ਤੇੜੇ ਦੇ ਹਸਪਤਾਲਾਂ ਵਿੱਚ ਫੋਨ ਕੀਤੇ। ਮੈਂ ਕਦੇ ਅੰਦਰ ਜਾਂਦੀ ਕਦੇ ਬਾਹਰ। ਸੋਚਣ ਸ਼ਕਤੀ ਬਿਲਕੁਲ ਹੀ ਜਵਾਬ ਦੇ ਗਈ ਸੀ। ਉਨ੍ਹੀਂ ਦਿਨੀਂ ਪੁਲੀਸ ਤਕ ਪਹੁੰਚ ਕਰਨੀ ਕਿਸੇ ਨਵੀਂ ਮੁਸੀਬਤ ਨੂੰ ਸੱਦਾ ਦੇਣ ਵਰਗੀ ਗ਼ਲਤੀ ਸੀ। ਸ਼ਾਮ ਸੱਤ ਕੁ ਵਜੇ ਮੇਰੀ ਭੈਣ ਟੱਲੀ ਵਾਂਗ ਟਣਕੀ, “ਲੈ ਪਹੁੰਚ ਗਿਆ ਤੇ ਇਸੇ ਤੋਂ ਸੁਣ ਹੱਡਬੀਤੀ।”

ਮੈਂ ਜਿਵੇਂ ਕਿਸੇ ਸੁਨਾਮੀ ਦੀਆਂ ਛੱਲਾਂ ਵਿੱਚੋਂ ਕੰਢੇ ਆ ਲੱਗੀ। ਬਲਦੇਵ ਦੀਆਂ ਅੱਖਾਂ ਵਿੱਚ ਡੱਕੇ ਹੰਝੂ ਗੱਲ੍ਹਾਂ ’ਤੇ ਉਤਰ ਆਏ। ਅੱਗੋਂ ਰਿਸ਼ਮ ਦੇ ਮਾਣਮੱਤੇ ਬੋਲ ਸਨ, “ਮੰਮੀ! ਮੈਂ ਤਾਂ ਬੜੇ ਮਜ਼ੇ ਨਾਲ ਸਕੂਟਰ ‘ਤੇ ਫਰਾਟੇ ਮਾਰਦਾ ਜਾ ਰਿਹਾ ਸੀ। ਮੋਰਿੰਡੇ ਤੋਂ ਥੋੜ੍ਹਾ ਪਹਿਲਾਂ ਪਿਸ਼ਾਬ ਦੀ ਹਾਜਤ ਹੋਈ। ਕਾਈਨੈਟਿਕ ਸੜਕ ਕਿਨਾਰੇ ਖੜ੍ਹਾ ਕੇ ਮੈਂ ਪਰ੍ਹਾਂ ਝਾੜੀਆਂ ਵੱਲ ਚਲਿਆ ਗਿਆ। ਮੱਧਮ ਜਿਹੀ ਹੂੰਅੜ ਹੂੰਅ ਸੁਣ ਰਹੀ ਸੀ। ਉੱਥੇ ਜਾ ਕੇ ਦੇਖਿਆ ਤਾਂ ਡਿੱਗੇ ਹੋਏ ਮੋਟਰਸਾਈਕਲ ਕੋਲ ਇੱਕ ਬੰਦਾ ਕਰਾਹ ਰਿਹਾ ਸੀ ਜ਼ਖ਼ਮੀ”

“ਅੱਛਾ” ਫਿਰ?” ਬਲਦੇਵ ਨੂੰ ਕੰਨ ਨੇੜੇ ਕਰਕੇ ਸੁਣਨ ਦੀ ਕੋਸ਼ਿਸ਼ ਕਰਦੇ ਦੇਖ ਮੈਂ ਫੋਨ ਨੂੰ ਸਪੀਕਰ ’ਤੇ ਲਾ ਲਿਆ। “ਮੈਂ ਉਸ ਨੂੰ ਬੁਲਾਉਣ ਜਾਂ ਹੋਰ ਮਦਦ ਕਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹੋਣ ਕਾਰਨ ਕੁਝ ਨਾ ਬੋਲਿਆ। ਫਿਰ ਮੈਂ ਸੜਕ ਵਿਚਕਾਰ ਖੜੋ ਕੇ ਕਾਰਾਂ-ਟਰੱਕ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਨਾ ਰੁਕਿਆ। ਦੋ ਕਾਰਾਂ ਵਾਲੇ ਰੁਕੇ ਵੀ ਤਾਂ ਉਨ੍ਹਾਂ ਨੇ ਅਜਿਹੇ ਕੇਸ ਨੂੰ ਲਿਜਾਣ ਤੋਂ ਮਨ੍ਹਾ ਕਰ ਦਿੱਤਾ।”

“ਫਿਰ ਤਾਂ ਬੜੀ ਮੁਸ਼ਕਿਲ ਸਥਿਤੀ ਬਣ ਗਈ ਬੇਟਾ,” ਬਲਦੇਵ ਗੱਲਬਾਤ ਵਿੱਚ ਸ਼ਾਮਿਲ ਹੋ ਗਿਆ।

“ਪਾਪਾ! ਮੈਨੂੰ ਕੁਝ ਸਮਝ ਨਾ ਆਵੇ ਕਿ ਕੀ ਕਰਾਂ? ਕਾਈਨੈਟਿਕ ਸਟਾਰਟ ਕਰਕੇ ਮੋਰਿੰਡੇ ਪੁਲੀਸ ਚੌਕੀ ਪਹੁੰਚ ਕੇ ਸਾਰੀ ਹਾਲਤ ਦੱਸੀ। ਉਹ ਕਹਿੰਦੇ ਕਿ ਪੁੱਤ, ਸਕੂਟਰ ਕਰ ਖੜ੍ਹਾ ਤੇ ਬੈਠ ਸਾਡੇ ਨਾਲ ਜੀਪ ’ਤੇ ਮਰਦਾ ਕੀ ਨਾ ਕਰਦਾ, ਬੈਠਣਾ ਪਿਆ।”

“ਉਫ਼ ਇਹ ਪੁਲੀਸ ਵੀ ਨਾ” ਮੈਨੂੰ ਬੁਖਲਾਹਟ ਵਿੱਚ ਲਫ਼ਜ਼ ਹੀ ਨਹੀਂ ਔੜ ਰਹੇ ਸਨ। ਸ਼ਾਇਦ ਆਵਾਜ਼ ਵੀ ਕੰਬ ਰਹੀ ਸੀ। “ਮੰਮੀ! ਪਹਿਲਾਂ ਇਹ ਸੁਣ ਲਉ ਬਈ ਸਭ ਕੁਝ ਠੀਕ ਐ, ਪ੍ਰੇਸ਼ਾਨ ਨਾ ਹੋਵੋ।”

“ਚੱਲ ਤੂੰ ਅੱਗੇ ਦੱਸ” ਤੇਰੀ ਮਾਂ ਤਾਂ ਐਵੇਂ” ਸ਼ਬਦ ਬਲਦੇਵ ਤੋਂ ਵੀ ਗੁਆਚ ਰਹੇ ਸਨ। “ਅੱਗੇ ਕੀ, ਬਸ ਉਸੇ ਥਾਂ ਪਹੁੰਚ ਗਏ। ਹੁਣ ਤਾਂ ਉਹ ਬੰਦਾ ਉੱਕਾ ਹੀ ਬੇਹੋਸ਼ ਸੀ, ਖ਼ੂਨ ਨਾਲ ਲਥਪਥ, ਸਿਪਾਹੀਆਂ ਨੇ ਉਸ ਨੂੰ ਗੱਡੀ ’ਚ ਪਾ ਲਿਆ ਤੇ ਕਹਿੰਦੇ ਕਿ ਕਾਕਾ! ਜਾਂ ਤਾਂ ਸਾਡੇ ਨਾਲ ਹਸਪਤਾਲ ਚੱਲ, ਨਹੀਂ ਤਾਂ ਉਦੋਂ ਤਕ ਥਾਣੇ ਬੈਠਣਾ ਪਊ ਜਦੋਂ ਤਕ ਇਹਦੇ ਬਿਆਨ ਨਹੀਂ ਲੈ ਲੈਂਦੇ।” “ਹਾਏ ਰੱਬਾ” ਮੈਥੋਂ ਫਿਰ ਬੋਲੇ ਬਿਨਾਂ ਰਿਹਾ ਨਾ ਗਿਆ।

“ਬਸ ਮੰਮੀ-ਪਾਪਾ! ਮੈਂ ਸੋਚਿਆ ਹਸਪਤਾਲ ਜਾਣਾ ਹੀ ਠੀਕ ਐ, ਨਾਲੇ ਖ਼ੌਰੇ ਖ਼ੂਨ ਦੀ ਲੋੜ ਪਵੇ, ਪਰ ਉਹ ਤਾਂ ਪਈ ਨਹੀਂ, ਸਿਪਾਹੀਆਂ ਨੇ ਡਾਕਟਰ ਦੀ ਪਰਚੀ ਵੀ ਮੈਨੂੰ ਫੜਾ ਦਿੱਤੀ। ਚਲੋ ਮੇਰੇ ਕੋਲ ਪੈਸੇ ਹੈਗੇ ਸੀ, ਮੰਮੀ! ਸਵੇਰੇ ਜਿਹੜੇ ਤੁਸੀਂ ਦਿੱਤੇ ਸੀ। ਮੈਂ ਦਵਾਈਆਂ ਲਿਆ ਦਿੱਤੀਆਂ।”

“ਪੈਸਿਆਂ ਦੀ ਛੱਡ ਬੇਟਾ! ਇਹ ਦੱਸ ਫਿਰ ਬਣਿਆ ਕੀ?” ਮੈਂ ਛੇਤੀ ਤੋਂ ਛੇਤੀ ਸਭ ਜਾਣਨ ਲਈ ਕਾਹਲੀ ਸਾਂ।

“ਬਸ ਮੰਮੀ ਜੀ! ਗੁਲੂਕੋਜ਼ ਲੱਗ ਗਿਆ। ਪੱਟੀਆਂ ਹੋ ਗਈਆਂ। ਹੋਰ ਇਲਾਰ ਹੁੰਦਾ ਰਿਹਾ। ਅਸੀਂ ਵਰਾਂਡੇ ’ਚ ਬੈਠੇ ਰਹੇ। ਅਖੀਰ ਉਹ ਬੰਦਾ ਹੋਸ਼ ’ਚ ਆ ਗਿਆ, ਪੁਲੀਸ ਨੂੰ ਬਿਆਨ ਦੇ ਦਿੱਤਾ ਕਿ ਸੜਕ ’ਤੇ ਕੋਈ ਵੱਡਾ ਰੋੜਾ ਪਿਆ ਸੀ, ਜਿਸ ਤੋਂ ਬੁੜ੍ਹਕ ਕੇ ਮੋਟਰਸਾਈਕਲ ਦੂਰ ਝਾੜੀਆਂ ਵਿੱਚ ਜਾ ਪਿਆ ਤੇ ਉਹ ਡਿੱਗ ਕੇ ਜ਼ਖ਼ਮੀ ਹੋ ਗਿਆ।”

“ਸ਼ੁਕਰ ਐ ਵਾਹਿਗੁਰੂ” ਸੱਚੇ ਪਾਤਸ਼ਾਹ” ਮੇਰੇ ਤੜਪਦੇ ਕਾਲਜੇ ਨੂੰ ਠੰਢ ਪੈ ਗਈ।

“ਹੋਰ ਸੁਣੋ! ਸਿਪਾਹੀ ਨੇ ਮੈਨੂੰ ਖਿੱਚ ਕੇ ਉਸ ਦੇ ਸਾਹਮਣੇ ਕਰ ਦਿੱਤਾ। ਕਹਿੰਦਾ: ਇਸ ਮੁੰਡੇ ਨੇ ਤਾਂ ਨਹੀਂ ਕੀਤਾ ਐਕਸੀਡੈਂਟ?”

“ਫੇਰ?” “ਉਹ ਹੁਣ ਪੂਰੇ ਹੋਸ਼ ’ਚ ਸੀ, ਬਿਲਕੁਲ ਠੀਕ-ਠਾਕ। ਕਹਿੰਦਾ, ‘ਨਹੀਂ ਜੀ, ਸੜਕ ਤੇ ਤਾਂ ਉਦੋਂ ਕੋਈ ਨਹੀਂ ਸੀ, ਇਹ ਮੁੰਡਾ ਵੀ ਨਹੀਂ,’ ਤਾਂ ਕਿਤੇ ਮੇਰੀ ਬੰਦ-ਖਲਾਸੀ ਹੋਈ।”

“ਲੱਖ ਲੱਖ ਸ਼ੁਕਰ ਪਰਮਾਤਮਾ ਦਾ ਤੇ ਤੂੰ ਉਵੇਂ ਹੀ ਭੁੱਖਣ-ਭਾਣਾ!” “ਨਾ ਜੀ, ਨਾ! ਜਦੋਂ ਦਾ ਆਇਆਂ ਮਾਸੀ ਦਬਾਸੱਟ ਚਾਰੀ ਜਾਂਦੀ ਐ, ਗਲ਼ ਤਾਈਂ ਰਜਾ ਦਿੱਤਾ,” ਰਿਸ਼ਮ ਖਿੜਖਿੜਾਇਆ।

“ਹੁਣ ਹਿੜ-ਹਿੜ ਕਰੀ ਜਾਂਦਾ ਐਂ। ਜੇ ਉਸ ਬੰਦੇ ਨੂੰ ਕੁਝ ਹੋ ਜਾਂਦਾ ਤਾਂ ਰਗੜਿਆ ਗਿਆ ਸੀ ਤੂੰ ਤੇ ਨਾਲੇ ਅਸੀਂ ਸਾਰੇ” ਮਾਸੀ ਦਾ ਪਿਆਰ ਚਿੰਤਾ ਵਿੱਚ ਡਿੱਕਡੋਲੇ ਖਾ ਰਿਹਾ ਸੀ। “ਕੋਈ ਨਾ ਪਰਮਿੰਦਰ! ਇਹਦੇ ਕਰਕੇ ਕਿਸੇ ਮਾਂ ਦਾ ਪੁੱਤ ਬਚ ਵੀ ਤਾਂ ਗਿਐ ਸ਼ਾਬਾਸ਼ ਬੇਟਾ ਸ਼ਾਬਾਸ਼।’

“ਵੈੱਲ ਡਨ ਜਵਾਨ! ਕੀਪ ਇਟ ਅੱਪ” ਬਲਦੇਵ ਨੇ ਫ਼ੌਜੀਆਂ ਵਰਗੇ ਬੁਲੰਦ ਅੰਦਾਜ਼ ਵਿੱਚ ਕਿਹਾ ਤੇ ਸਾਡੇ ਦੋਵਾਂ ਦੇ ‘ਫ਼ਿਕਰ’ ਦੀ ਥਾਂ ‘ਫ਼ਖ਼ਰ’ ਨੇ ਲੈ ਲਈ।

■ ਡਾ. ਗੁਰਮਿੰਦਰ ਸਿੱਧੂ

ਆਪ ਬੀਤੀ



ਕਾਲਪਨਿਕ ਫੋਟੋ

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਟਕੀ ਹੋਈ ਮਨੁੱਖਤਾ ਨੂੰ ਜੀਵਨ ਦਾ ਸੱਚਾ ਰਸਤਾ ਦਿਖਾਇਆ : ਮੁੱਖ ਮੰਤਰੀ ਸੈਣੀ

ਪੰਚਕੂਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੇ ਆਪਣੇ ਸਮੇਂ ਵਿੱਚ ਭਟਕੀ ਹੋਈ ਮਨੁੱਖਤਾ ਨੂੰ ਜੀਵਨ ਦਾ ਸੱਚਾ ਰਸਤਾ ਦਿਖਾਇਆ ਸੀ, ਅਜਿਹੇ ਵਿੱਚ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲਣ ਅਤੇ ਸਹੇਜਣ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਦੀ ਹੈ। ਮੁੱਖ ਮੰਤਰੀ ਅੱਜ ਪੰਚਕੂਲਾ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ 135ਵੀਂ ਜਯੰਤੀ ਦੇ ਮੌਕੇ 'ਤੇ ਆਯੋਜਿਤ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਡਾ. ਭੀਮ ਰਾਓ ਅੰਬੇਡਕਰ ਦੀ ਜਨਮ ਵਰ੍ਹੇਗੰਢ ਦੀ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਸ ਸਾਲ ਬਾਬਾ ਸਾਹਿਬ ਦੀ ਜਯੰਤੀ ਨੂੰ 20 ਅਪ੍ਰੈਲ ਤੱਕ 'ਸਮਾਜਿਕ ਨਿਆਂ ਹਫ਼ਤੇ' ਵਜੋਂ ਮਨਾ ਰਹੇ ਹਾਂ। ਇਸ ਮੁਹਿੰਮ ਦਾ ਮੁੱਖ ਉਦੇਸ਼ ਬਾਬਾ ਸਾਹਿਬ ਦੇ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਹਫ਼ਤੇ ਦੀ ਸ਼ੁਰੂਆਤ ਸਵੱਛਤਾ ਅਭਿਆਨ ਨਾਲ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਦਾ ਸੁਪਨਾ ਅਜਿਹਾ ਸਮਾਜ ਸੀ, ਜਿੱਥੇ ਕਿਸੇ ਵਿਅਕਤੀ ਦੀ ਪਛਾਣ ਉਸਦੀ ਜਾਤ ਨਾਲ ਨਹੀਂ, ਸਗੋਂ ਉਸਦੀ ਯੋਗਤਾ ਅਤੇ ਉਸਦੇ ਕਰਮਾਂ ਨਾਲ ਹੋਵੇ। ਅਸੀਂ ਉਸੇ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ। ਇਸ ਸਮਾਜਿਕ ਨਿਆਂ ਹਫ਼ਤੇ ਰਾਹੀਂ ਅਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪਹੁੰਚਾਉਣ, ਸਮਾਜ ਦੇ ਆਖਰੀ ਵਿਅਕਤੀ ਤੱਕ ਨਿਆਂ ਯਕੀਨੀ ਬਣਾਉਣ ਅਤੇ ਸਮਾਨਤਾ ਦੇ ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਚਨਬੱਧ ਹਾਂ।

ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਮਹਾਨ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਜਾਤ-ਪਾਤ, ਛੂਤ-ਛਾਤ, ਅਸਮਾਨਤਾ, ਅਨਿਆਂ ਅਤੇ ਸ਼ੋਸ਼ਣ ਵਿਰੁੱਧ ਸੰਘਰਸ਼ ਕੀਤਾ। ਉਹ ਦੱਬੇ-ਪਿਛੜੇ ਲੋਕਾਂ ਦੀ ਆਵਾਜ਼ ਸਨ। ਇੱਕ ਗਰੀਬ ਪਰਿਵਾਰ ਵਿੱਚ ਜਨਮੇ ਬਾਬਾ ਸਾਹਿਬ ਨੇ ਇਹ ਸਾਬਤ ਕਰ ਦਿੱਤਾ ਕਿ ਦ੍ਰਿੜ ਇਰਾਦੇ, ਮਿਹਨਤ ਅਤੇ ਹਿੰਮਤ ਨਾਲ ਮਨੁੱਖ ਔਖੇ ਤੋਂ ਔਖੇ ਟੀਚੇ ਨੂੰ ਵੀ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਦਾ ਜੀਵਨ ਸੰਘਰਸ਼ਾਂ ਨਾਲ ਭਰਿਆ ਹੋਇਆ ਸੀ, ਪਰ ਉਨ੍ਹਾਂ ਨੇ ਉੱਚ ਮਨੋਬਲ ਨਾਲ ਜੀਵਨ ਦੀ ਹਰ ਰੁਕਾਵਟ ਨੂੰ ਪਾਰ ਕੀਤਾ। ਉਹ ਇੱਕ ਉੱਘੇ ਲੇਖਕ, ਯਸ਼ਸਵੀ ਬੁਲਾਰੇ, ਮਹਾਨ ਕਾਨੂੰਨਦਾਨ ਅਤੇ ਅਰਥ ਸ਼ਾਸਤਰੀ ਸਨ। ਉਹ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਵੀ ਸਨ। ਉਨ੍ਹਾਂ ਕਿਹਾ ਕਿ ਦੇਸ਼ ਪ੍ਰਤੀ ਉਨ੍ਹਾਂ ਦੀਆਂ ਮਹਾਨ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ 'ਭਾਰਤ ਰਤਨ' ਦੇ ਸਰਵਉੱਚ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾਂ ਦਾ ਸਾਧਨਾਪੂਰਨ ਜੀਵਨ ਸਾਡੇ ਸਾਰਿਆਂ ਲਈ ਆਦਰਸ਼ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਡਾ. ਅੰਬੇਡਕਰ ਸਮਾਜ ਦੇ ਪਿਛੜੇਪਣ ਅਤੇ ਅਸਮਾਨਤਾ ਨੂੰ ਦੂਰ ਕਰਨ ਦਾ ਸਭ ਤੋਂ ਕਾਰਗਰ ਉਪਾਅ ਸਿੱਖਿਆ ਨੂੰ ਮੰਨਦੇ ਸਨ। ਜਦੋਂ ਉਨ੍ਹਾਂ ਨੇ 'ਪੜ੍ਹੋ, ਇੱਕ ਹੋ ਜਾਓ ਅਤੇ ਸੰਘਰਸ਼ ਕਰੋ' ਦਾ ਨਾਅਰਾ ਦਿੱਤਾ ਸੀ, ਤਾਂ ਉਹ ਜਾਣਦੇ ਸਨ ਕਿ ਸਿੱਖਿਆ ਹੀ ਸ਼ੋਸ਼ਿਤਾਂ ਨੂੰ ਸ਼ੋਸ਼ਣ ਤੋਂ ਬਚਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੂੰ ਇਹ ਗੱਲ ਜਨ-ਜਨ ਤੱਕ ਪਹੁੰਚਾਉਣ ਲਈ ਲੰਬੇ ਸਮੇਂ ਤੱਕ ਯਤਨ ਕਰਨੇ ਪਏ ਕਿ ਆਤਮ-ਸਨਮਾਨ, ਬਰਾਬਰ ਅਧਿਕਾਰ ਅਤੇ ਸਮਾਜਿਕ ਨਿਆਂ ਸਿਰਫ ਮੰਗਣ ਨਾਲ ਨਹੀਂ ਮਿਲਦੇ, ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਪਹਿਲਾਂ ਆਪਣੇ ਆਪ ਨੂੰ ਇਸ ਦੇ ਯੋਗ ਬਣਾਉਣਾ ਪੈਂਦਾ ਹੈ ਅਤੇ ਇਸ ਲਈ ਸਿੱਖਿਅਤ ਹੋਣਾ ਪਹਿਲੀ ਸ਼ਰਤ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਸਿਰਫ ਵਾਂਝੇ ਵਰਗਾਂ ਦੇ ਹੀ ਨਹੀਂ, ਸਗੋਂ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਦੇ ਵੀ ਪੱਖਧਰ ਸਨ। ਉਹ ਇਸਤਰੀ ਸਿੱਖਿਆ ਦੇ ਕੱਟੜ ਸਮਰਥਕ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖਿਆ ਹੀ ਉਨ੍ਹਾਂ ਨੂੰ ਆਤਮ-ਨਿਰਭਰ ਬਣਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਇਹ ਪਵਿੱਤਰ ਅਵਸਰ ਬਾਬਾ ਸਾਹਿਬ ਦੇ ਜੀਵਨ ਦਰਸ਼ਨ ਨੂੰ ਯਾਦ ਕਰਨ ਅਤੇ ਉਨ੍ਹਾਂ ਦੇ ਦਿਖਾਏ ਰਸਤੇ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ। ਇਸ ਦੇ ਨਾਲ ਹੀ, ਇਹ ਇੱਕ ਸੱਚ ਨੂੰ ਸਾਹਮਣੇ ਲਿਆਉਣ ਦਾ ਦਿਨ ਵੀ ਹੈ। ਬਾਬਾ ਸਾਹਿਬ ਵਰਗੇ ਮਹਾਨਾਇਕ, ਜਿਨ੍ਹਾਂ ਨੇ ਭਾਰਤ ਦਾ ਸੰਵਿਧਾਨ ਬਣਾਇਆ, ਉਨ੍ਹਾਂ ਨੂੰ ਉਸੇ ਦੌਰ ਦੀ ਸੱਤਾਧਾਰੀ ਕਾਂਗਰਸ ਪਾਰਟੀ ਨੇ ਵਾਰ-ਵਾਰ ਸਿਆਸੀ ਅਣਦੇਖੀ ਅਤੇ ਅਪਮਾਨ ਦਾ ਸ਼ਿਕਾਰ ਬਣਾਇਆ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 1946 ਵਿੱਚ ਜਦੋਂ ਸੰਵਿਧਾਨ ਸਭਾ ਦਾ ਗਠਨ ਹੋ ਰਿਹਾ ਸੀ, ਉਦੋਂ ਕਾਂਗਰਸ ਨੇ ਉਨ੍ਹਾਂ ਨੂੰ ਉੱਥੇ ਪਹੁੰਚਣ ਤੋਂ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਪਰ, ਬਾਬਾ ਸਾਹਿਬ ਆਪਣੀ ਪ੍ਰਤਿਭਾ ਅਤੇ ਸੰਘਰਸ਼ ਦੇ ਬਲ 'ਤੇ ਉੱਥੇ ਪਹੁੰਚੇ। ਫਿਰ ਵੀ, ਉਨ੍ਹਾਂ ਨੂੰ ਕਦੇ ਵੀ ਕਾਂਗਰਸ ਨੇ ਦਿਲੋਂ ਸਵੀਕਾਰ ਨਹੀਂ ਕੀਤਾ। ਖੁਦ ਬਾਬਾ ਸਾਹਿਬ ਨੇ ਕਿਹਾ ਸੀ ਕਿ ਉਹ ਕਾਂਗਰਸ ਦੇ ਵਿਰੋਧੀ ਖੇਮੇ ਤੋਂ ਆਉਂਦੇ ਹਨ ਅਤੇ ਕਾਂਗਰਸੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਕਦੇ ਆਪਣਾ ਨਹੀਂ ਮੰਨਿਆ।

ਉਨ੍ਹਾਂ ਦੋਸ਼ ਲਾਇਆ ਕਿ ਇਹ ਵਿਡੰਬਨਾ ਹੀ ਸੀ ਕਿ ਦੇਸ਼ ਦੇ ਕਾਨੂੰਨ ਮੰਤਰੀ ਹੁੰਦਿਆਂ ਵੀ ਉਨ੍ਹਾਂ ਨੂੰ ਮਹੱਤਵਪੂਰਨ ਫੈਸਲਿਆਂ ਅਤੇ ਕਮੇਟੀਆਂ ਤੋਂ ਦੂਰ ਰੱਖਿਆ ਗਿਆ। ਵਿਦੇਸ਼ ਨੀਤੀ, ਰੱਖਿਆ ਅਤੇ ਰਾਸ਼ਟਰੀ ਮਹੱਤਵ ਦੇ ਮੁੱਦਿਆਂ 'ਤੇ ਉਨ੍ਹਾਂ ਦੀ ਭੂਮਿਕਾ ਸੀਮਤ ਕਰ ਦਿੱਤੀ ਗਈ। ਅਨੁਸੂਚਿਤ ਜਾਤੀਆਂ ਅਤੇ ਪਿਛੜੀਆਂ ਸ਼੍ਰੇਣੀਆਂ ਦੇ ਅਧਿਕਾਰਾਂ ਲਈ ਕਮਿਸ਼ਨ ਬਣਾਉਣ ਦੀ ਉਨ੍ਹਾਂ ਦੀ ਮੰਗ ਨੂੰ ਵੀ ਕਾਂਗਰਸ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ। ਸਭ ਤੋਂ ਵੱਡਾ ਅਨਿਆਂ ਉਦੋਂ ਹੋਇਆ, ਜਦੋਂ ਉਨ੍ਹਾਂ ਦੇ ਜੀਵਨ ਦੇ ਸਭ ਤੋਂ ਕ੍ਰਾਂਤੀਕਾਰੀ ਸਮਾਜਿਕ ਸੁਧਾਰ, 'ਹਿੰਦੂ ਕੋਡ ਬਿੱਲ' ਨੂੰ ਕਾਂਗਰਸ ਨੇ ਜਾਣਬੁੱਝ ਕੇ ਲਟਕਾਇਆ, ਕਮਜ਼ੋਰ ਕੀਤਾ ਅਤੇ ਅੰਤ ਵਿੱਚ ਠੰਡੇ ਬਸਤੇ ਵਿੱਚ ਪਾ ਦਿੱਤਾ। ਵਾਰ-ਵਾਰ ਭਰੋਸਾ ਦੇ ਕੇ ਵੀ ਇਸ ਨੂੰ ਲਾਗੂ ਨਾ ਕਰਨਾ, ਬਾਬਾ ਸਾਹਿਬ ਨਾਲ ਸਭ ਤੋਂ ਵੱਡਾ ਵਿਸ਼ਵਾਸਘਾਤ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 1951 ਵਿੱਚ ਬਾਬਾ ਸਾਹਿਬ ਨੂੰ ਮੰਤਰੀ ਮੰਡਲ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦਾ ਅਸਤੀਫਾ ਕਿਸੇ ਅਹੁਦੇ ਦੀ ਲਾਲਸਾ ਦਾ ਨਹੀਂ, ਸਗੋਂ ਸਿਧਾਂਤਾਂ ਨਾਲ ਸਮਝੌਤਾ ਨਾ ਕਰਨ ਦਾ ਨਤੀਜਾ ਹੈ। ਇਹ ਕਾਂਗਰਸ ਦੀ ਉਸ ਸੋਚ ਦੀ ਹਾਰ ਸੀ, ਜੋ ਸਮਾਜਿਕ ਨਿਆਂ ਦੇ ਨਾਂ 'ਤੇ ਰਾਜਨੀਤੀ ਕਰਦੀ ਰਹੀ। ਉਨ੍ਹਾਂ ਕਾਂਗਰਸੀ ਆਗੂਆਂ 'ਤੇ ਦੋਸ਼ ਲਾਇਆ ਕਿ ਅੱਜ ਵੀ ਉਨ੍ਹਾਂ ਦਾ ਅਪਮਾਨ ਕਰਨ ਵਾਲੇ ਲੋਕ ਉਨ੍ਹਾਂ ਦੀ ਲਿਖੀ ਸੰਵਿਧਾਨ ਦੀ ਕਿਤਾਬ ਨੂੰ ਛਾਤੀ ਨਾਲ ਲਾਈ ਘੁੰਮ ਰਹੇ ਹਨ ਅਤੇ ਕਹਿ ਰਹੇ ਹਨ ਕਿ ਸੰਵਿਧਾਨ ਖ਼ਤਰੇ ਵਿੱਚ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਦੇ ਦਿਖਾਏ ਰਸਤੇ 'ਤੇ ਚੱਲਦੇ ਹੋਏ ਸਾਡੀ ਸਰਕਾਰ ਦਾ ਮੂਲ ਫਲਸਫਾ 'ਅੰਤੋਦਿਆ' ਹੈ। ਇਸੇ ਭਾਵਨਾ ਨੂੰ ਦੇਸ਼ ਦੇ ਯਸ਼ਸਵੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ' ਦੇ ਮਹਾਮੰਤਰ ਵਿੱਚ ਪਰੋਇਆ ਹੈ। ਇਸੇ ਮੂਲ ਮੰਤਰ 'ਤੇ ਚੱਲਦੇ ਹੋਏ ਅਸੀਂ ਸਮਾਜ ਦੇ ਹਰ ਵਰਗ ਦੇ ਉਥਾਨ ਲਈ ਅਨੇਕਾਂ ਯੋਜਨਾਵਾਂ ਅਤੇ ਨੀਤੀਆਂ ਲਾਗੂ ਕੀਤੀਆਂ ਹਨ।

ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ ਵਿੱਚ ਹੁਣ ਤੱਕ ਵਾਂਝੇ ਰਹਿ ਗਏ ਲੋਕਾਂ ਨੂੰ ਉਨ੍ਹਾਂ ਦਾ ਹੱਕ ਦਿੱਤਾ ਹੈ। ਉਨ੍ਹਾਂ ਨੇ ਅਨੁਸੂਚਿਤ ਜਾਤੀ ਵਰਗ ਲਈ ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਮੁੱਖ ਮੰਤਰੀ ਨੇ ਪੰਚਕੂਲਾ ਵਿੱਚ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਨੂੰ ਸਮਰਪਿਤ ਸਮਤਾ ਮੈਰਾਥਨ ਨੂੰ ਵਿਖਾਈ ਹਰੀ ਝੰਡੀ

ਪੰਚਕੂਲਾ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਯਵਨਿਕਾ ਪਾਰਕ ਸੈਕਟਰ-5 ਤੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਨੂੰ ਸਮਰਪਿਤ ਸਮਤਾ ਮੈਰਾਥਨ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਦੌੜ ਸਮਾਜਿਕ ਨਿਆਂ, ਸਮਾਨਤਾ ਅਤੇ ਅਧਿਕਾਰਾਂ ਪ੍ਰਤੀ ਸਾਡੀ ਅਟੁੱਟ ਪ੍ਰਤੀਬੱਧਤਾ ਦਾ ਪ੍ਰਤੀਕ ਹੈ।

ਇਸ ਤੋਂ ਪਹਿਲਾਂ ਮੈਰਾਥਨ ਸਥਾਨ 'ਤੇ ਪਹੁੰਚਣ 'ਤੇ ਨੌਜੁਆਨਾਂ ਅਤੇ ਬੱਚਿਆਂ ਨੇ ਮੁੱਖ ਮੰਤਰੀ ਦਾ ਜੋਰਦਾਰ ਸੁਆਗਤ ਕੀਤਾ। ਮੁੱਖ ਮੰਤਰੀ ਨੇ ਵੀ ਸਨੇਹ ਨਾਲ ਲੋਕਾਂ ਦਾ ਅਭਿਵਾਦਨ ਸਵੀਕਾਰ ਕੀਤਾ। ਉਨ੍ਹਾਂ ਨੇ ਸਿਰਫ ਮੈਰਾਥਨ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ, ਸਗੋਂ ਪ੍ਰਤੀਭਾਗਿਆਂ 'ਤੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਮਨੋਬਲ ਵੀ ਵਧਾਇਆ।

ਪ੍ਰਤੀਭਾਗਿਆਂ ਨੇ ਭਾਰਤ ਮਾਤਾ ਦੀ ਜੈ ਅਤੇ ਵੰਦੇ ਮਾਤਰਮ ਦੇ ਨਾਰਿਆਂ ਨਾਲ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਤਾਊ ਦੇਵੀਲਾਲ ਖੇਡ ਸਟੇਡੀਅਮ, ਸੈਕਟਰ-3 ਤੱਕ ਮੈਰਾਥਨ ਵਿੱਚ ਉਤਸਾਹ ਨਾਲ ਹਿੱਸਾ ਲਿਆ।

ਬਾਬਾ ਸਾਹਿਬ ਦੀ 135ਵੀਂ ਜੈਯੰਤੀ ਦੀ ਬਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਬਾਬਾ ਸਾਹਿਬ ਦਾ ਜੀਵਨ ਸੰਘਰਸ਼, ਤਿਆਗ ਅਤੇ ਸੰਕਲਪ ਦੀ ਇੱਕ ਅਨੋਖੀ ਕਹਾਣੀ ਹੈ। ਉਨ੍ਹਾਂ ਨੇ ਆਪਣੇ ਪੂਰੇ ਜੀਵਨ ਨੂੰ ਸਮਾਜ ਦੇ ਉਸ ਵਰਗ ਦੇ ਉਤਥਾਨ ਲਈ ਸਮਰਪਿਤ ਕੀਤਾ ਜੋ ਸਦਿਆਂ ਤੋਂ ਵਾਂਝੇ ਅਤੇ ਸ਼ੋਸ਼ਿਤ ਰਿਹਾ। ਉਨ੍ਹਾਂ ਨੇ ਸਾਨੂੰ ਸਿਰਫ ਸੰਵਿਧਾਨ ਹੀ ਨਹੀਂ ਦਿੱਤਾ ਸਗੋਂ ਇੱਕ ਅਜਿਹੀ ਵਿਚਾਰਧਾਰਾ ਦੀ ਜੋ ਸਮਾਨਤਾ, ਨਿਆਂ ਅਤੇ ਭਾਈਚਾਰੇ ਦੇ ਸਿਧਾਂਤ 'ਤੇ ਅਧਾਰਿਤ ਹਨ। ਅੱਜ ਦੀ ਇਹ ਸਮਤਾ ਮੈਰਾਥਨ ਉਸੇ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਇੱਕ ਸਸ਼ਕਤ ਮੀਡੀਅਮ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮੈਰਾਥਨ ਸਾਨੂੰ ਇ ਸੰਦੇਸ਼ ਦਿੰਦੀ ਹੈ ਕਿ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਭੇਦਭਾਵ, ਅਸਮਾਨਤਾ ਜਾਂ ਅਨਿਆਂ ਮੰਜ਼ੂਰ ਨਹੀਂ ਹੈ। ਸਾਨੂੰ ਮਿਲ ਕੇ ਅਜਿਹੇ ਭਾਰਤ ਦਾ ਨਿਰਮਾਣ ਕਰਨਾ ਹੈ ਜਿੱਥੇ ਹਰ ਵਿਅਕਤੀ ਨੂੰ ਸਮਾਨ ਮੌਕੇ ਮਿਲੇ, ਹਰ ਨਾਗਰਿਕ ਨੂੰ ਸਨਮਾਨ ਮਿਲੇ ਅਤੇ ਕੋਈ ਵੀ ਵਿਅਕਤੀ ਆਪਣੇ ਅਧਿਕਾਰਾਂ ਤੋਂ ਵਾਂਝੇ ਨਾ ਰਹੇ। ਇਹੀ ਬਾਬਾ ਸਾਹਿਬ ਦਾ ਸੁਪਨਾ ਸੀ ਅਤੇ ਇਹ ਹੀ ਸਾਡੇ ਸੰਵਿਧਾਨ ਦੀ ਆਤਮਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਬਾਬਾ ਸਾਹਿਬ ਦੇ ਆਦਰਸ਼ਾਂ ਨੂੰ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਅਸੀ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈ, ਜਿਨ੍ਹਾਂ ਦਾ ਉਦੇਸ਼ ਅੰਤਮ ਪੰਕਤੀ ਵਿੱਚ ਖੜੇ ਵਿਅਕਤੀ ਤੱਕ ਵਿਕਾਸ ਦਾ ਲਾਭ ਪਹੁੰਚਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਭਾਵੇਂ ਸਿੱਖਿਆ ਦੇ ਖੇਤਰ ਵਿੱਚ ਸਕੋਲਰਸ਼ਿਪ ਯੋਜਨਾਵਾਂ ਹੋਣ, ਰੁਜਗਾਰ ਦੇ ਮੌਕੇ ਹੋਣ ਜਾਂ ਸਮਾਜਿਕ ਸੁਰੱਖਿਆ ਦੀ ਯੋਜਨਾਵਾਂ- ਹਰਿਆਣਾ ਸਰਕਾਰ ਹਰ ਪੱਧਰ 'ਤੇ ਸਮਾਨਤਾ ਅਤੇ ਨਿਆਂ ਯਕੀਨੀ ਕਰਨ ਲਈ ਕੰਮ ਕਰ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਮੌਜ਼ੂਦਾ ਸਰਕਾਰ ਦਾ ਸਪਸ਼ਟ ਮਨੰਣਾ ਹੈ ਕਿ ਜਦੋਂ ਤੱਕ ਸਮਾਜ ਦਾ ਹਰ ਵਰਗ ਸਸ਼ਕਤ ਨਹੀਂ ਹੋਵੇਗਾ ਤਦ ਤੱਕ ਸੂਬਾ ਅਤੇ ਦੇਸ਼ ਦਾ ਸਮਗਰ ਵਿਕਾਸ ਸੰਭਵ ਨਹੀਂ ਹੈ। ਇਸ ਲਈ ਅਸੀ ਲਗਾਤਾਰ ਅਜਿਹੀ ਨੀਤੀਆਂ ਬਣਾ ਰਹੇ ਹਾਂ ਜੋ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਕੰਮ ਕਰੇ।

ਮੁੱਖ ਮੰਤਰੀ ਨੇ ਨੌਜੁਆਨਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਤੁਸੀ ਦੇਸ਼ ਦਾ ਭਵਿੱਖ ਹੋ ਅਤੇ ਤੁਹਾਡੇ ਸਾਰਿਆਂ ਦੇ ਮੋਡਿਆਂ 'ਤੇ ਇੱਕ ਸਸ਼ਕਤ ਅਤੇ ਸਮਨਤਾਮੂਲਕ ਸਮਾਜ ਦੇ ਨਿਰਮਾਣ ਦੀ ਜਿੰਮੇਦਾਰੀ ਹੈ। ਬਾਬਾ ਸਾਹਿਬ ਨੇ ਸਿੱਖਿਆ ਨੂੰ ਸਭ ਤੋਂ ਵੱਡਾ ਹਥਿਆਰ ਦੱਸਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸਿੱਖਿਅਤ ਬਣੋ, ਸੰਗਠਿਤ ਰਹੋ ਅਤੇ ਸੰਘਰਸ਼ ਕਰੋ। ਅਸੀ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨੂੰ ਆਪਣੇ ਜੀਵਨ ਵਿੱਚ ਉਤਾਰਨਾ ਹੋਵੇਗਾ। ਸਿੱਖਿਆ, ਜਾਗਰੂਕਤਾ ਅਤੇ ਏਕਤਾ ਰਾਹੀਂ ਹੀ ਅਸੀ ਸਮਾਜ ਵਿੱਚ ਸਰਗਰਮ ਬਦਲਾਵ ਲਿਆ ਸਕਦੇ ਹਾਂ।

ਮੁੱਖ ਮੰਤਰੀ ਨੇ ਬਾਬਾ ਸਾਹਿਬ ਨੂੰ ਨਮਨ ਕਰਦੇ ਹੋਏ ਲੋਕਾਂ ਨੂੰ ਉਨ੍ਹਾਂ ਦੇ ਵਿਖਾਏ ਰਸਤੇ 'ਤੇ ਚਲਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀ ਸਾਰੇ ਮਿਲ ਕੇ ਇੱਕ ਅਜਿਹੇ ਭਾਰਤ ਦਾ ਨਿਰਮਾਣ ਕਰੀਏ ਜੋ ਸਮਤਾ, ਨਿਆਂ ਅਤੇ ਭਾਈਚਾਰੇ ਦੇ ਮੁੱਲਾਂ 'ਤੇ ਅਧਾਰਿਤ ਹੋਵੇ।

ਇਸ ਮੌਕੇ 'ਤੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਬੀਜੇਪੀ ਸੂਬਾ ਪ੍ਰਦਾਨ ਸ੍ਰੀ ਮੋਹਨ ਲਾਲ ਬੜੌਲੀ, ਰਾਜ ਸਭਾ ਸਾਂਸਦ ਸ੍ਰੀਮਤੀ ਰੇਖਾ ਸ਼ਰਮਾ, ਹਰਿਆਣਾ ਮਹਿਲਾ ਕਮੀਸ਼ਨ ਦੀ ਚੇਅਰਮੈਨ ਸ੍ਰੀਮਤੀ ਰੇਣੂ ਭਾਟਿਆ, ਵਿਧਾਨਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਡਿਪਟੀ ਕਮੀਸ਼ਨਰ ਸ੍ਰੀ ਸਤਪਾਲ ਸ਼ਰਮਾ,ਸੂਚਨਾ ਜਨਸੰਪਰਕ ਅਤੇ ਭਾਸ਼ਾ ਵਿਭਾਗ ਦੀ ਵਧੀਕ ਨਿਦੇਸ਼ਕ ਸ੍ਰੀਮਤੀ ਵਰਸ਼ਾ ਖਾਂਗਵਾਲ, ਵਧੀਕ ਨਿਦੇਸ਼ਕ ਸ੍ਰੀ ਮਨੀਸ਼ ਲੌਹਾਨ ਸਮੇਤ ਹੋਰ ਸੀਨੀਅਰ ਅਧਿਕਾਰੀ ਅਤੇ ਮਾਣਯੋਗ ਵਿਅਕਤੀ ਮੌਜ਼ੂਦ ਸਨ।

# ਹਰਿਆਣਾ ਨੇ 1.89 ਲੱਖ ਮੁਫ਼ਤ ਡਾਇਲਿਸਿਸ ਸੇਸ਼ਨ ਮੁਹੱਈਆ ਕਰਾਏ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਰਕਾਰੀ ਹਸਪਤਾਲਾਂ, ਜਿਨ੍ਹਾਂ ਵਿੱਚ ਪੀਜੀਆਈਐਮਐਸ ਰੋਹਤਕ ਵੀ ਸ਼ਾਮਲ ਹੈ, ਨੇ ਸਾਲ 2025-26 ਦੌਰਾਨ ਕ੍ਰੋਨਿਕ ਕਿਡਨੀ ਰੋਗ ਨਾਲ ਪੀੜਤ ਮਰੀਜਾਂ ਨੂੰ ਲਗਭਗ 1.89 ਲੱਖ ਮੁਫਤ ਡਾਇਲਿਸਿਸ ਸੇਸ਼ਨ ਉਪਲਬਧ ਕਰਾਏ। ਇਸ ਦੇ ਨਾਲ ਹੀ ਪੀਜੀਆਈਐਮਐਸ ਰੋਹਤਕ ਦੇ ਨੇਫ੍ਰੋਲਾਜੀ ਵਿਭਾਗ ਨੇ ਫਰਵਰੀ 2023 ਤੋਂ ਅਪ੍ਰੈਲ 2026 ਵਿੱਚਕਾਰ ਕੀਤੇ ਗਏ 34 ਕਿਡਨੀ ਟ੍ਰਾਂਸਪਲਾਂਟ ਵਿੱਚ 100× ਸਫਲਤਾ -ਦਰ ਹਾਸਲ ਕੀਤੀ ਹੈ।

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਮੈਡੀਕਲ ਸਿੱਖਿਆ ਅਤੇ ਸ਼ੋਧ ਵਿਭਾਗ ਵਿੱਚ ਆਪਣੇ ਪਿਛਲੇ ਕਾਰਜਕਾਲ ਦੌਰਾਨ 2023 ਵਿੱਚ ਸ਼ੁਰੂ ਕੀਤਾ ਗਿਆ ਇਹ ਪ੍ਰੋਗਰਾਮ ਲਗਾਤਾਰ ਪ੍ਰਗਤੀ ਕਰ ਰਿਹਾ ਹੈ। ਟ੍ਰਾਂਸਪਲਾਂਟ ਪ੍ਰੋਗਰਾਮ ਦੀ ਸ਼ੁਰੂਆਤ ਦੋ ਸਫਲ ਕੈਡੇਵਰਿਕ ਪ੍ਰਤਯਾਰੋਪਣ ਨਾਲ ਹੋਈ ਸੀ ਅਤੇ ਉਦੋਂ ਤੋਂ ਇਸ ਦਾ ਲਗਾਤਾਰ ਵਿਸਥਾਰ ਹੋਇਆ ਹੈ। ਇਸ ਵਿੱਚ ਸਾਲ 2024 ਵਿੱਚ 10 ਸਾਲ, 2025 ਵਿੱਚ 17 ਅਤੇ ਸਾਲ 2026 ਵਿੱਚ ਹੁਣ ਤੱਕ 4 ਟ੍ਰਾਂਸਪਲਾਂਟ ਪੂਰੇ ਹੋ ਚੁੱਕੇ ਹਨ ਜੋ ਵਿਭਾਗ ਦੀ ਵਧੀ ਹੋਈ ਸਮਰਥਾ ਅਤੇ ਜਨਤਾ ਦੇ ਵੱਧਦੇ ਭਰੋਸੇ ਨੂੰ ਦਰਸ਼ਾਉਂਦਾ ਹੈ।

ਜਿੱਥੇ ਸ਼ੁਰੂਆਤੀ ਪ੍ਰਕਿਰਿਆਵਾਂ ਵਿੱਚ ਕੈਡੇਵਰਿਕ ਦਾਨ ਸ਼ਾਮਲ ਸਨ, ਉੱਥੇ ਦੇ ਰੁਝਾਨ ਜੀਵਤ ਦਾਤਾਵਾਂ ਨਾਲ ਹੋਣ ਵਾਲੇ ਟ੍ਰਾਂਸਪਲਾਂਟਾਂ ਵਿੱਚ ਵਾਧੇ ਦਾ ਸੰਕੇਤ ਦਿੰਦੇ ਹਨ ਜੋ ਵਧਦੀ ਜਾਗਰੂਕਤਾ ਅਤੇ ਕੰਮਯੂਨਿਟੀ ਭਾਗੀਦਾਰੀ ਨੂੰ ਉਜਾਗਰ ਕਰਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਤਹਿਤ ਰਾਜ ਸਰਕਾਰ ਪੂਰੇ ਹਰਿਆਣਾ ਵਿੱਚ ਸੀਕੇਡੀ ਮਰੀਜਾਂ ਨੂੰ ਮੁਫਤ ਡਾਇਲਿਸਿਸ ਸੇਵਾਵਾਂ, ਲੋੜਵੰਦ ਦਵਾਈਆਂ ਅਤੇ ਨੈਦਾਨਿਕ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਡਾ. ਮਿਸ਼ਰਾ ਨੇ ਦੱਸਿਆ ਕਿ ਡਾਇਲਿਸਿਸ ਦੀ ਸਹੂਲਤਾਂ ਪੀਜੀਆਈਐਮਐਸ ਰੋਹਤਕ ਅਤੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਚਾਲੂ ਹੈ। ਅਕੇਲੇ ਸਾਲ 2025-26 ਦੌਰਾਨ ਪੀਜੀਆਈਐਮਐਸ ਰੋਹਤਕ ਵਿੱਚ 20,466 ਡਾਇਲਿਸਿਸ ਸੇਸ਼ਨ ਆਯੋਜਿਤ ਕੀਤੇ ਗਏ ਜਿੱਥੇ ਮਰੀਜਾਂ ਨੂੰ ਮੁਫਤ ਸਲਾਹ ਅਤੇ ਲਗਾਤਾਰ ਦੇਖਭਾਲ ਵੀ ਮਿਲਦੀ ਹੈ।

ਮੌਜ਼ੂਦਾ ਵਿੱਚ ਲਗਭਗ 125 ਮਰੀਜ ਡਾਇਲਿਸਿਸ 'ਤੇ ਹਨ ਅਤੇ ਕਿਡਨੀ ਟ੍ਰਾਂਸਪਲਾਂਟ ਦਾ ਇੰਤਜਾਰ ਕਰ ਰਹੇ ਹਨ। ਸਮੇ ਸਿਰ ਇਲਾਜ ਯਕੀਨੀ ਕਰਨ ਲਈ ਇਨ੍ਹਾਂ ਸਾਰੇ ਮਰੀਜਾਂ ਦੀ ਜਾਂਚ ਮੁਫਤ ਕੀਤੀ ਜਾ ਰਹੀ ਹੈ। ਇਸ ਪ੍ਰੋਗਰਾਮ ਨੂੰ ਹੋਰ ਵੱਧ ਮਜਬੂਤ ਬਣਾਉਣ ਦੇ ਉਦੇਸ਼ ਨਾਲ ਸਰਕਾਰ ਨੇ ਕਿਡਨੀ ਟ੍ਰਾਂਸਪਲਾਂਟ ਨੂੰ ਇੱਕ ਪ੍ਰਮੁੱਖ ਸਿਹਤ ਸੇਵਾ ਪਹਿਲ ਵੱਜੋਂ ਅਪਨਾਇਆ ਹੈ। ਇਸ ਦੇ ਤਹਿਤ ਦੋ ਟ੍ਰਾਂਸਪਲਾਂਟ ਸਰਜਨਾਂ ਨੂੰ 3.5 ਲੱਖ ਰੁਪਏ ਪ੍ਰਤੀ ਮਹੀਨੇ ਦੇ ਵਿਸ਼ੇਸ਼ ਭੱਤੇ 'ਤੇ ਨਿਯੁਕਤ ਕੀਤਾ ਗਿਆ ਹੈ ਨਾਲ ਹੀ ਬੁਨਿਆਦੀ ਢਾਂਚੇ, ਦਵਾਈਆਂ ਅਤੇ ਵਿਆਪਕ ਸਹਾਇਤਾ ਪ੍ਰਣਾਲਿਆਂ ਦੀ ਉਪਲਬਧਤਾ ਵੀ ਯਕੀਨੀ ਕੀਤੀ ਗਈ ਹੈ। ਇਸ ਦੇ ਨਤੀਜੇ ਵੱਜੋਂ ਪ੍ਰਾਇਵੇਟ ਹਸਪਤਾਲਾਂ ਵਿੱਚ ਆਮਤੌਰ 'ਤੇ 5-7 ਲੱਖ ਰੁਪਏ ਦੀ ਲਾਗਤ ਵਾਲੇ ਕਿਡਨੀ ਟ੍ਰਾਂਸਪਲਾਂਟ ਹੁਣ ਪੀਜੀਆਈਐਮਐਸ ਰੋਹਤਕ ਵਿੱਚ ਹਰਿਆਣਾ ਦੇ ਨਿਵਾਸਿਆਂ ਲਈ ਮੁਫਤ ਉਪਲਬਧ ਹਨ ਜਿਸ ਨਾਲ ਉੱਨਤ ਅਤੇ ਜੀਵਨ -ਰੱਖਿਆ ਮੈਡੀਕਲ ਸਹੂਲਤਾਂ ਤੱਕ ਉਨ੍ਹਾਂ ਦੀ ਪਹੁੰਚ ਵਿੱਚ ਕਾਫੀ ਸੁਧਾਰ ਹੋਇਆ ਹੈ।

# ਹਰਿਆਣਾ ਸਰਕਾਰ ਨੇ ਦਿੱਤੀ ਪੀਐਮਏਵਾਈ-ਯੂ 2.0 ਤਹਿਤ 2,646 ਮਕਾਨਾਂ ਨੂੰ ਮੰਜ਼ੂਰੀ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਵਿੱਚ ਜਲਦ ਹੀ ਸ਼ਹਿਰੀ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਦਾ ਵੀ ਆਪਣੇ ਘਰ ਦਾ ਸੁਪਨਾ ਸਾਕਾਰ ਹੋਵੇਗਾ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ ( ਪੀਐਮਏਵਾਈ-ਯੂ) 2.0 ਤਹਿਤ ਰਾਜ ਪੱਧਰੀ ਮੰਜ਼ੂਰੀ ਅਤੇ ਨਿਗਰਾਨੀ ਕਮੇਟੀ ਦੀ ਤੀਜੀ ਮੀਟਿੰਗ ਵਿੱਚ ਰਾਜ ਦੇ 60 ਸ਼ਹਿਰੀ ਸਥਾਨਕ ਨਿਗਮਾਂ ਵਿੱਚ 2,646 ਲਾਭਾਰਥਿਆਂ ਲਈ ਆਵਾਸ ਪ੍ਰੋਜੈਕਟ ਨੂੰ ਮੰਜ਼ੂਰੀ ਦਿੱਤੀ ਗਈ।

ਮੀਟਿੰਗ ਵਿੱਚ 51 ਸ਼ਹਿਰੀ ਸਥਾਨਕ ਨਿਗਮਾਂ ਦੇ 2,409 ਲਾਭਾਰਥਿਆਂ ਦੀ ਪ੍ਰੋਜੈਕਟਾਂ ਨੂੰ ਮੰਜ਼ੂਰੀ ਦਿੱਤੀ ਗਈ। ਇਸੇ ਦੌਰਾਨ 9 ਹੋਰ ਸ਼ਹਿਰੀ ਸਥਾਨਕ ਨਿਗਮਾਂ ਤੋਂ 237 ਵਧੀਕ ਲਾਭਾਰਥਿਆਂ ਨੂੰ ਪ੍ਰੋਜੈਕਟ ਵੀ ਪ੍ਰਾਪਤ ਹੋਏ। ਕਮੇਟੀ ਵੱਲੋਂ ਇਨ੍ਹਾਂ ਦੀ ਵੀ ਮੰਜ਼ੂਰੀ ਪ੍ਰਦਾਨ ਕੀਤੀ ਗਈ। ਇਸ ਤਰ੍ਹਾਂ ਇਸ ਪੜਾਅ ਵਿੱਚ ਕੁੱਲ 60 ਸ਼ਹਿਰੀ ਸਥਾਨਥ ਨਿਗਮਾਂ ਦੇ 2,646 ਲਾਭਾਰਥਿਆਂ ਨੂੰ ਮੰਜ਼ੂਰੀ ਦਿੱਤੀ ਗਈ।

ਹਾਊਸਿੰਗ ਫਾਰ ਆਲ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਮੋਹੱਮਦ ਸ਼ਾਇਨ ਨੇ ਜਾਣਕਾਰੀ ਦਿੱਤੀ ਕਿ ਕੇਂਦਰ ਸਰਕਾਰ ਦੇ ਯੂਨਿਫਾਇਡ ਵੈਬ ਪੋਰਟਲ ਰਾਹੀਂ ਹੁਣ ਤੱਕ 1,69,483 ਬਿਨੈਕਾਰਾਂ ਨੇ ਆਪਣੀ ਆਵਾਸ ਮੰਗ ਦਰਜ ਕੀਤੀ ਹੈ। ਇਨ੍ਹਾਂ ਵਿੱਚੋਂ 97,584 ਬੇਨਤੀਆਂ ਬੇਨਿਫਿਸ਼ਿਯਰੀ ਲੇਡ ਕੰਸਟ੍ਰਕਸ਼ਨ ਸ਼੍ਰੇਣੀ ਵਿੱਚ ਹਨ ਜਦੋਂ ਕਿ 71,899 ਬੇਨਤਿਆਂ ਅਫੋਰਡੇਬਲ ਹਾਊਸਿੰਗ ਇਨ ਪਾਟਨਰਸ਼ਿਪ ਸ਼੍ਰੇਣੀ ਵਿੱਚ ਹਨ।

ਬੀਐਲਸੀ ਸ਼੍ਰੇਣੀ ਤਹਿਤ ਹੁਣ ਤੱਕ 46, 902 ਬੇਨਤਿਆਂ ਦਾ ਵੈਰੀਫਿਕੇਸ਼ਨ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿੱਚੋਂ 17, 465 ਬੇਨਤੀਆਂ ਮੰਜ਼ੂਰ ਕੀਤੀਆਂ ਗਈਆਂ ਹਨ ਅਤੇ 29,437 ਬੇਨਤੀਆਂ ਜਾਂਚ ਤੋਂ ਬਾਅਦ ਨਾਮੰਜ਼ੂਰ ਕੀਤੇ ਗਏ ਹਨ।

ਪੀਐਮਏਵਾਈ-ਯੂ 2.0 ਤਹਿਤ 17,430 ਲਾਭਾਰਥਿਆਂ ਦੀ ਆਵਾਸ ਪ੍ਰੋਜੈਕਟਾਂ ਨੂੰ ਕੇਂਦਰ ਸਰਕਾਰ ਵੱਲੋਂ ਮੰਜ਼ੂਰੀ ਦਿੱਤੀ ਜਾ ਚੁੱਕੀ ਹੈ। ਇਹ ਮੰਜ਼ੂਰੀ 20 ਮਾਰਚ, 2025 ਅਤੇ 15 ਅਕਤੂਬਰ, 2025 ਨੂੰ ਹੋਈ ਕੇਂਦਰੀ ਮੰਜ਼ੂਰੀ ਅਤੇ ਨਿਗਰਾਨੀ ਕਮੇਟੀ ਦੀ ਮੀਟਿੰਗਾਂ ਵਿੱਚ ਦਿੱਤੀ ਗਈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਵੱਲੋਂ 2,174 ਮਕਾਨਾਂ ਲਈ ਕੇਂਦਰੀ ਹਿੱਸੇ ਦੀ ਪਹਿਲੀ ਕਿਸਤ ਵੱਜੋਂ 1,304.40 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

ਪੀਐਮਏਵਾਈ-ਯੂ 2.0 ਦੇ ਬੀਐਲਸੀ ਘਟਕ ਤਹਿਤ ਯੋਗ ਲਾਭਾਰਥਿਆਂ ਨੂੰ ਸਾਰੇ ਮੌਸਮਾਂ ਦੇ ਅਨੁਕੂਲ ਬਹੁਮੰਜਿਲਾ ਪੱਕਾ ਮਕਾਨ ਬਨਾਉਣ ਲਈ 2.50 ਲੱਖ ਰੁਪਏ ਦੀ ਵਿਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ 1.50 ਲੱਖ ਰੁਪਏ ਕੇਂਦਰ ਸਰਕਾਰ ਅਤੇ 1.00 ਲੱਖ ਰਾਜ ਸਰਕਾਰ ਦਾ ਹਿੱਸਾ ਹੁੰਦਾ ਹੈ। ਮਕਾਨ ਦਾ ਘੱਟੋ ਘੱਟ ਕਾਰਪੇਟ ਏਰਿਆ 30 ਵਰਗ ਮੀਟਰ ਅਤੇ ਵੱਧ ਤੋਂ ਵੱਧ 45 ਵਰਗ ਮੀਟਰ ਨਿਰਧਾਰਿਤ ਕੀਤਾ ਗਿਆ ਹੈ।

ਮੀਟਿੰਗ ਵਿੱਚ ਵਿਤੀ ਸਾਲ 2025-26 ਅਤੇ 2026-27 ਲਈ ਸਾਲਾਨਾਂ ਸਮਰਥਾ ਨਿਰਮਾਣ ਯੋਜਨਾਵਾਂ ਨੂੰ ਵੀ ਮੰਜ਼ੂਰੀ ਦਿੱਤੀ ਗਈ, ਤਾਂ ਜੋ ਰਾਜ ਅਤੇ ਸ਼ਹਿਰੀ ਪੱਧਰ 'ਤੇ ਯੋਜਨਾ ਦੇ ਲਾਗੂਕਰਨ ਤੰਤਰ ਨੂੰ ਹੋਰ ਮਜਬੂਤ ਕੀਤਾ ਜਾ ਸਕੇ। ਇਨ੍ਹਾਂ ਯੋਜਨਾਵਾਂ ਤਹਿਤ ਸਾਰੀ 87 ਸ਼ਹਿਰੀ ਸਥਾਨਕ ਨਿਗਮਾਂ ਅਤੇ 3 ਸ਼ਹਿਰੀ ਵਿਕਾਸ ਅਥਾਰਿਟੀਆਂ ਵਿੱਚ 32 ਸਿਟੀ ਲੇਵਲ ਟੇਕਨਿਕਲ ਸੇਲ ਕਲਸਟਰ ਸਥਾਪਿਤ ਕਰਨ ਦਾ ਪ੍ਰਸਤਾਵ ਹੈ।

ਵਿਤੀ ਸਾਲ 2025-26 ਲਈ ਸਮਰਥਾ ਨਿਰਮਾਣ ਲਈ ਕੁੱਲ 704.45 ਲੱਖ ਰੁਪਏ ਦਾ ਬਜਟ ਪ੍ਰਸਤਾਵਿਤ ਕੀਤਾ ਗਿਆ ਹੈ ਜਦੋਂ ਕਿ ਸਾਲ 2026-27 ਲਈ 772.85 ਲੱਖ ਰੁਪਏ ਦਾ ਬਜਟ ਨਿਰਧਾਰਿਤ ਕੀਤਾ ਗਿਆ ਹੈ। ਇਹ ਖਰਚ ਕੇਂਦਰ ਅਤੇ ਰਾਜ ਸਰਕਾਰ ਵਿੱਚਕਾਰ 60 ਯ 40 ਦੇ ਅਨੁਪਾਤ ਵਿੱਚ ਸਾਂਝਾ ਕੀਤਾ ਜਾਵੇਗਾ। ਇਸ ਦੇ ਤਹਿਤ ਸਟੇਟ ਲੇਵਲ ਟੇਕਨਿਕਲ ਸੇਲ ਅਤੇ ਸਿਟੀ ਲੇਵਲ ਟੇਕਨਿਕਲ ਸੇਲ ਦੀ ਸਥਾਪਨਾ, ਜਿਯੋ-ਟੈਗਿੰਗ, ਥਰਡ ਪਾਰਟੀ ਗੁਣਵੱਤਾ ਨਿਗਰਾਨੀ, ਸੋਸ਼ਲ ਆਡਿਟ, ਸਿਖਲਾਈ ਕਾਰਜਸ਼ਾਲਾਵਾਂ ਅਤੇ ਐਕਸਪੋਜਰ ਵਿਜਿਟ ਜਿਹੀ ਗਤੀਵਿਧੀਆਂ ਸ਼ਾਮਲ ਹਨ।

ਧਿਆਨ ਦੇਣ ਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ 1 ਸਤੰਬਰ, 2024 ਤੋਂ ਲਾਗੂ ਕੀਤੀ ਗਈ ਪੀਐਮਏਵਾਈ-ਯੂ 2.0 ਯੋਜਨਾ ਦਾ ਉਦੇਸ਼ ਸ਼ਹਿਰੀ ਖੇਤਰਾਂ ਵਿੱਚ ਆਰਥਿਕ ਤੌਰ ਨਾਲ ਕਮਜੋਰ ਵਰਗ, ਘੱਟ ਆਮਦਣ ਵਰਗ ਅਤੇ ਮੱਧ ਆਮਦਣ ਵਰਗ ਦੇ ਪਰਿਵਾਰਾਂ ਨੂੰ ਪੱਕਾ ਮਕਾਨ ਮੁਹੱਈਆ ਕਰਾਉਣਾ ਹੈ। ਰਾਜ ਸਰਕਾਰ ਨੇ ਕੇਂਦਰ ਨਾਲ ਸਮਝੌਤਾ ਗਿਆਪਨ 'ਤੇ ਹਸਤਾਖਰ ਕਰ ਲਏ ਹਨ। ਨਾਲ ਹੀ ਰਾਜ ਪੱਧਰੀ ਮੰਜ਼ੂਰੀ ਅਤੇ ਨਿਗਰਾਨੀ ਕਮੇਟੀ ਅਤੇ ਰਾਜ ਪੱਧਰੀ ਮੁਲਾਂਕਨ ਕਮੇਟੀ ਦਾ ਗਠਨ ਵੀ ਕੀਤਾ ਜਾ ਚੁੱਕਾ ਹੈ। ਸਾਰੇ ਸ਼ਹਿਰੀ ਸਥਾਨਕ ਨਿਗਮਾਂ ਨੂੰ ਯੋਜਨਾ ਦੇ ਸੁਚਾਰੂ ਲਾਗੂਕਰਨ ਲਈ ਵਿਸਥਾਰ ਨਿਰਦੇਸ਼ ਜਾਰੀ ਕੀਤੇ ਗਏ ਹਨ।

ਮੀਟਿੰਗ ਵਿੱਚ ਹਾਉਸਿੰਗ ਫਾਰ ਆਲ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਗਣੇਸ਼ਨ ਅਤੇ ਸ਼ਹਿਰੀ ਸਥਾਨਕ ਨਿਗਮ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਸ੍ਰੀ ਅਸ਼ੋਕ ਕੁਮਾਰ ਮੀਨਾ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜ਼ੂਦ ਸਨ।

# ਸੂਬੇ ਦੀ ਸਾਰੀ ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਸੁਚਾਰੂ ਚੱਲ ਰਿਹਾ ਹੈ ਖਰੀਦ ਕੰਮ : ਨਾਇਬ ਸਿੰਘ ਸੈਣੀ



ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਕਣਕ ਖਰੀਦ ਦਾ ਕੰਮ ਸਾਰੀ ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਸਫਲਤਾਪੂਰਵਕ ਬਿਨ੍ਹਾ ਕਿਸੇ ਰੁਕਾਵਟ ਦੇ ਲਗਾਤਾਰ ਚੱਲ ਰਿਹਾ ਹੈ। ਇਸ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾ ਦੀ ਕੋਈ ਮੁਸ਼ਕਲ ਨਹੀਂ ਆ ਰਹੀ ਹੈ। ਕਿਸਾਨਾਂ ਦੀ ਫਸਲ ਦੇ ਇੱਕ-ਇੱਕ ਦਾਨੇ ਦੀ ਖਰੀਦ ਕੀਤੀ ਜਾਵੇਗੀ। ਇਸ ਸਾਲ ਰਬੀ ਖਰੀਦ 2026-27 ਦੌਰਾਨ 12 ਅਪ੍ਰੈਲ ਤੱਕ ਲਗਭਗ 39.65 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ ਲਗਭਗ 2.44 ਲੱਖ ਕਿਸਾਨਾਂ ਦਾ 30.30 ਲੱਖ ਮੀਟ੍ਰਿਕ ਟਨ ਕਣਕ ਤਹਿਤ ਬਾਇਓਮੈਟ੍ਰਿਕ ਤਸਦੀਕ ਹੋ ਚੁੱਕਾ ਹੈ, 10.92 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਲਗਭਗ 188 ਕਰੋੜ ਦੀ ਰਕਮ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ੍ਰਾਂਸਫਰ ਹੋ ਚੁੱਕੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਪਿਪਲੀ ਅਨਾਜ ਮੰਡੀ ਵਿੱਚ ਕਣਕ ਖਰੀਦ ਪ੍ਰਕ੍ਰਿਆ ਦਾ ਨਿਰੀਖਣ ਕਰ ਰਹੇ ਸਨ। ਮੁੱਖ ਮੰਤਰੀ ਨੇ ਅਨਾਜ ਮੰਡੀ ਦੇ ਗੇਟ 'ਤੇ ਗੇਟ ਪਾਸ ਬਨਾਉਣ ਦੀ ਪ੍ਰਕ੍ਰਿਆ ਨੂੰ ਜਾਣਿਆ, ਇਸ ਦੇ ਬਾਅਦ ਖਰੀਦ ਵਿਵਸਥਾ ਨੂੰ ਦੇਖਿਆ ਅਤੇ ਕਿਸਾਨਾਂ ਨਾਲ ਗਲਬਾਤ ਕਰ ਅਨਾਜ ਮੰਡੀ ਵਿੱਚ ਕਣਕ ਵੇਚਣ ਦੌਰਾਨ ਆਉਣ ਵਾਲੀ ਸਮਸਿਆਵਾਂ ਤੇ ਮੁਸ਼ਕਲਾਂ ਨੂੰ ਜਾਣਿਆ। ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ। ਭਾਰਤ ਸਰਕਾਰ ਵੱਲੋਂ ਕਣਕ ਦਾ ਘੱਟੋ ਘੱਟ ਸਮਵਰਧਨ ਮੁੱਲ 2585 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਰਾਜ ਵਿੱਚ ਕਣਕ ਦੀ ਖਰੀਦ ਲਈ 416 ਮੰਡੀਆਂ ਅਤੇ ਖਰੀਦ ਕੇਂਦਰ ਤੋਂ ਇਲਵਾ 264 ਵੱਧ ਖਰੀਦ ਸਥਾਨ ਵੀ ਖੋਲੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ ਖਰੀਦ ਪ੍ਰਣਾਲੀ ਨੂੰ ਹੋਰ ਵੱਧ ਪਾਰਦਰਸ਼ੀ, ਸੁਰੱਖਿਅਤ ਅਤੇ ਕਿਸਾਨ ਹਿਤੇਸ਼ੀ ਬਨਾਉਣ ਲਈ ਕਈ ਨਵੀਂ ਪਹਿਲਾਂ ਲਾਗੂ ਕੀਤੀਆਂ ਹਨ। ਇੰਨ੍ਹਾਂ ਉਪਾਆਂ ਨਾਲ ਫਸਲ ਖਰੀਦ ਪ੍ਰਕ੍ਰਿਆ ਵਿੱਚ ਪਾਰਦਰਸ਼ਿਤਾ ਵਧੇਗੀ, ਅਣਅਥੋਰਾਇਜਡ ਗਤੀਵਿਧੀਆਂ 'ਤੇ ਰੋਕ ਲੱਗੇਗੀ ਅਤੇ ਕਿਸਾਨਾਂ ਨੂੰ ਸਹੂਲਤਜਨਕ ਅਤੇ ਤੇਜ ਸੇਵਾਵਾਂ ਮਿਲਣਗੀਆਂ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਤਿੰਨ ਪੱਧਰੀ ਫਸਲ ਤਸਦੀਕ ਪ੍ਰਣਾਲੀ ਨੂੰ ਜਰੂਰੀ ਕਰ ਦਿੱਤਾ ਹੈ। ਇਸ ਵਿਵਸਥਾ ਤਹਿਤ ਖਰੀਦ ਕੇਂਦਰਾਂ 'ਤੇ ਲਿਆਈ ਗਈ ਫਸਲ ਦਾ ਕਿਸਾਨ ਵੱਲੋਂ ਰਜਿਸਟਰਡ ਫਸਲ ਨਾਲ ਮਿਲਾਨ ਯਕੀਨੀ ਕੀਤਾ ਜਾ ਰਿਹਾ ਹੈ। ਇਸ ਨਾਲ ਫਸਲ ਤਸਦੀਕ ਪ੍ਰਕ੍ਰਿਆ ਵੱਧ ਸਟੀਕ ਅਤੇ ਭਰੋਸੇਯੋਗ ਬਣ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਸੂਬੇ ਦੇ 4 ਜਿਲ੍ਹਿਆਂ ਫਤਿਹਾਬਾਦ, ਹਿਸਾਰ, ਸਿਰਸਾ ਤੇ ਕੁਰੂਕਸ਼ੇਤਰ ਦੇ ਕੁੱਝ ਪਿੰਡਾਂ ਵਿੱਚ ਫਸਲਾਂ ਨੂੰ ਨੁਕਸਾਨ ਹੋਣ ਦੀ ਰਿਪੋਰਟ ਪ੍ਰਾਪਤ ਹੋਈ ਸੀ। ਉਨ੍ਹਾਂ ਨੇ ਸਵੈ ਸਬੰਧਿਤ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਗਲ ਕਰ ਸਥਿਤੀ ਦਾ ਪਤਾ ਲਗਾਇਆ ਅਤੇ ਫਸਲਾਂ ਨੂੰ ਹੋਏ ਨੁਕਸਾਨ ਅਤੇ ਭਰਪਾਈ ਲਈ ਕੁਰੂਕਸ਼ੇਤਰ, ਹਿਸਾਰ, ਸਿਰਸਾ ਤੇ ਫਤਿਹਾਬਾਦ ਲਈ ਪੋਰਟਲ ਖੋਲਿਆ ਹੋਇਆ ਹੈ। ਇੰਨ੍ਹਾਂ ਵਿੱਚ ਕੁਰੂਕਸ਼ੇਤਰ ਦੇ 6 ਪਿੰਡ, ਫਤਿਹਾਬਾਦ ਜਿਲ੍ਹਾ ਦੇ 9 ਪਿੰਡ, ਹਿਸਾਰ ਦੇ 10 ਪਿੰਡ ਅਤੇ ਸਿਰਸਾ ਦੇ 2 ਪਿੰਡ ਸ਼ਾਮਿਲ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਿਸਾਨ ਆਪਣੀ ਫਸਲ ਦੇ ਨੁਕਸਾਨ ਅਤੇ ਭਰਪਾਈ ਲਈ 15 ਅਪ੍ਰੈਲ ਤੱਕ ਸ਼ਤੀਪੂਰਤੀ ਪੋਰਟਲ 'ਤੇ ਬਿਨੈ ਕਰਨ।

ਇਸ ਮੌਕੇ 'ਤੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਚੇਅਰਮੈਨ ਸਤੀਸ਼ ਮਥਾਨ, ਮੰਡੀ ਪ੍ਰਧਾਨ ਗੁਰੂਦੱਤ ਸ਼ਰਮਾ, ਮੌਜੂਦ ਰਹੇ।

# ਨਾਰੀ ਸ਼ਕਤੀ ਵੰਦਨ ਅਧਿਨਿਯਮ ਨਵੇਂ ਭਾਰਤ ਦੀ ਤਸਵੀਰ, ਬੇਟੀਆਂ ਦੇ ਸਪਨੇ ਹੋਣਗੇ ਸਾਕਾਰ : ਨਾਇਬ ਸਿੰਘ ਸੈਣੀ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨਾਰੀ ਸ਼ਕਤੀ ਵੰਦਨ ਅਧਿਨਿਯਮ ਨਵੇਂ ਭਾਰਤ ਦੀ ਤਸਵੀਰ ਹੈ ਜਿੱਥੇ ਦੇਸ਼ ਦੀ ਬੇਟੀਆਂ ਦੇ ਸਪਨਿਆਂ ਨੂੰ ਸਾਕਾਰ ਕੀਤਾ ਜਾਵੇਗਾ। ਇਸ ਨਾਰੀ ਸ਼ਕਤੀ ਵੰਦਨ ਅਧਿਨਿਯਮ ਨਾਲ ਦੇਸ਼ ਦੀ ਸੰਸਦ ਅਤੇ ਵਿਧਾਨਸਭਾਵਾਂ ਵਿੱਚ ਮਹਿਲਾਵਾਂ ਨੂੰ 33 ਫੀਸਦੀ ਰਾਖਵਾਂ ਦੇ ਕੇ ਉਨ੍ਹਾਂ ਨੂੰ ਫੈਸਲਾ ਲੈਣ ਦੀ ਮੁੱਖ ਧਾਰਾ ਵਿੱਚ ਲਿਆਉਂਦਾ ਹੈ। ਇਹ ਕਾਨੂੰਨ ਮਹਿਲਾਵਾਂ ਨੂੰ ਸਿਰਫ ਭਾਗੀਦਾਰੀ ਨਹੀਂ ਨੀਤੀ ਨਿਰਮਾਣ ਵਿੱਚ ਅਗਵਾਈ ਦੀ ਭੂਮਿਕਾ ਦਿੰਦਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਕਲਾ ਅਤੇ ਸਭਿਆਚਾਰ ਵਿਭਾਗ ਅਤੇ ਜਿਲ੍ਹਾ ਪ੍ਰਸਾਸ਼ਨ ਵੱਲੋਂ ਆਯੋਜਿਤ 2 ਦਿਨਾਂ ਰਾਜ ਪੱਧਰੀ ਵਿਸਾਖੀ ਮਹੋਤਸਵ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਪ੍ਰੋਗਰਾਮ ਨੂੰ ਆਨਲਾਇਨ ਪ੍ਰਣਾਲੀ ਨਾਲ ਸੁਣ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਲ 2015 ਵਿੱਚ ਹਰਿਆਣਾ ਪਾਣੀਪਤ ਤੋਂ ਬੇਟੀ ਬਚਾਓ ਬੇਟੀ ਪੜਾਓ ਮੁਹਿੰਮ ਸ਼ੁਰੂ ਕੀਤਾ। ਜਿਸ ਦੇ ਨਤੀਜੇਵਜੋ ਅੱਜ ਹਰਿਆਣਾ ਦਾ ਲਿੰਗਨੁਪਾਤ 871 ਤੋਂ ਸੁਧਰ ਕੇ 923 ਤੱਕ ਪਹੁੰਚ ਗਿਆ ਹੈ। ਜਦੋਂ ਨੀਤੀ ਅਤੇ ਨੀਅਤ ਸਹੀ ਹੋਵੇ ਤਾਂ ਸਮਾਜ ਵਿੱਚ ਵੀ ਸਕਰਾਤਮਕ ਬਦਲਾਅ ਆਉਂਦੇ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਅਧਿਨਿਯਮ ਸਿਰਫ ਇੱਕ ਕਾਨੂੰਨ ਨਹੀਂ, ਸਗੋ ਸਾਡੀ ਮਾਤਾਵਾਂ-ਭੈਣਾਂ ਦਾ ਅਟੁੱਟ ਭਰੋਸਾ ਦਾ ਪ੍ਰਤੀਕ ਹੈ। ਅੱਜ ਹਰਿਆਣਾ ਦੀ ਬੇਟੀਆਂ ਹਰ ਖੇਤਰ ਵਿੱਚ ਚਾਹੇ ਉਹ ਖੇਡ ਹੋਵੇ, ਸਿਖਿਆ ਹੋਵੇ ਜਾਂ ਰੱਖਿਆ, ਤਿਰੰਗੇ ਦਾ ਮਾਨ ਵਧਾ ਰਹੀ ਹੈ। ਪ੍ਰਧਾਨ ਮੰਤਰੀ ਦੇ ਨਾਰੀ ਸ਼ਕਤੀ ਵੰਦਨ ਦੇ ਸੰਕਲਪ ਨੂੰ ਅੱਗੇ ਵਧਾਉਂਦੇ ਹੋਏ ਸੂਬਾ ਸਰਕਾਰ ਮਹਿਲਾਵਾਂ ਨੂੰ ਸੁਰੱਖਿਅਤ ਮਾਹੌਲ, ਬਿਹਤਰ ਸਿਖਿਆ ਅਤੇ ਸਮਾਨ ਮੌਕਾ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਹਿਲਾਵਾਂ ਦੇ ਉਥਾਨ ਲਈ ਅਨੇਕ ਇਤਿਹਾਸਕ ਕਦਮ ਚੁੱਕੇ ਹਨ। ਸੁਕੰਨਿਆ ਸਮਰਿੱਧ ਯੋਜਨਾ ਦੀ ਸ਼ੁਰੂਆਤ ਵੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 22 ਜਨਵਰੀ, 2015 ਨੂੰ ਪਾਣੀਪਤ ਦੀ ਇਤਿਹਾਸਕ ਧਰਤੀ ਤੋਂ ਕੀਤੀ ਗਈ।

ਇਸ ਸਕੀਮ ਤਹਿਤ ਪੂਰੇ ਦੇਸ਼ ਵਿੱਚ 4 ਕਰੋੜ 20 ਲੱਖ ਸੁਕੰਨਿਆ ਸਮਰਿੱਧ ਖਾਤੇ ਖੋਲੇ ਗਏ। ਹਰਿਆਣਾ ਵਿੱਚ ਵੀ 9 ਲੱਖ 56 ਹਜਾਰ ਖਾਤੇ ਖੋਲੇ ਗਏ ਹਨ। ਰੱਖਿਆ ਸੇਵਾਵਾਂ ਵਿੱਚ ਮਹਿਲਾ ਅਧਿਕਾਰੀਆਂ ਨੂੰ ਸਥਾਈ ਕਮਿਸ਼ਨ ਪ੍ਰਦਾਨ ਕੀਤਾ ਗਿਆ। ਫੌਜੀ ਸਕੂਲਾਂ ਵਿੱਚ ਬੇਟੀਆਂ ਦੇ ਪ੍ਰਵੇਸ਼ ਨੂੰ ਮੰਜ਼ੂਰੀ ਦਿੱਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਮਹਿਲਾਵਾਂ ਦੇ ਸਸ਼ਕਤੀਕਰਣ ਲਈ ਸੂਬਾ ਸਰਕਾਰ ਨੇ ਲੱਖਪਤੀ ਦੀਦੀ, ਪ੍ਰਧਾਨ ਮੰਤਰੀ ਮਾਤਰ ਵੰਦਾਨ ਯੋਜਨਾ ਵਰਗੀ ਅਨੇਕ ਯੋਜਨਾਵਾਂ ਲਾਗੂ ਕੀਤੀਆਂ ਹਨ।

# ਗੁਰੂ ਸਾਹਿਬਾਨਾਂ ਦੇ ਸਿਦਾਂਤਾਂ ਅਤੇ ਸਿਖਿਆਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ ਸਰਕਾਰ : ਨਾਇਬ ਸਿੰਘ ਸੈਣੀ

ਚੰਡੀਗੜ੍ਹ, 18 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਤੇ ਸੂਬੇ ਦੀ ਸਰਕਾਰ ਗੁਰੂ ਸਾਹਿਬਾਨਾਂ ਦੇ ਸਿਦਾਂਤਾਂ ਅਤੇ ਸਿਖਿਆਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਅਜਿਹਾ ਕਰ ਕੇ ਗੁਰੂ ਪਰੰਪਰਾ ਅਤੇ ਸਭਿਆਚਾਰਕ ਵਿਰਾਸਤ ਦੇ ਸਰੰਖਣ ਅਤੇ ਸੰਵਰਧਨ ਨੂੰ ਅੱਗੇ ਵਧਾਇਆ ਜਾ ਰਿਹਾ ਹੈ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਕੁਰੂਕਸ਼ੇਤਰ ਦੇ ਕੇਡੀਬੀ ਮੇਲਾ ਗਰਾਉਂਡ ਵਿੱਚ ਕਲਾ ਅਤੇ ਸਭਿਆਚਾਰ ਵਿਭਾਗ ਅਤੇ ਜਿਲ੍ਹਾ ਪ੍ਰਸ਼ਾਸਨ ਦੇ ਤੱਤਵਾਧਾਨ ਵਿੱਚ ਆਯੋਜਿਤ ਵਿਸਾਖੀ ਮਹੋਤਸਵ 2026 ਦੇ ਰਾਜ ਪੱਧਰੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋ ਬੋਲ ਰਹੇ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿੱਖ ਇਤਿਹਾਸ 'ਤੇ ਅਧਾਰਿਤ ਤੇ ਸੂਬਾ ਸਰਕਾਰ ਦੀ ਉਪਲਬਧੀਆਂ ਤੇ ਯੋਜਨਾਵਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮਹਿਲਾ ਅਤੇ ਪੁਰਸ਼ ਦੀ ਦੰਗਲ ਮੁਕਾਬਲੇ ਨੂੰ ਸ਼ੁਰੂ ਕਰਵਾਇਆ ਅਤੇ ਪਤੰਗ ਉੜਾ ਕੇ ਕੌਮਾਂਤਰੀ ਪਤੰਗ ਮੁਕਾਬਲੇ ਦੀ ਵੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਹਰਿਆਣਵੀਂ ਸਭਿਆਚਾਰ 'ਤੇ ਅਧਾਰਿਤ ਹਰਿਆਣਾ ਵਿਰਾਸਤ ਪਵੈਲਿਅਨ ਦਾ ਨਿਰੀਖਣ ਕੀਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ 'ਤੇ ਸਾਰਿਆਂ ਨੂੰ ਵਿਸਾਖੀ ਦੇ ਪਵਿੱਤਰ ਉਤਸਵ ਦੀ ਵਧਾਈ ਦਿੱਤੀ। ਇਸ ਦੇ ਨਾਲ ਹੀ ਖਾਲਸਾ ਪੰਥ ਦੇ ਸਥਾਪਨਾ ਦਿਵਸ 'ਤੇ ਮਹਾਨ ਗੁਰੂਆਂ ਦੇ ਚਰਣਾਂ ਵਿੱਚ ਨਮਨ ਕੀਤਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੂੰ ਸਿੱਖ ਸੰਗਤ ਵੱਲੋਂ ਕਿਰਪਾਨ, ਸਿਰੋਪਾ ਅਤੇ ਖੰਡਾ ਸਾਹਿਬ ਦਾ ਸਮ੍ਰਿਤੀ ਚਿੰਨ੍ਹ ਭੇਂਟ ਕਰ ਸਨਮਾਨਿਤ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਇੱਕ ਨਵੇਂ ਯੁੱਗ ਦੇ ਵੱਲ ਵੱਧ ਰਿਹਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿਕਸਿਤ ਭਾਰਤ 2047 ਦੇ ਟੀਚੇ ਵੱਲ ਹੋਰ ਤੇਜੀ ਨਾਲ ਵੱਧ ਰਿਹਾ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਅਸੀਂ ਗੁਰੂ ਸਾਹਿਬਾਨ ਦੀ ਸਿਖਿਆਵਾਂ, ਏਕਤਾ ਸਮਰਪਣ, ਸੇਵਾ ਅਤੇ ਮਿਹਨਤ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਹੋਵੇਗਾ। ਸਾਨੂ ਸਾਰਿਆਂ ਨੂੰ ਮਿਲ ਕੇ ਅਜਿਹਾ ਸਮਾਜ ਬਨਾਉਣਾ ਹੋਵੇਗਾ, ਜਿੱਥੇ ਸਾਰਿਆਂ ਨੂੰ ਸਮਾਨ ਮੌਕੇ ਮਿਲਣ, ਜਿੱਥੇ ਕੋਈ ਭੇਦਭਾਵ ਨਾ ਹੋਵੇ ਅਤੇ ਜਿੱਥੇ ਹਰ ਵਿਅਕਤੀ ਨੂੰ ਸਨਮਾਨਪੂਰਵਕ ਜੀਵਨ ਜੀਣ ਦਾ ਅਧਿਕਾਰ ਹੋਵੇ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਸਾਰੇ ਯਤਨਾਂ ਦਾ ਉਦੇਸ਼ ਸਿਰਫ ਵਿਕਾਸ ਕਰਨਾ ਨਹੀਂ ਹੈ, ਸਗੋ ਆਪਣੀ ਜੜ੍ਹਾਂ ਨਾਲ ਜੁੜੇ ਰਹਿਣਾ, ਆਪਣੀ ਵਿਰਾਸਤ ਨੂੰ ਸੰਭਾਲਣਾ ਅਤੇ ਆਉਣ ਵਾਲੀ ਪੀੜੀਆਂ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਨਾਲ ਜਾਣੂ ਕਰਾਉਣਾ ਹੈ। ਜਦੋਂ ਅਸੀਂ ਆਪਣੇ ਅਤੀਤ ਤੋਂ ਪ੍ਰੇਰਣਾ ਲੈਂਦੇ ਹਨ, ਤਾਂਹੀ ਸਾਡੀ ਇੱਕ ਉਜਵੱਲ ਭਵਿੱਚ ਦਾ ਨਿਰਮਾਣ ਕਰ ਸਕਦੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਅੱਜ ਧਰਮਖੇਤਰ-ਕੁਰੂਕਸ਼ੇਤਰ ਦੀ ਇਸ ਕਰਮਭੂਮੀ 'ਤੇ ਵਿਸਾਖੀ ਦੇ ਪਵਿੱਤਰ ਉਤਸਵ 'ਤੇ ਤੁਹਾਡੇ ਸਾਰਿਆਂ ਵਿੱਚ ਆ ਕੇ ਬਹੁਤ ਖੁਸ਼ੀ ਹੋ ਰਹੀ ਹੈ। ਇਹ ਉਹ ਧਰਤੀ ਹੈ, ਜੋ ਧਰਮ ਅਤੇ ਕਰਮ ਦੀ ਧਰਤੀ ਵਜੋ ਜਾਣੀ ਜਾਂਦੀ ਹੈ। ਵਿਸਾਖੀ ਦੇ ਉਤਸਵ ਸਾਨੂੰ ਕੁਦਰਤ ਦੇ ਨਾਲ ਜੁੜਨ, ਕਿਰਤ ਦੇ ਸਨਮਾਨ ਨੂੰ ਸਮਝਣ ਅਤੇ ਖੁਸ਼ਹਾਲੀ ਦਾ ਉਤਸਵ ਮਨਾਉਣ ਦੀ ਪ੍ਰੇਰਣਾ ਦਿੰਦਾ ਹੈ। ਹੁਣ ਖੇਡਾਂ ਵਿੱਚ ਲਹਿਰਾਉਂਦੀ ਫਸਲਾਂ ਪੱਕ ਕੇ ਤਿਆਰ ਹੁੰਦੀਆਂ ਹਨ, ਜੋ ਕਿਸਾਨ ਦਾ ਦਿੱਲ ਮਾਣ ਅਤੇ ਆਨੰਦ ਨਾਲ ਭਰ ਉੱਠਦਾ ਹੈ। ਅਤੇ ਉਸੀ ਖੁਸ਼ੀ ਨੂੰ ਅਸੀਂ ਸਾਰੇ ਮਿਲ ਕੇ ਵਿਸਾਖੀ ਵਜੋ ਮਨਾਉਂਦੇ ਹਨ ਮੁੱਖ ਮੰਤਰੀ ਨੇ ਕਿਹਾ ਕਿ ਵਿਸਾਖੀ ਦਾ ਇਹ ਪਵਿੱਤਰ ਦਿਨ ਸਾਡੇ ਇਤਿਹਾਸ ਦਾ ਇੱਕ ਬਹੁਤ ਮਹਤੱਵਪੂਰਣ ਅਧਿਆਏ ਵੀ ਸਮੇਟੇ ਹੋਏ ਹੈ। ਸਾਲ 1669 ਵਿੱਚ ਇਸੀ ਦਿਨ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਦਸਮ ਪਾਤਸ਼ਾਹ ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਸ ਸਮੇਂ ਦੇਸ਼ ਵਿੱਚ ਅਨਿਆਂ, ਜੁਲਮ ਅਤੇ ਅਧਰਮ ਆਪਣੇ ਚਰਮ 'ਤੇ ਸੀ। ਅਜਿਹੇ ਮੁਸ਼ਕਲ ਸਮੇਂ ਵਿੱਚ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਥਾਪਨਾ ਕਰ ਕੇ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਇੱਕ ਅਜਿਹੀ ਦਿਸ਼ਾ, ਜਿਸ ਵਿੱਚ ਹਿੰਮਤ, ਸਮਾਨਤਾ, ਆਤਮਸਨਮਾਨ ਅਤੇ ਰਾਸ਼ਟਰਭਗਤੀ ਦੀ ਭਾਵਨਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਖਾਲਸਾ ਪੰਥ ਦੀ ਸਥਾਪਨਾ ਦੇ ਸਮੇਂ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਚੁਣਿਆ, ਜੋ ਵੱਖ-ਵੱਖ ਜਾਤੀਆਂ ਅਤੇ ਖੇਤਰਾਂ ਤੋਂ ਸਨ।



# ਮਾਵਾਂ ਤੇ ਧੀਆਂ...

**ਜਗ ਭਾਵੇਂ ਧੀਆਂ ਅਤੇ ਪੁੱਤਰਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਹੀ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਹ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਲਾਡ ਲਡਾਉਂਦੀ ਹੈ...**

• ਜਸਪ੍ਰੀਤ ਕੌਰ 'ਸੰਘਾ'

ਪਰਮਾਤਮਾ ਦੀ ਸਿਰਜੀ ਹੋਈ ਸ੍ਰਿਸ਼ਟੀ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਜੇ ਕੁਝ ਨਹੀਂ ਬਦਲਦਾ ਤਾਂ ਉਹ ਹੈ ਮਾਂ ਦੇ ਅੰਦਰ ਦੀ ਮਮਤਾ ਤੇ ਉਸ ਦਾ ਪਿਆਰ। ਉਹ ਕੱਲ੍ਹ ਵੀ ਉਹੀ ਸੀ, ਅੱਜ ਵੀ ਉਹੀ ਹੈ ਤੇ ਜੁਗਾਂ-ਜੁਗਾਂਤਰਾਂ ਤਕ ਉਵੇਂ ਹੀ ਰਹੇਗਾ। ਮਾਂ ਤਾਂ ਹੁੰਦੀ ਹੀ ਮੋਹ-ਮਮਤਾ ਦੀ ਮੂਰਤ ਹੈ। ਇਕ ਨਵੇਂ ਜੀਵਨ ਨੂੰ ਧਰਤੀ 'ਤੇ ਲਿਆਉਣ ਦਾ ਬਲ ਪਰਮਾਤਮਾ ਨੇ ਔਰਤ ਨੂੰ ਹੀ ਬਖ਼ਸ਼ਿਆ ਹੈ। ਔਰਤ ਹੀ ਹੈ ਜੋ ਇਕ ਮਾਂ ਬਣ ਖ਼ੁਦ ਤੱਤੀਆਂ ਹਵਾਵਾਂ, ਝੱਖੜ ਜਰ ਕੇ ਵੀ ਆਪਣੇ ਬੱਚਿਆਂ ਲਈ ਹਮੇਸ਼ਾ ਠੰਢੀਆਂ ਛਾਵਾਂ ਚਾਹੁੰਦੀ ਹੈ। ਇਹ ਸੱਚ ਹੈ ਕਿ ਬੱਚੇ ਦੀ ਇਕ ਮੁਸਕਾਨ ਮਾਂ ਦਾ ਸਦੀਆਂ ਦਾ ਥਕੇਵਾਂ ਦੂਰ ਕਰ ਦਿੰਦੀ ਹੈ। ਖ਼ੁਦ ਗਿੱਲੀ ਥਾਵੇਂ ਪੈ ਕੇ ਆਪਣੇ ਬੱਚੇ ਨੂੰ ਸੁੱਕੀ ਥਾਂ ਪਾਉਣਾ, ਖ਼ੁਦ ਭੁੱਖੇ ਰਹਿ ਕੇ ਆਪਣੇ ਬੱਚੇ ਦਾ ਢਿੱਡ ਭਰਨ ਵਰਗੀਆਂ ਕੁਰਬਾਨੀਆਂ ਮਾਂ ਹੀ ਕਰ ਸਕਦੀ ਹੈ। ਇਹ ਵੀ ਸੱਚ ਹੈ ਕਿ ਅਸੀਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਦੇਣ ਕਦੇ ਨਹੀਂ ਦੇ ਸਕਦੇ। ਮਮਤਾ ਦਾ ਵਰਨਣ ਸਾਡੇ ਲੋਕ ਗੀਤਾਂ ਵਿਚ ਵੀ ਬਾਖ਼ੂਬੀ ਝਲਕਦਾ ਹੈ :

**ਮੈਂ ਸੌ-ਸੌ ਰੁੱਖ ਪਈ ਲਾਵਾਂ,**
**ਰੁੱਖ ਤਾਂ ਹਰੇ-ਭਰੇ।**
**ਮਾਵਾਂ ਠੰਢੀਆਂ ਛਾਵਾਂ**
**ਛਾਵਾਂ ਕੌਣ ਕਰੇ।**

ਇਕ ਮਾਂ ਆਪਣੇ ਬੱਚਿਆਂ ਲਈ ਮੋਹ-ਮਮਤਾ ਦਾ ਅਜਿਹਾ ਝਰਨਾ ਹੁੰਦੀ ਹੈ, ਜਿਸ 'ਚੋਂ ਸਦਾ ਅੰਮ੍ਰਿਤ ਹੀ ਵਗਦਾ ਹੈ। ਮਾਂ ਦੀ ਆਪਣੇ ਬੱਚਿਆਂ ਨਾਲ ਸਾਂਝ ਅਟੁੱਟ ਹੁੰਦੀ ਹੈ। ਜੇ ਰਿਸ਼ਤਾ ਮਾਂ ਤੇ ਧੀ ਦਾ ਹੋਵੇ ਤਾਂ ਇਹ ਸਾਂਝ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ। ਧੀ ਲਈ ਮਾਂ ਸਹੇਲੀ ਹੁੰਦੀ ਹੈ ਤੇ ਉਸ ਦੀ ਮਾਰਗ-ਦਰਸ਼ਕ ਵੀ। ਧੀ ਦੇ ਦਿਲ ਦੇ ਦਰਦ ਨੂੰ, ਉਸ ਦੀ ਖ਼ੁਸ਼ੀ ਨੂੰ ਇਕ ਮਾਂ ਤੋਂ ਵੱਧ ਹੋਰ ਕੋਈ ਨਹੀਂ ਸਮਝ ਸਕਦਾ, ਕਿਉਂਕਿ ਧੀ ਤਾਂ ਹੁੰਦੀ ਹੀ ਮਾਂ ਦਾ ਪਰਛਾਵਾਂ ਹੈ। ਸਾਰਾ ਜਗ ਭਾਵੇਂ ਧੀਆਂ-ਪੁੱਤਾਂ ਵਿਚ ਅੰਤਰ ਕਰੇ ਪਰ ਮਾਂ ਦੇ ਦਿਲੋਂ ਤਾਂ ਦੋਹਾਂ ਲਈ ਹੀ ਅਸੀਸਾਂ ਨਿਕਲਦੀਆਂ ਹਨ। ਜਿੰਨਾ ਇਕ ਮਾਂ ਆਪਣੀ ਧੀ ਨੂੰ ਸਮਝਦੀ ਹੈ, ਓਨਾ ਕੋਈ ਹੋਰ ਨਹੀਂ ਸਮਝ ਸਕਦਾ। ਇਕ ਮਾਂ ਹੀ ਹੁੰਦੀ ਹੈ ਜੋ ਪੁੱਤਾਂ ਬਰਾਬਰ ਧੀਆਂ ਨੂੰ ਵੀ ਪਿਆਰ ਕਰਦੀ ਹੈ। ਸਮਾਜ ਵਿਚ ਉਸ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਦੀ ਹੈ। ਮਾਂ-ਧੀ ਦੇ ਪਿਆਰ ਦਾ ਜ਼ਿਕਰ ਲੋਕ ਗੀਤ ਵੀ ਕਰਦੇ ਹਨ :

**ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏਂ**
**ਕੋਈ ਟੁੱਟਦੀ ਏ ਕਹਿਰਾਂ ਨਾਲ।**
**ਨੀ ਕਣਕਾਂ ਨਿਸਰੀਆਂ**
**ਧੀਆਂ ਕਿਉਂ ਵਿਸਰੀਆਂ ਨੀ ਮਾਏਂ...।**

ਇਹ ਇਕ ਅੱਟੁਟ ਸਚਾਈ ਹੈ ਕਿ ਚਾਵਾਂ-ਲਾਡਾਂ ਨਾਲ ਪਾਲੀ ਧੀ ਨੇ ਇਕ ਨਾ ਇਕ ਦਿਨ ਮਾਂ ਕੋਲੋਂ ਵਿੱਛੜਨਾ ਹੁੰਦਾ ਹੈ। ਕਿੰਨਾ ਵੱਡਾ ਜਿਗਰਾ ਹੁੰਦਾ ਹੈ ਮਾਂ ਦਾ, ਜੋ ਆਪਣੇ ਜਿਗਰ ਦਾ ਟੋਟਾ ਆਪਣੇ ਹੱਥੀਂ ਬੇਗ਼ਾਨਿਆਂ ਦੀ ਝੋਲੀ ਪਾ ਦਿੰਦੀ ਹੈ।

ਜਿੰਨਾ ਪਿਆਰ ਧੀ ਨੂੰ ਮਾਂ ਕੋਲੋਂ ਮਿਲਦਾ ਹੈ ਓਨਾ ਹੋਰ ਕਿਸੇ ਹੋਰ ਕੋਲੋਂ ਨਹੀਂ ਮਿਲਦਾ। ਧੀ ਵੀ ਰੋਂਦੀ ਕੁਰਲਾਉਂਦੀ ਆਪਣੀ ਮਾਂ ਅੱਗੇ ਵਾਸਤੇ ਪਾਉਂਦੀ ਹੈ :

**ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,**
**ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ...।**

ਵਿਆਹ ਤੋਂ ਬਾਅਦ ਵੀ ਧੀ ਸਹੁਰੇ ਘਰ ਬੈਠੀ ਪਲ-ਪਲ ਆਪਣੀ ਮਾਂ ਨੂੰ ਉਡੀਕਦੀ ਰਹਿੰਦੀ ਹੈ ਤਾਂ ਕਿ ਉਸ ਨਾਲ ਆਪਣਾ ਦੁੱਖ-ਸੁੱਖ ਸਾਂਝਾ ਕਰ ਸਕੇ ਪਰ ਸਾਡੇ ਸਮਾਜ ਵਿਚ ਧੀ ਦੇ ਘਰ ਪੇਕਿਆਂ ਦਾ ਵਾਰ-ਵਾਰ ਆਉਣਾ-ਜਾਣਾ ਠੀਕ ਨਹੀਂ ਸਮਝਿਆ ਜਾਂਦਾ। ਇਸ ਲਈ ਜਦੋਂ ਮਾਂ ਕਾਫ਼ੀ ਦੇਰ ਤਕ ਧੀ ਨੂੰ ਨਹੀਂ ਮਿਲਦੀ ਤਾਂ ਧੀ ਆਪ ਮੁਹਾਰੇ ਹੀ ਬੋਲ ਉਠਦੀ ਹੈ :

**ਕਾਹਨੂੰ ਤੈਂ ਭੇਜਿਆ ਸਹੁਰੇ ਨੀ ਮਾਂ,**
**ਕਾਹਨੂੰ ਤੈਂ ਭੇਜਿਆ ਦੂਰ ਨੀ ਮਾਂ।**

ਇਸੇ ਤਰ੍ਹਾਂ ਜਦੋਂ ਵਿਆਹ ਤੋਂ ਬਾਅਦ ਧੀ ਆਪਣੇ ਪੇਕੇ ਘਰ ਆਉਂਦੀ ਹੈ ਤਾਂ ਮਾਂ ਨੂੰ ਸਭ ਤੋਂ ਵੱਧ ਚਾਅ ਚੜ੍ਹਦਾ ਹੈ। ਅਸਲ ਵਿਚ ਪੇਕੇ ਹੁੰਦੇ ਹੀ ਮਾਵਾਂ ਨਾਲ ਹਨ। ਇਸ ਗੱਲ ਦਾ ਜ਼ਿਕਰ ਪੰਜਾਬ ਦੇ ਲੋਕ ਗੀਤ ਵੀ ਬਾਖ਼ੂਬੀ ਕਰਦੇ ਹਨ।

ਭਾਵੇਂ ਜਵਾਨ ਧੀ ਨੂੰ ਮਾਂ ਹੱਥੀਂ ਪ੍ਰਦੇਸ ਤੋਰ ਕੇ ਆਪਣੇ ਤੋਂ ਦੂਰ ਕਰ ਦਿੰਦੀ ਹੈ ਪਰ ਇਹ ਦੂਰੀ ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਤੇ ਉਸ ਦੇ ਪਿਆਰ ਨੂੰ ਕਦੇ ਖ਼ਤਮ ਨਹੀਂ ਕਰ ਸਕਦੀ। ਮਾਂ-ਧੀ ਦੇ ਰਿਸ਼ਤੇ ਵਿਚਲੀ ਸਾਂਝ ਅਟੁੱਟ ਹੈ ਤੇ ਸਦੀਆਂ ਤਕ ਅਟੁੱਟ ਹੀ ਰਹੇਗੀ। •

ਮੋਬਾਈਲ : 99150-33176





# ਸਮਾਜ ਦਾ ਨਜ਼ਰੀਆ

• ਕੁਲਦੀਪ ਸਿੰਘ ਬੰਗੀ

ਔਰਤ ਜਗ ਦੀ ਜਣਨੀ ਹੈ ਅਤੇ ਸਾਡੇ ਸਮਾਜ ਦਾ ਧੁਰਾ ਵੀ। ਸਾਡੇ ਮੁਲਕ ਦੇ ਕਾਨੂੰਨ ਅਨੁਸਾਰ ਔਰਤ ਤੇ ਮਰਦ ਬਰਾਬਰ ਦਾ ਦਰਜਾ ਰੱਖਦੇ ਹਨ। ਅਸੀਂ ਇਹ ਵੀ ਭਲੀ-ਭਾਂਤ ਜਾਣਦੇ ਹਾਂ ਕਿ ਔਰਤ ਨੇ ਹਰ ਖੇਤਰ ਵਿਚ ਆਪਣਾ ਲੋਹਾ ਮਨਵਾਇਆ ਹੈ। ਉਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਮਾਜ ਵਿਚ ਉਹ ਮਰਦ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਅਸੀਂ ਕਿਸੇ ਵੀ ਖੇਤਰ ਵਿਚ ਨਜ਼ਰ ਮਾਰ ਕੇ ਵੇਖ ਸਕਦੇ ਹਾਂ ਕਿ ਕਿਵੇਂ ਹਰ ਪਾਸੇ ਹੀ ਔਰਤਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਐਵਰੈਸਟ ਦੀ ਚੋਟੀ ਦੀ ਚੜ੍ਹਾਈ ਤੋਂ ਲੈ ਕੇ ਪੁਲਾੜ ਦੀ ਯਾਤਰਾ ਤਕ ਦੀ ਉਡਾਰੀ ਆਦਿ ਦੇ ਹੈਰਾਨੀਜਨਕ ਕਾਰਨਾਮੇ ਇਸ ਵਿਚ ਸ਼ਾਮਲ ਹਨ। ਫਿਰ ਵੀ ਸਾਡੇ ਸਮਾਜ ਵਿਚ ਔਰਤ ਦੀ ਉਹ ਪਛਾਣ ਅਤੇ ਦਰਜਾ ਨਹੀਂ, ਜਿਸ ਦੀ ਉਹ ਹੱਕਦਾਰ ਹੈ। ਇਸ ਦੇ ਉਲਟ ਸਮਾਜ ਦੀ ਜਣਨੀ ਔਰਤ ਨਾਲ ਸਮਾਜ ਨੇ ਪੈਰ-ਪੈਰ 'ਤੇ ਧੱਕਾ ਕੀਤਾ ਹੈ। ਉਸ ਨੂੰ ਕੇਵਲ ਨਕਾਰਿਆ ਹੀ ਨਹੀਂ ਸਗੋਂ ਉਸ ਨੂੰ ਗ਼ੁਲਾਮਾਂ ਵਾਲੀ ਤੇ ਘਟੀਆ ਜ਼ਿੰਦਗੀ ਜਿਉਣ ਲਈ ਮਜ਼ਬੂਰ ਵੀ ਕੀਤਾ ਹੈ।

ਇਤਿਹਾਸ ਨਾਲ ਸਬੰਧਤ ਲਿਖਤਾਂ, ਵੇਦ, ਗ੍ਰੰਥ ਤੇ ਹੋਰ ਪੁਰਾਤਨ ਦਸਤਾਵੇਜ਼ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਔਰਤ ਮੁੱਢ ਤੋਂ ਹੀ ਮਰਦ ਜਾਤ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਆਧੁਨਿਕ ਯੁੱਗ ਵਿਚ ਵੀ ਸਭ ਕੁਝ ਪੁਰਾਤਨ ਸਮੇਂ ਵਰਗਾ ਹੀ ਵਾਪਰ ਰਿਹਾ ਹੈ। ਜੇ ਕਰ ਕੁਝ ਬਦਲਿਆ ਹੈ ਤਾਂ ਉਹ ਹਨ ਢੰਗ-ਤਰੀਕੇ ਅਤੇ ਤਕਨੀਕ।

ਸਮੇਂ-ਸਮੇਂ ਮਰਦ ਪ੍ਰਧਾਨ ਸਮਾਜ ਅਤੇ ਸਰਕਾਰਾਂ ਚਾਹੇ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਢਿੰਡੋਰਾ ਪਿੱਟਦੀਆਂ ਰਹੀਆਂ ਹਨ ਤੇ ਵੱਡੇ-ਵੱਡੇ ਦਾਅਵੇ ਵੀ ਕਰਦੀਆਂ ਰਹੀਆਂ ਹਨ, ਜਿਵੇਂ ਕਿ ਔਰਤ ਸ਼ਕਤੀਕਰਨ ਵਰ੍ਹਾ, ਮਹਿਲਾ ਦਿਵਸ, ਨੰਨ੍ਹੀ ਛਾਂ ਵਰਗੇ ਕਾਰਜ, ਮੁਹਿੰਮਾਂ, ਪ੍ਰਦਰਸ਼ਨਾਂ ਤੋਂ ਇਲਾਵਾ ਅਸੀਂ ਕੰਧਾਂ 'ਤੇ ਲਿਖਿਆ ਵੀ ਅਕਸਰ ਪੜ੍ਹਦੇ ਹਾਂ :

**- ਲੜਕੀ-ਲੜਕਾ ਏਕ ਸਮਾਨ।**
**- ਧੀ ਜੰਮੀ ਵੰਡੋ ਮਠਿਆਈ।**
**ਇਹ ਸਾਕਾਰ ਲੱਛਮੀ ਆਈ।**

ਪਰ ਹਕੀਕਤ ਇਸ ਤੋਂ ਬਿਲਕੁਲ ਉਲਟ ਇਸ਼ਾਰਾ ਕਰ ਰਹੀ ਹੈ। ਕੁੜੀ ਜੰਮਣ 'ਤੇ ਅੱਜ ਵੀ ਸਾਡੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਵਿਚ ਸੋਗ ਫੈਲ ਜਾਂਦਾ ਹੈ। ਅੱਜ ਵੀ ਜਨਮ ਲੈਣ ਵਾਲੀ ਬੱਚੀ ਨੂੰ ਪੱਥਰ ਕਹਿ ਕੇ ਦੁਰਕਾਰਿਆ ਜਾਂਦਾ ਹੈ। ਮਠਿਆਈ ਵੰਡਣਾਂ ਤਾਂ ਦੂਰ ਰਿਹਾ, ਕੋਈ ਗੁੜ ਵੰਡ ਕੇ ਵੀ ਖ਼ੁਸ਼ੀ ਨਹੀਂ ਮਨਾਉਂਦਾ।

ਅੱਜੋਕੀ ਔਰਤ ਵੀ ਕੇਵਲ ਪੁੱਤਰ ਨੂੰ ਜਨਮ ਦੇਣ ਵਿਚ ਹੀ ਮਾਣ ਮਹਿਸੂਸ ਕਰਦੀ ਹੈ ਅਤੇ ਪੁੱਤਰ ਦੇ ਜਨਮ ਦੀ ਹੀ ਕਾਮਨਾ ਕਰਦੀ ਹੈ। ਔਰਤ ਦੀ ਪਛਾਣ ਕਿਸੇ ਮਰਦ ਦੀ ਬੇਟੀ, ਭੈਣ, ਪਤਨੀ, ਨੂੰਹ, ਮਾਂ ਆਦਿ ਤੋਂ ਹੀ ਹੁੰਦੀ ਹੈ। ਚੇਅਰਮੈਨ, ਕਰੋੜਪਤੀ, ਅਰਬਪਤੀ ਆਦਿ ਅਨੇਕਾਂ ਸ਼ਬਦ ਇਸ ਦੀ ਸਚਾਈ ਹਨ। ਮਰਦ ਦੀ ਸੋਚ ਵਿਚ ਔਰਤ ਅੱਜ ਵੀ ਦੂਜੇ ਨੰਬਰ 'ਤੇ ਹੈ। ਉਸ ਦੀ ਸੋਚ ਵਿਚ ਔਰਤ ਮਨੋਰੰਜਨ ਦਾ ਸਾਧਨ, ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂ ਵੱਧ ਕੁਝ ਨਹੀਂ।

ਪੁਰਾਤਨ ਕਾਲ ਦੀ ਸੀਤਾ, ਦਰੋਪਦੀ, ਤਾਰਾਮਤੀ ਦੀ ਤਰ੍ਹਾਂ ਹੀ ਅੱਜ ਵੀ ਸ਼ਰੇ-ਬਾਜ਼ਾਰ, ਗਲੀਆਂ-ਮੁਹੱਲਿਆਂ ਵਿਚ 'ਦਾਮਿਨੀ ਕਾਂਡ' ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਔਰਤ ਪ੍ਰਤੀ ਮੁੱਢ ਤੋਂ ਹੀ ਸਮਾਜ ਦਾ ਨਜ਼ਰੀਆ ਇਹੋ-ਜਿਹਾ ਹੀ ਰਿਹਾ ਹੈ।

ਮਰਹੂਮ ਲੇਖਿਕਾ ਅੰਮ੍ਰਿਤਾ ਪ੍ਰੀਤਮ ਵੀ ਔਰਤ ਦੀ ਅਜਿਹੀ ਸਥਿਤੀ ਅਤੇ ਸਮਾਜਿਕ ਵਰਤਾਰੇ ਦਾ ਜ਼ਿਕਰ ਕਰਦਿਆਂ ਆਖਦੀ ਹੈ, **"ਸਾਡੀਆਂ ਮੰਡੀਆਂ ਵਿਚ ਕਣਕ ਵਿਕਦੀ ਹੈ, ਜਵਾਰ ਅਤੇ ਔਰਤ ਵੀ।"**

ਸੱਚਮੁੱਚ ਔਰਤ ਅੱਜ ਵੀ ਮੰਡੀ ਵਿਚ ਵਿੱਕਣ ਵਾਲੀ ਵਸਤੂ ਹੀ ਸਮਝੀ ਜਾਂਦੀ ਹੈ। ਅੱਜ ਵੀ ਉਸ ਨੂੰ ਜਾਇਦਾਦ ਵਾਂਗ ਹੀ ਵਿਕਣਾ ਪੈ ਰਿਹਾ ਹੈ।

ਮਰਦ ਵੱਲੋਂ ਇਸ਼ਤਿਹਾਰਬਾਜ਼ੀ ਲਈ ਔਰਤ ਨੂੰ ਵਸਤੂ ਦੇ ਰੂਪ ਵਿਚ ਹੀ ਪਰੋਸਿਆ ਜਾ ਰਿਹਾ ਹੈ। ਸਮਾਜ 'ਚ ਅੱਜ ਵੀ ਲੱਖਾਂ ਲੜਕੀਆਂ ਦੀ ਖ਼ਰੀਦੋ-ਫਰੋਖ਼ਤ ਹੋ ਰਹੀ ਹੈ।

ਕੁਲ ਮਿਲਾ ਕੇ ਔਰਤ ਦੀ ਦਸ਼ਾ ਕੇਵਲ ਅਖ਼ਬਾਰਾਂ, ਰਸਾਲਿਆਂ, ਭਾਸ਼ਣਾਂ ਵਿਚ ਹੀ ਸੁਧਰੀ ਨਜ਼ਰ ਆ ਰਹੀ ਹੈ ਜਦਕਿ ਅਸਲ ਜੀਵਨ ਵਿਚ ਔਰਤ ਨਾਲ ਘਿਨਾਉਣੇ ਤੋਂ ਘਿਨਾਉਣੇ ਕਾਰਨਾਮੇ ਉਸੇ ਤਰ੍ਹਾਂ ਹੀ ਹੋ ਰਹੇ ਹਨ, ਜੋ ਅਸੀਂ ਇਤਿਹਾਸ ਵਿਚ ਪੜ੍ਹਦੇ-ਸੁਣਦੇ ਰਹੇ ਹਾਂ। ਵੱਡੀ ਉਮਰ ਦੀਆਂ ਔਰਤਾਂ ਤੋਂ ਲੈ ਕੇ ਕੁੱਖ ਵਿਚ ਪਲ ਰਹੀਆਂ ਬੱਚੀਆਂ ਨਾਲ ਸ਼ਰੇਆਮ ਵਧੀਕੀਆਂ ਹੋ ਰਹੀਆਂ ਹਨ। ਔਰਤਾਂ ਨਾਲ ਜਬਰ ਜਨਾਹ ਹੋ ਰਹੇ ਹਨ ਅਤੇ ਅਣਜੰਮੀਆਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ।

ਇਨ੍ਹਾਂ ਸਭ ਗੱਲਾਂ ਨੂੰ ਘੋਖ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਨੂੰ ਸਿਰਫ਼ ਵਿਖਾਵੇ ਅਤੇ ਸੋਸ਼ੇਬਾਜ਼ੀ ਵਾਲੇ ਦਿਵਸ ਜਿਵੇਂ ਮਹਿਲਾ ਦਿਵਸ, ਨਾਰੀ ਸ਼ਕਤੀ ਵਰ੍ਹਾ, ਨੰਨ੍ਹੀ ਛਾਂ ਵਰਗੀਆਂ ਲਹਿਰਾਂ ਚਲਾ ਕੇ ਦਿਖਾਵੇ ਕਰਨ ਦੀ ਥਾਂ ਲੋਕਾਂ ਦੀ ਮਾਨਸਿਕਤਾ ਵਿਚ ਉਸਾਰੂ ਬਦਲਾਅ ਲਿਆਂਦੇ ਜਾਣ। ਇਸ ਨਾਲ ਹੀ ਸਾਡੇ ਸਮਾਜ ਵਿਚ ਇਨਕਲਾਬੀ ਤਬਦੀਲੀ ਆਵੇਗੀ। •

ਮੋਬਾਈਲ : 94174-07778

# ਸ਼ੇਰਨੀ

**ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ...**

ਗੱਲ ਪਿਛਲੇ ਸਾਲ ਦੀ ਹੈ। ਜਦੋਂ ਮੈਂ ਬਠਿੰਡੇ ਐੱਮਫਿਲ ਵਿਚ ਦਾਖ਼ਲ ਹੁੰਦਿਆਂ ਹੀ ਹੋਰ ਵਿਦਿਆਰਥੀਆਂ ਦੀ ਤਰ੍ਹਾਂ ਬੱਸ ਦੀ ਸਵਾਰੀ ਬਣ ਗਿਆ। ਅਸੀਂ ਹਰ ਰੋਜ਼ ਸਵੇਰੇ ਰਾਮਪੁਰੇ ਤੋਂ ਬਠਿੰਡੇ ਜਾਣ ਲਈ ਸਰਕਾਰੀ ਬੱਸ ਦੀ ਉਡੀਕ ਕਰਨ ਲਗਦੇ। ਬੱਸ ਆਉਣ 'ਤੇ ਉਸ ਵਿਚ ਸਭ ਤੋਂ ਪਹਿਲਾਂ ਚੜ੍ਹਨ ਲਈ ਹੱਲਾ ਬੋਲ ਦੇਣਾ। ਮੇਰੀ ਨਜ਼ਰ ਅਕਸਰ ਉਸ ਕੁੜੀ ਉੱਪਰ ਜਾ ਪੈਂਦੀ, ਜਿਸ ਨੇ ਬੱਸ ਆਉਣ 'ਤੇ ਸਾਰੀਆਂ ਕੁੜੀਆਂ ਤੋਂ ਪਿੱਛੇ ਖੜ੍ਹੀ ਹੋ ਜਾਣਾ ਤੇ ਆਪ ਓਦੋਂ ਚੜ੍ਹਨਾ ਜਦੋਂ ਸਾਰੀਆਂ ਕੁੜੀਆਂ ਨੇ ਬੱਸ 'ਚ ਚੜ੍ਹ ਜਾਣਾ।

ਉਸ ਕੁੜੀ ਦੀ ਇਹ ਅਨੋਖੀ ਆਦਤ ਅਕਸਰ ਮੇਰਾ ਧਿਆਨ ਆਪਣੇ ਵੱਲ ਖਿੱਚ ਲੈਂਦੀ। ਬੇਸ਼ੱਕ ਚੜ੍ਹਦੀ ਉਮਰੇ ਹਰ ਇਕ ਨੂੰ ਸੋਹਣਾ ਦਿਖਣ ਦਾ ਸ਼ੌਕ ਹੁੰਦਾ ਹੈ ਪ੍ਰੰਤੂ ਬਹੁਤ ਸਾਰੇ ਮੁੰਡੇ-ਕੁੜੀਆਂ ਨੇ ਅਜਿਹਾ ਹਾਰ-ਸ਼ਿਗਾਰ ਕੀਤਾ ਹੁੰਦਾ ਸੀ ਕਿ ਵੇਖਣ ਵਾਲੇ ਨੂੰ ਪਹਿਲੀ ਨਜ਼ਰੇ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਪੜ੍ਹਨ ਲਈ ਨਹੀਂ ਸਗੋਂ ਕਿਸੇ ਫ਼ਿਲਮ ਦੀ ਸ਼ੂਟਿੰਗ 'ਤੇ ਜਾ ਰਹੇ ਹੋਣ, ਪ੍ਰੰਤੂ ਮੈਂ ਕਦੇ ਵੀ ਉਸ ਕੁੜੀ ਦੀ ਕੁਦਰਤੀ ਸੁੰਦਰਤਾ ਨੂੰ ਨਕਲੀ ਸਜਾਵਟ ਦੇ ਬੋਝ ਥੱਲੇ ਦੱਬੀ ਹੋਈ ਨਹੀਂ ਸੀ ਵੇਖਿਆ। ਜਿਵੇਂ ਉਹ ਜਾਣਦੀ ਹੋਵੇ ਕਿ ਸੁੰਦਰਤਾ ਤਨ ਦੀ ਨਹੀਂ, ਮਨ ਦੀ ਹੋਣੀ ਬਹੁਤ ਜ਼ਰੂਰੀ ਹੈ।

ਜਦੋਂ ਬੱਸ ਵਿਚ ਬੈਠ ਕੇ ਮੁੰਡੇ-ਕੁੜੀਆਂ ਨੇ ਕੰਨਾਂ ਵਿਚ ਈਅਰ-ਪਲੱਗ ਫਸਾ ਲੈਣੇ ਤਾਂ ਉਸ ਕੁੜੀ ਨੇ ਕੋਈ ਨਾ ਕੋਈ ਕਿਤਾਬ ਖੋਲ੍ਹ ਕੇ ਪੜ੍ਹਨਾ ਸ਼ੁਰੂ ਕਰ ਦੇਣਾ ਤੇ ਬੱਸ ਵਿਚ ਪੈਂਦੀ ਕਾਵਾਂ-ਰੌਲੀ ਦੀ ਪ੍ਰਵਾਹ ਕੀਤੇ ਬਿਨਾਂ ਪੜ੍ਹਨ ਵਿਚ ਮਗਨ ਹੋ ਜਾਣਾ। ਖ਼ੁਦ ਕਿਤਾਬੀ-ਕੀੜਾ ਹੋਣ ਕਰਕੇ ਉਸ ਦੀ ਕਿਤਾਬਾਂ ਪੜ੍ਹਨ ਦੀ ਆਦਤ ਮੈਨੂੰ ਬਹੁਤ ਚੰਗੀ ਲੱਗਦੀ ਸੀ। ਫਿਰ ਇਕ ਦਿਨ ਮੈਂ ਉਸ ਦਾ ਇਕ ਅਜਿਹਾ ਰੂਪ ਵੇਖਿਆ ਕਿ ਮੈਂ ਹੈਰਾਨ ਰਹਿ ਗਿਆ। ਉਸ ਦਿਨ ਮੇਰੇ ਪਿੰਡ ਤੋਂ ਜਾਣ ਵਾਲੀ ਬੱਸ ਜਦ ਦੇਰੀ ਨਾਲ ਸ਼ਹਿਰ ਪਹੁੰਚੀ ਤਾਂ ਮੈਂ ਵੇਖਿਆ ਕਿ ਸਦਾ ਚੁੱਪਚਾਪ ਰਹਿਣ ਵਾਲੀ ਕੁੜੀ ਬੱਸ ਦੇ ਕੰਡਕਟਰ ਨਾਲ ਉੱਚੀ-ਉੱਚੀ ਬਹਿਸ ਰਹੀ ਸੀ। ਅਸਲ ਵਿਚ ਬਹਿਸ ਦਾ ਕਾਰਨ ਇਹ ਸੀ ਕਿ ਉਹ ਕੰਡਕਟਰ ਪੰਦਰਾਂ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਬੱਸ ਵਿਚ ਚੜ੍ਹਾਉਣ ਤੋਂ ਮਨ੍ਹਾਂ ਕਰ ਰਿਹਾ ਸੀ ਤੇ ਉਹ ਕੁੜੀ ਸਾਰੇ ਵਿਦਿਆਰਥੀਆਂ ਨੂੰ ਚੜ੍ਹਾਉਣ ਲਈ ਬਜ਼ਿਦ ਖੜ੍ਹੀ ਸੀ। ਮੈਨੂੰ ਦੁੱਖ ਇਸ ਗੱਲ ਦਾ ਹੋ ਰਿਹਾ ਸੀ ਕਿ ਗੱਲ-ਗੱਲ 'ਤੇ ਮਰਦਾਨਗੀ ਦਿਖਾਉਣ ਵਾਲੇ ਮੁੰਡੇ ਠੰਢੀਆਂ ਅੱਖਾਂ ਨਾਲ ਤਮਾਸ਼ਾ ਵੇਖ ਰਹੇ ਸਨ ਤੇ ਮਾਣ ਮੈਨੂੰ ਇਸ ਗੱਲ ਦਾ ਹੋ ਰਿਹਾ ਸੀ ਕਿ ਅੱਜ ਦੀ ਔਰਤ ਚੰਮ ਦੀ ਗੁੱਡੀ ਨਹੀਂ ਰਹੀ ਸਗੋਂ ਉਹ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਖ਼ੁਦ ਲੜ ਸਕਦੀ ਹੈ। ਮੈਂ ਸੋਚ ਰਿਹਾ ਸੀ ਕਿ ਕਾਸ਼! ਹਰ ਮਾਪਿਆਂ ਦੀ ਇਕ ਅਜਿਹੀ ਸਚੁੱਜੀ ਧੀ ਹੋਵੇ ਤਾਂ ਜੋ ਉਨ੍ਹਾਂ ਨੂੰ ਕਦੇ ਵੀ ਧੀ ਦੇ ਮਾਪੇ ਹੋਣ ਕਾਰਨ ਕਿਸੇ ਡਰ ਦਾ ਸਾਹਮਣਾ ਨਾ ਕਰਨਾ ਪਵੇ। ਸੋਹਣੀ ਸੀਰਤ ਤੇ ਉੱਚੇ-ਸੁੱਚੇ ਖ਼ਿਆਲਾਂ ਦੀ ਮਾਲਕ ਉਹ ਕੁੜੀ ਮੈਨੂੰ ਸੱਚਮੁੱਚ ਸ਼ੇਰਨੀ ਜਾਪੀ।

• ਧੀਰਾ ਖੋਖਰ
90413-33768



# ਕੰਮ ਦੀਆਂ ਗੱਲਾਂ...

- ਅਕਸਰ ਖੰਡ ਦੇ ਡੱਬੇ 'ਚ ਕੀੜੀਆਂ ਵੜ ਜਾਂਦੀਆਂ ਹਨ। ਮੁਸ਼ਕ-ਕਪੂਰ ਦੀ ਪੁੜੀ ਬੰਨ੍ਹ ਕੇ ਚੀਨੀ ਵਾਲੇ ਡੱਬੇ ਵਿਚ ਰੱਖ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਮਿਕਸਰ ਜਾਂ ਰਸੋਈ ਦੇ ਹੋਰ ਉਪਕਰਣਾਂ ਦੀ ਮੋਟਰ ਵਿਚ ਕੌਕਰੋਚ ਨਾ ਵੜ ਸਕਣ, ਇਸ ਲਈ ਉਨ੍ਹਾਂ ਦੇ ਪੇਚ ਖੋਲ੍ਹ ਕੇ ਇਕ-ਦੋ ਨੈਪਥੈਲੀਨ (ਫਿਨਾਇਲ) ਦੀਆਂ ਗੋਲੀਆਂ ਵਿਚ ਰੱਖ ਦਿਓ।
- ਜੇ ਰਸੋਈ ਦੀ ਸਿੰਕ ਵਾਲੀ ਨਾਲੀ ਵਿਚ ਦੋ-ਤਿੰਨ ਫਿਨਾਈਲ ਦੀਆਂ ਗੋਲੀਆਂ ਪਾ ਦੇਈਏ ਤਾਂ ਨਾਲੀ ਰਾਹੀਂ ਆਉਣ ਵਾਲੇ ਕੌਕਰੋਚ ਤੇ ਦੂਜੇ ਕੀੜੇ-ਮਕੌੜੇ ਰਸੋਈ 'ਚ ਨਹੀਂ ਆਉਣਗੇ।
- ਕਾਕਰੋਚਾਂ ਤੋਂ ਛੁਟਕਾਰਾ ਪਾਉਣ ਲਈ ਬੋਰਿਕ ਐਸਿਡ ਪਾਊਡਰ ਅਤੇ ਕਣਕ ਦਾ ਆਟਾ ਬਰਾਬਰ ਮਾਤਰਾ ਵਿਚ ਗੁੰਨ੍ਹ ਕੇ ਛੋਟੀਆਂ-ਛੋਟੀਆਂ ਗੋਲੀਆਂ ਬਣਾ ਲਓ। ਜਿੱਥੇ ਜ਼ਿਆਦਾ ਕੌਕਰੋਚ ਹੋਣ, ਉੱਥੇ ਰੱਖ ਦਿਓ, ਕੌਕਰੋਚ ਆਪੇ ਗਾਇਬ ਹੋ ਜਾਣਗੇ।
- ਥੋੜ੍ਹਾ ਜਿਹਾ ਬੋਰਿਕ ਐਸਿਡ ਪਾਊਡਰ ਜਾਂ ਸਵਾਹ ਨੂੰ ਹਲਦੀ ਵਿਚ ਮਿਲਾ ਕੇ ਕੀੜੀਆਂ ਦੀ ਖੁੱਡ ਦੇ ਬਾਹਰ ਪਾ ਦਿੱਤਾ ਜਾਵੇ ਤਾਂ ਕੀੜੀਆਂ ਬਾਹਰ ਨਹੀਂ ਆਉਣਗੀਆਂ।
- ਕਾਲੀਆਂ ਕੀੜੀਆਂ ਰਸੋਈ ਵਿਚ ਨਾ ਆਉਣ, ਇਸ ਲਈ ਰਸੋਈ ਦੀ ਖਿੜਕੀ ਵਿਚ ਗੰਧਕ ਦਾ ਟੁਕੜਾ ਰੱਖ ਦਿਓ। ਸ਼ਹਿਦ ਵਿਚ ਦੋ-ਚਾਰ ਲੌਂਗ ਪਾ ਦਿਓ, ਕੀੜੀਆਂ ਨਹੀਂ ਚੜ੍ਹਨਗੀਆਂ।
- ਸ਼ੱਕਰ ਦੇ ਪਾਣੀ ਵਾਲਾ ਗਿੱਲਾ ਕੱਪੜਾ ਕੀੜੀਆਂ ਦੀ ਖੁੱਡ ਦੇ ਕੋਲ ਰੱਖ ਦਿਓ, ਕੀੜੀਆਂ ਉਸ ਨਾਲ ਹੀ ਚਿੰਬੜ ਕੇ ਮਰ ਜਾਣਗੀਆਂ।
- ਮਿੱਠੀਆਂ ਚੀਜ਼ਾਂ, ਜਿਸ ਬਰਤਨ ਵਿਚ ਰੱਖੀਆਂ ਹੋਣ, ਉਸ ਬਰਤਨ ਦੇ ਕਿਨਾਰਿਆਂ 'ਤੇ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਲਗਾ ਦਿਓ, ਕੀੜੀਆਂ ਨਹੀਂ ਆਉਣਗੀਆਂ।
- ਅਲਮਾਰੀ ਵਿਚ ਤੇਜਪੱਤਰ ਦਾ ਗੁੱਛਾ ਲਟਕਾਓ, ਮੱਖੀ-ਮੱਛਰ ਅਤੇ ਕੀੜੀਆਂ ਨਹੀਂ ਆਉਣਗੀਆਂ।
- ਮੱਛਰਾਂ ਤੋਂ ਬਚਾਅ ਲਈ ਥੋੜ੍ਹੇ ਜਿਹੇ ਪਿਆਜ਼ ਕਮਰੇ ਵਿਚ ਲਟਕਾ ਦਿਓ।
- ਵਰਤੋਂ ਵਿਚ ਲਿਆਂਦੀਆਂ ਹੋਈਆਂ ਮੱਛਰ ਮਾਰਨ ਵਾਲੀਆਂ ਟਿੱਕੀਆਂ ਨੂੰ ਟੀਨ ਦੇ ਡੱਬੇ ਵਿਚ ਇਕੱਠੀਆਂ ਕਰ ਲਓ। ਜਿਸ ਦਿਨ ਘਰ ਵਿਚ ਬਿਜਲੀ ਨਾ ਹੋਵੇ, ਉਸ ਦਿਨ ਇਨ੍ਹਾਂ ਨੂੰ ਇਕੱਠਿਆਂ ਬਾਲ ਕੇ ਬੁਝਾ ਦਿਓ। ਥੋੜ੍ਹੀ ਦੇਰ ਵਿਚ ਹੀ ਘਰ 'ਚੋਂ ਸਾਰੇ ਮੱਛਰ ਭੱਜ ਜਾਣਗੇ।
- ਗਰਮ ਪਾਣੀ ਵਿਚ ਸਪੰਜ ਭਿਉਂ ਕੇ ਉਸ ਨੂੰ ਨਿਚੋੜ ਲਓ ਤੇ ਉਸ ਉੱਤੇ 2-3 ਬੂੰਦਾਂ ਚਮੇਲੀ ਦੇ ਤੇਲ ਦੀਆਂ ਪਾ ਕੇ ਕਮਰੇ ਵਿਚ ਲਟਕਾ ਦਿਓ, ਮੱਖੀ-ਮੱਛਰ ਦੂਰ ਰਹਿਣਗੇ ।
- ਮੱਛਰ ਨੂੰ ਭਜਾਉਣ ਦਾ ਆਸਾਨ ਤਰੀਕਾ ਹੈ ਕਿ ਪਲੰਘ, ਕੁਰਸੀ ਆਦਿ ਦੇ ਹੇਠਾਂ ਪਿਆਜ਼ ਦਾ ਰਸ ਛਿੜਕ ਦਿਓ।
- ਇਕ ਚਮਚਾ ਕੌਫੀ ਪਾਊਡਰ ਨੂੰ ਤਵੇ 'ਤੇ ਸਾੜ ਕੇ ਧੂਣੀ ਦਿਓ, ਰਸੋਈ ਵਿੱਚੋਂ ਮੱਖੀ-ਮੱਛਰ ਭੱਜ ਜਾਣਗੇ।
- ਜੇ ਘਰ 'ਚ ਮੱਛਰ ਭਜਾਉਣ ਵਾਲੀ ਮਸ਼ੀਨ ਨਹੀਂ ਹੈ ਤਾਂ ਨਾਈਟ ਲੈਂਪ ਜਗਾ ਕੇ ਉਸ 'ਤੇ ਮੱਛਰ ਭਜਾਉਣ ਵਾਲੀ ਟਿੱਕੀ ਰੱਖ ਦਿਓ, ਉਹ ਮਸ਼ੀਨ ਦਾ ਹੀ ਕੰਮ ਕਰੇਗੀ ਤੇ ਇਸ ਨਾਲ ਮੱਛਰ ਭੱਜ ਜਾਣਗੇ।
- ਮੰਜੇ 'ਤੇ ਸ਼ਹਿਤੂਤ ਦੇ ਪੱਤੇ ਵਿਛਾ ਦੇਣ ਨਾਲ ਖਟਮਲ ਭੱਜ ਜਾਂਦੇ ਹਨ।
- ਘਰ ਵਿਚ ਚੂਹੇ ਹੋਣ ਤਾਂ ਕਿਤਾਬਾਂ ਦੇ ਰੈਕ ਜਾਂ ਕੱਪੜਿਆਂ ਵਾਲੀ ਅਲਮਾਰੀ ਵਿਚ ਫਿਨਾਈਲ ਦੀਆਂ ਗੋਲੀਆਂ ਰੱਖੋ, ਚੂਹੇ ਭੱਜ ਜਾਣਗੇ।
- ਫਟਕੜੀ ਦਾ ਚੂਰਾ ਚੂਹਿਆਂ ਦੀ ਖੁੱਡ ਅਤੇ ਘੁੰਮਣ ਵਾਲੀ ਥਾਂ 'ਤੇ ਰੱਖ ਦਿਓ, ਚੂਹੇ ਨਹੀਂ ਆਉਣਗੇ।
- ਚੂਹੇ ਫੜਨ ਲਈ ਚੂਹੇਦਾਨੀ ਵਿਚ ਰੋਟੀ ਲਗਾਉਂਦੇ ਸਮੇਂ ਜੇਕਰ ਰੋਟੀ 'ਤੇ ਜੈਮ ਲਗਾ ਦਿੱਤਾ ਜਾਵੇ ਤਾਂ ਚੂਹੇ ਖ਼ੁਸ਼ਬੂ ਕਾਰਨ ਉਸ ਵਿਚ ਜ਼ਰੂਰ ਫਸਣਗੇ।
- ਕਿਰਲੀਆਂ ਭਜਾਉਣ ਲਈ ਕਮਰੇ ਵਿਚ ਮੋਰ ਦੇ ਖੰਭ ਰੱਖੋ।
- ਗੱਦਿਆਂ ਵਿਚ ਵੜ ਕੇ ਪਰੇਸ਼ਾਨ ਕਰਨ ਵਾਲੇ ਛੋਟੇ-ਛੋਟੇ ਕੀੜਿਆਂ ਤੋਂ ਬਚਣ ਲਈ ਗੱਦਿਆਂ ਦੇ ਹੇਠ ਜੇ ਥੋੜ੍ਹੀ ਕਾਲੀ ਮਿਰਚ ਦਾ ਪਾਊਡਰ ਪਾ ਦਿੱਤਾ ਜਾਵੇ ਤਾਂ ਬੈੱਡ ਉੱਪਰ ਕੀੜੇ ਨਹੀਂ ਆਉਣਗੇ।
- ਜੇ ਬੱਚਿਆਂ ਦੇ ਸਿਰ ਵਿਚ ਜੂੰਆਂ ਪੈ ਗਈਆਂ ਹੋਣ ਤਾਂ ਰਾਤ ਸਮੇਂ ਸਿਰਹਾਣੇ 'ਤੇ ਤੁਲਸੀ ਦੀਆਂ ਪੱਤੀਆਂ ਖਿਲਾਰਨ ਨਾਲ ਜੂੰਆਂ ਭੱਜ ਜਾਣਗੀਆਂ। ਜੇ ਜੂੰਆਂ ਇਕ ਵਾਰ ਨਾ ਭੱਜਣ ਤਾਂ ਇਸ ਪ੍ਰਕਿਰਿਆ ਨੂੰ ਦੋ-ਤਿਨ ਵਾਰ ਦੋਹਰਾਓ।

• ਪੰਕਜ ਸੂਦ

**ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਮੇਰੇ ਘਰ ਵਾਲੇ ਨਾਲ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਹ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ...**




• ਸਤਨਾਮ ਚੌਹਾਨ

ਗੇਟ ਦੀ ਘੰਟੀ ਵੱਜਦੀ ਹੈ। ਬਾਹਰ ਵੇਖਦੀ ਹਾਂ। ਕੋਈ ਔਰਤ ਗੇਟ 'ਤੇ ਖੜ੍ਹੀ ਹੈ। ਪਛਾਨਣ ਦੀ ਕੋਸ਼ਿਸ਼ ਕਰਦੀ ਹਾਂ। ਇਹ ਸਫ਼ਾਈ ਸੇਵਿਕਾ ਤਾਂ ਲੱਗ ਨਹੀਂ ਰਹੀ, ਉਹ ਤਾਂ ਪੈਸੇ ਲੈ ਗਈ ਸੀ। ਪਰ ਇਹ ਹੈ ਕੌਣ, ਜਾਣੀ-ਪਛਾਣੀ ਲੱਗ ਰਹੀ ਹੈ। ਦਿਮਾਗ਼ 'ਤੇ ਜ਼ੋਰ ਦੇ ਕੇ ਸੋਚਦੀ ਹਾਂ ਤਾਂ ਕੁਝ ਯਾਦ ਨਹੀਂ ਆਉਂਦਾ। ਉਹ ਆਪ ਹੀ ਬੋਲ ਪਈ, 'ਭੈਣ ਜੀ ਬੂਹਾ ਖੋਲ੍ਹੋ ਮੈਂ...ਮੈਂ ਜੀਤੀ।'

'ਜੀਤੀ...?' ਇਸ ਤਰ੍ਹਾਂ ਦੀ ਹਾਲਤ 'ਚ ਕਿਥੋਂ ਆ ਰਹੀ ਏਂ? ਭੈਣ ਜੀ....ਇਸ ਤੋਂ ਅੱਗੇ ਉਸ ਤੋਂ ਬੋਲਿਆ ਨਹੀਂ ਜਾ ਰਿਹਾ ਸੀ। ਛੰਮ-ਛੰਮ ਅੱਥਰੂ ਉਸ ਦੀਆਂ ਅੱਖਾਂ ਚੋਂ ਵਗ ਤੁਰੇ। ਜੀਤੀ ਨੂੰ ਬੈਠਣ ਲਈ ਕਹਿ ਕੇ ਪਾਣੀ ਦਾ ਗਿਲਾਸ ਉਸ ਨੂੰ ਫੜਾਉਂਦੇ ਹੋਏ ਪੁੱਛਿਆ, 'ਕੀ ਹੋਇਆ?' 'ਬਸ...ਭੈਣ ਜੀ! ਮੇਰੀ ਤਾਂ ਕਿਸਮਤ ਹੀ ਮਾੜੀ ਹੈ' ਕਹਿ ਕੇ ਉਹ ਰੋਣ ਲੱਗੀ। ਮੈਂ ਉਸ ਨੂੰ ਚੁੱਪ ਕਰਾਉਂਦਿਆਂ ਪੁੱਛਿਆ,

'ਦੱਸ ਤਾਂ ਸਹੀ ਕੀ ਹੋਇਆ?

'ਭੈਣ ਜੀ, ਥਾਣੇ ਰਿਪੋਰਟ ਲਿਖਵਾ ਕੇ ਆਈ ਹਾਂ।'

'ਕਿਉਂ, ਕੀ ਹੋਇਆ?'

'ਮੇਰੇ ਦਿਓਰ ਦਾ ਕੀ ਹੱਕ ਹੈ ਮੈਨੂੰ ਮਾਰਨ ਦਾ, ਉਹ ਨੇ ਮੈਨੂੰ ਕੁੱਟਿਆ ਹੈ।' ਤੇ ਉਹ ਫਿਰ ਡੁਸਕਣ ਲੱਗੀ।

ਜੀਤੀ ਸਾਡੇ ਘਰ ਕਿਰਾਏ 'ਤੇ ਰਹਿ ਕੇ ਗਈ ਸੀ। ਸੋਹਣੀ-ਸਨੁੱਖੀ, ਹੱਥ ਲਾਇਆਂ ਮੈਲੀ ਹੁੰਦੀ ਪਰ...! ਰੱਬ ਨੇ ਕਿਸਮਤ ਚੰਗੀ ਨਾ ਲਿਖੀ। ਜੀਤੀ ਜਦੋਂ ਆਈ ਤਾਂ ਉਸ ਦਾ ਪੈਰ ਭਾਰੀ ਸੀ, ਇਕ ਕੁੜੀ ਪਹਿਲਾਂ ਸੀ। ਮੈਂ ਪੁੱਛਿਆ ਕਿ ਜੀਤੀ ਦੂਜੀ ਧੀ ਹੋ ਗਈ, ਇਸ ਲਈ...? ਨਹੀਂ ਭੈਣ ਜੀ, ਇਹ ਮੇਰੀ ਨਹੀਂ ਮੇਰੀ ਭੈਣ ਦੀ ਬੇਟੀ ਹੈ। ਮੇਰੇ ਤਾਂ ਲੜਕਾ ਹੈ। ਮੈਂ ਹੈਰਾਨ ਹੋ ਕੇ ਪੁੱਛਿਆ ਕਿ ਤੁਹਾਡੀ ਭੈਣ? ਉਹ ਆਪ ਹੀ ਦੱਸਣ ਲੱਗੀ ਕਿ ਉਸ ਦੀ ਭੈਣ ਹੀ ਮੇਰੇ ਘਰ ਵਾਲੇ ਨੂੰ ਵਿਆਹੀ ਹੋਈ ਸੀ ਪਰ ਉਹ ਉਸ ਨੂੰ ਚੰਗੀ ਨਾ ਲੱਗੀ ਕਿਉਂਕਿ ਉਸ ਸੁਸਤ ਸੀ ਥੋੜ੍ਹੀ, ਇਸ ਲਈ ਤਲਾਕ ਹੋ ਗਿਆ ਤੇ ਮੇਰਾ ਵਿਆਹ ਭੈਣ ਦੇ ਘਰ ਵਾਲੇ ਨਾਲ ਕਰ ਦਿੱਤਾ ਮੇਰੇ ਪਿਓ ਨੇ।

ਹੈਂ! ਮੈਂ ਹੈਰਾਨ ਹੋ ਪੁੱਛਿਆ, 'ਇਹ ਕਿਸ ਤਰ੍ਹਾਂ, ਜਦੋਂ ਕਿ ਪਹਿਲੀ ਧੀ ਦਾ ਤਲਾਕ ਹੋਇਆ ਹੋਵੇ ਤੇ ਫਿਰ ਕਿਸ ਤਰ੍ਹਾਂ ਮਾਪਿਆਂ ਨੇ ਆਪਣੀ ਦੂਜੀ ਬੇਟੀ ਦਾ ਰਿਸ਼ਤਾ ਕਰ ਦਿੱਤਾ, ਪਹਿਲੀ ਧੀ ਦੇ ਘਰ ਵਾਲੇ ਨਾਲ ਵਿਆਹ?

ਜੀਤੀ ਕਹਿੰਦੀ 'ਭੈਣ ਜੀ ਕੀ ਕਰਦੀ, ਮੇਰਾ ਪਿਓ ਅੰਤਾਂ ਦੀ ਦਾਰੂ ਪੀਂਦਾ। ਫ਼ੌਜ ਵਿੱਚੋਂ ਰਿਟਾਇਰ ਹੋ ਕੇ ਆਇਆ ਹੈ, ਥੋੜ੍ਹੀ ਬਹੁਤੀ ਜੋ ਪੈਨਸ਼ਨ ਮਿਲਦੀ ਹੈ ਉਹ ਦਾਰੂ 'ਚ ਉੱਡਾ ਦਿੰਦਾ ਹੈ। ਘਰ ਬਿਮਾਰ ਮਾਂ ਸ਼ੂਗਰ ਦੀ ਮਰੀਜ਼, ਰੱਜ ਕੇ ਦਾਰੂ ਨਾਲ ਪਿਓ ਮਾਂ ਨੂੰ ਮਾਰਦਾ, ਗਾਲ੍ਹਾਂ ਕੱਢਦਾ। ਘਰ 'ਚ ਭੰਗ ਭੁੱਜਦੀ, ਮੈਂ ਇਸ ਨਰਕ 'ਚੋਂ ਨਿਕਲਣਾ ਚਾਹੁੰਦੀ ਸੀ। ਇਸ ਲਈ ਬਿਨਾਂ ਕਿਸੇ ਨਾਂਹ-ਨੁਕਰ ਤੋਂ ਸ਼ਿੰਦੇ ਨਾਲ ਵਿਆਹ ਕਰਾ ਲਿਆ ਪਰ ਕਹਿੰਦੇ ਹਨ ਕਿ ਬੰਦੇ ਦੇ ਭਾਗ ਨਾਲ ਹੀ ਰਹਿੰਦੇ ਹਨ, ਉਹ ਚਾਹੇ ਜਿੱਥੇ ਮਰਜ਼ੀ ਚਲਾ ਜਾਵੇ। ਮੇਰੇ ਨਾਲ ਵੀ ਇਹੋ-ਜਿਹਾ ਹੀ ਵਾਪਰਿਆ। ਜਿਸ ਸ਼ਰਾਬੀ ਪਿਓ ਤੋਂ ਡਰਦੀ ਨੇ ਤਲਾਕਸ਼ੁਦਾ ਜੀਜੇ ਨਾਲ ਵਿਆਹ ਕਰਵਾਇਆ ਸੀ, ਉਹ ਵੀ ਸ਼ਰਾਬੀ ਹੈ, ਨਾ ਕੋਈ ਕੰਮ, ਨਾ ਕਾਰ, ਸਿਰਫ਼ ਵਿਖਾਵਾ।' ਜਦੋਂ ਮੇਰੀ ਕੋਠੀ ਕਿਰਾਏ 'ਤੇ ਲੈਣੀ ਸੀ ਤਾਂ ਜੀਤੀ ਦਾ ਸਹੁਰਾ ਆਇਆ ਸੀ ਪੁੱਛਣ। ਉਸ ਨੇ ਦੱਸਿਆ ਕਿ ਮੈਂ ਡੀਐੱਸਪੀ ਹਾਂ। ਅਸੀਂ ਸੋਚਿਆਂ ਚਲੋ ਛੋਟਾ ਜਿਹਾ ਪਰਿਵਾਰ ਹੈ, ਇਸ ਲਈ ਕਿਰਾਏ 'ਤੇ ਕੋਠੀ ਦੇ ਦਿੱਤੀ ਪਰ ਜੀਤੀ ਦੇ ਹਾਲਾਤ ਤਾਂ ਬਹੁਤੀ ਵਧੀਆ ਨਹੀਂ ਸਨ। ਸ਼ਿੰਦਾ ਨਿੱਤ ਸ਼ਰਾਬ ਪੀ ਕੇ ਆਉਂਦਾ, ਸਹੁਰਾ ਵੀ ਪੀਂਦਾ। ਅਸੀਂ ਪਰੇਸ਼ਾਨ ਹੋ ਗਏ। ਸਾਡਾ ਧੀਆਂ ਵਾਲਾ ਘਰ ਤੇ ਇਹ ਕਿੱਥੋਂ ਸ਼ਰਾਬੀ ਟੱਬਰ ਕਿਰਾਏ 'ਤੇ ਰੱਖ ਲਿਆ। ਮਕਾਨ ਖਾਲੀ ਕਰਨ ਨੂੰ ਕਿਹਾ। ਜੀਤੀ ਆਪਣੀ ਧੀ ਤੇ ਹੋਣ ਵਾਲੇ ਬੱਚੇ ਦਾ ਵਾਸਤਾ ਦੇ ਕੇ ਕਹਿੰਦੀ, 'ਭੈਣ ਜੀ, ਸਾਨੂੰ ਥੋੜ੍ਹੀ ਦੇਰ ਹੋਰ ਰਹਿਣ ਦਿਓ। ਅਸੀਂ ਇਨਸਾਨੀਅਤ ਦੇ ਨਾਂ 'ਤੇ ਉਸ ਨੂੰ ਜਣੇਪੇ ਤਕ ਰਹਿਣ ਲਈ ਹਾਂ ਕਰ ਦਿੱਤੀ। ਜੀਤੀ ਨੇ ਧੀ ਨੂੰ ਜਨਮ ਦਿੱਤਾ।

ਉਹ ਕਿਰਾਇਆ ਬੜੀ ਮੁਸ਼ਕਿਲ ਦਿੰਦੀ ਸੀ, ਪੈਸੇ ਕਦੀ ਆਪਣੀ ਭੈਣ ਤੋਂ ਮੰਗਵਾਉਂਦੀ। ਪਤਾ ਨਹੀਂ ਕਿਸ ਤਰ੍ਹਾਂ ਉਹ ਘਰ ਚਲਾਉਂਦੀ ਸੀ। ਉਸ ਦਾ ਦਿਓਰ ਜਦੋਂ ਵੀ ਆਉਂਦਾ ਰੋਅਬ ਪਾਉਂਦਾ ਉਸ 'ਤੇ। ਉਹ ਵਿਚਾਰੀ ਪਿੱਛੋਂ ਪੇਕਿਆਂ ਤੋਂ ਕੋਈ ਡਰ ਨਾ ਹੋਣ ਕਰਕੇ ਉਸ ਨੂੰ ਸਹੁਰੇ ਪਰਿਵਾਰ ਵਾਲੇ ਜੋ ਮਰਜੀ ਕਹਿੰਦੇ। ਕੀ ਕਰਦੀ ਉਹ ਕਦੇ ਲੜਦੀ, ਕਦੇ ਰੋਂਦੀ ਪਰ ਫਿਰ ਜਿਵੇਂ ਕਿਵੇਂ ਆਪਣੀ ਜ਼ਿੰਦਗੀ ਨੂੰ ਚਲਾਉਣ ਦੀ ਕੋਸ਼ਿਸ਼ ਕਰਦੀ।

'ਜੀਤੀ ਹੁਣ ਤਾਂ ਕਿਤੇ ਹੋਰ ਰਹਿੰਦੀ ਏਂ ਤੂੰ।' ਮੈਂ ਉਹ ਨੂੰ ਪੁੱਛਿਆ, 'ਫੇਰ ਅੱਜ ਇਸ ਹਾਲਤ 'ਚ ਕਿਸ ਤਰ੍ਹਾਂ ਇੱਥੇ?' ਭੈਣ ਜੀ, ਮੈਂ ਵੱਡੀ ਕੁੜੀ ਨੂੰ ਲੈਣ ਆਈ ਸਾਂ, ਉਹ ਇੱਥੇ ਦਿਓਰ ਤੇ ਸੱਸ-ਸਹੁਰੇ ਨਾਲ ਰਹਿੰਦੀ ਹੈ। ਇਸ ਦੀ ਮਾਂ ਇਸ ਲਈ ਮੁੰਡੇ ਦੀ ਦੱਸ ਪਾ ਰਹੀ ਹੈ, ਮੈਂ ਲੈਣ ਆਈ ਸੀ ਇਸ ਨੂੰ। ਜੇ ਇਹਦਾ ਕਿਤੇ ਚੰਗੇ ਥਾਂ ਰਿਸ਼ਤਾ ਹੋ ਜਾਵੇ ਤਾਂ ਘੱਟੋ-ਘੱਟ ਇਹ ਤਾਂ ਇਸ ਨਰਕ 'ਚੋਂ ਨਿਕਲੇ।

ਸ਼ਿੰਦਾ ਹੁਣ ਵੀ ਸ਼ਰਾਬ ਪੀਂਦਾ ਹੈ ਤੇ ਕੋਈ ਕੰਮਕਾਰ ਵੀ ਨਹੀਂ ਕਰਦਾ, ਜੇ ਕਿਤੇ ਕੰਮ ਲੱਗ ਵੀ ਜਾਂਦਾ ਤਾਂ ਥੋੜ੍ਹੀ ਦੇਰ ਬਾਅਦ ਛੱਡ ਆਉਂਦਾ। ਭੈਣ ਜੀ, ਮੈਂ ਪਤਾ ਨਹੀਂ ਕਿਵੇਂ ਗੁਜ਼ਾਰਾ ਕਰਦੀ ਹਾਂ। ਖ਼ਰਚਾ ਮੇਰੀ ਭੈਣ ਭੇਜਦੀ ਹੈ ਤੇ ਕੁਝ ਮੈਂ ਕੰਮ ਕਰ ਕੇ ਲਿਆਉਂਦੀ ਹਾਂ। ਕਿਰਾਏ ਦਾ ਮਕਾਨ ਹੈ। ਹੁਣ ਮੇਰਾ ਦਿਓਰ ਕਹਿੰਦੈ ਕਿ ਵਿਆਹ ਨਾਨਕੇ ਹੀ ਕਰਨਗੇ ਕੁੜੀ ਦਾ। ਮੈਂ ਕਿਹਾ ਕਿ ਕਿਉਂ ਵਿਆਹ ਤੁਸੀਂ ਕਰੋ। ਬੱਸ ਭੈਣ ਜੀ, ਇਸੇ ਗੱਲ ਤੋਂ ਵੱਧ ਗਈ ਗੱਲ। ਬਹਿਸ ਹੋਈ ਤੇ ਉਸ ਨੇ ਮੈਨੂੰ ਧੱਕੇ ਮਾਰੇ ਤੇ ਕੁੱਟਿਆ ਵੀ। ਇੰਨੀ ਦੇਰ 'ਚ ਪੁਲਿਸ ਵਾਲੇ ਦਾ ਫੋਨ ਆਇਆ ਕਿ ਅਸੀਂ ਆ ਰਹੇ ਹਾਂ, ਤੇ ਉਹ ਚੱਲੀ ਗਈ।

ਫਿਰ ਪਤਾ ਨਹੀਂ ਕੀ ਹੋਇਆ ਹੋਵੇਗਾ ਪਰ ਮੈਂ ਜ਼ਰੂਰ ਉਸ ਦੀ ਹਾਲਤ ਵੇਖ ਕੇ ਸੋਚੀਂ ਪੈ ਗਈ ਕਿ ਇਸ ਔਰਤ ਦਾ ਦਰਦ ਕੌਣ ਜਾਣਦਾ ਹੈ। ਸਾਰੀ ਉਮਰ ਬਚਪਨ ਤੋਂ ਲੈ ਕੇ ਆਖ਼ਰੀ ਸਮੇਂ ਤਕ ਧੱਕੇ ਹੀ ਧੱਕੇ। ਫਿਰ ਵੀ ਜੀ ਰਹੀ ਹੈ। ਬੱਚਿਆਂ ਦੀ ਖ਼ਾਤਿਰ, ਆਖ਼ਰ ਮਾਂ ਹੈ! ਪਰ ਇਸ ਦਾ ਦਰਦ ਕੌਣ ਪਛਾਣੇਗਾ? •

ਮੋਬਾਈਲ : 98886-15531

# ਰਿਹਾਇਸ਼ੀ ਕਾਲੋਨੀਆਂ ’ਚ ਵਪਾਰਕ ਸਰਗਰਮੀਆਂ ’ਤੇ ਸੁਪਰੀਮ ਕੋਰਟ ਦੀ ‘ਸਰਜੀਕਲ ਸਟਰਾਈਕ’, 15 ਮਈ ਤੱਕ ਮੰਗੀ ਰਿਪੋਰਟ

**ਕੌਮੀ ਪਤ੍ਰਿਕਾ**

ਜਲੰਧਰ 18 ਅਪ੍ਰੈਲ। ਸ਼ਹਿਰ ਦੀ ਸ਼ਾਇਦ ਹੀ ਕੋਈ ਅਜਿਹੀ ਰਿਹਾਇਸ਼ੀ ਕਾਲੋਨੀ ਬਚੀ ਹੋਵੇ, ਜਿੱਥੇ ਕਾਰੋਬਾਰੀ ਸਰਗਰਮੀਆਂ ਨਾ ਚੱਲ ਰਹੀਆਂ ਹੋਣ। ਘਰਾਂ ਨੂੰ ਦੁਕਾਨਾਂ, ਗੋਦਾਮਾਂ, ਦਫ਼ਤਰਾਂ ਅਤੇ ਛੋਟੇ-ਛੋਟੇ ਕਾਰੋਬਾਰੀ ਕੇਂਦਰਾਂ ਵਿਚ ਬਦਲਿਆ ਜਾ ਚੁੱਕਾ ਹੈ, ਜਿਸ ਨਾਲ ਕਾਲੋਨੀਆਂ ਦਾ ਅਸਲ ਸਰੂਪ ਪੂਰੀ ਤਰ੍ਹਾਂ ਬਦਲ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਰਿਹਾਇਸ਼ੀ ਇਲਾਕਿਆਂ ਵਿਚ ਇਸ ਤਰ੍ਹਾਂ ਦੇ ਕਾਰੋਬਾਰ ਨਾਲ ਜਿੱਥੇ ਟ?ਰੈਫਿਕ ਜਾਮ ਦੀ ਸਮੱਸਿਆ ਵਧ ਰਹੀ ਹੈ, ਉੱਥੇ ਹੀ ਰੌਲੇ-ਰੱਪੇ ਅਤੇ ਭੀੜ-ਭੜੱਕੇ ਕਾਰਨ ਆਮ ਲੋਕਾਂ ਦਾ ਰਹਿਣਾ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਕਈ ਜਗ?ਹਾ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਪਰਿਵਾਰਾਂ ਨੂੰ ਮਜਬੂਰੀ ਵਿਚ ਆਪਣੇ ਘਰ ਤੱਕ ਛੱਡਣੇ ਪੈ ਰਹੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਨਗਰ ਨਿਗਮ ਦਾ ਬਿਲਡਿੰਗ ਵਿਭਾਗ ਇਸ ਪੂਰੇ ਮਾਮਲੇ ਵਿਚ ਪੂਰੀ ਤਰ੍ਹਾਂ ਅੱਖਾਂ ਬੰਦ ਕਰੀ ਬੈਠਾ ਹੈ। ਬਿਨਾਂ ਕਿਸੇ ਰੋਕ-ਟੋਕ ਦੇ ਗੈਰ-ਕਾਨੂੰਨੀ ਰੂਪ ਵਿਚ ਕਾਰੋਬਾਰੀ ਸਰਗਰਮੀਆਂ ਚੱਲ ਰਹੀਆਂ ਹਨ। ਦੋਸ਼ ਹਨ ਕਿ ਭਾਰੀ ਭ੍ਰਿਸ਼ਟਾਚਾਰ ਕਾਰਨ ਨਾ ਤਾਂ ਸ਼ਿਕਾਇਤਾਂ ’ਤੇ ਕੋਈ ਕਾਰਵਾਈ ਹੁੰਦੀ ਹੈ ਅਤੇ ਨਾ ਹੀ ਕਿਸੇ ਨੂੰ ਨਿਯਮਾਂ ਦੀ ਪਾਲਣਾ ਕਰਵਾਈ ਜਾਂਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਮਿਲੀਭੁਗਤ ਕਾਰਨ ਨਿੱਜੀ ਜੇਬਾਂ ਭਰੀਆਂ ਜਾ ਰਹੀਆਂ ਹਨ ਅਤੇ ਸ਼ਹਿਰ ਦਾ ਮਾਹੌਲ ਖ਼ਰਾਬ ਹੋ ਰਿਹਾ ਹੈ। ਇਸੇ ਦੌਰਾਨ ਹੁਣ ਸੁਪਰੀਮ ਕੋਰਟ ਨੇ ਦੇਸ਼ ਭਰ ਵਿਚ ਰਿਹਾਇਸ਼ੀ ਇਲਾਕਿਆਂ ਵਿਚ ਚੱਲ ਰਹੀਆਂ ਗੈਰ-ਕਾਨੂੰਨੀ ਕਾਰੋਬਾਰੀ ਸਰਗਰਮੀਆਂ ’ਤੇ ਸਖ਼ਤ ਰੁਖ਼ ਅਪਣਾਇਆ ਹੈ। ਅਦਾਲਤ ਨੇ ਸਾਰੀਆਂ ਨਗਰ ਨਿਗਮਾਂ ਤੋਂ 15 ਮਈ 2026 ਤੱਕ ਵਿਸਥਾਰਪੂਰਵਕ



ਰਿਪੋਰਟ ਮੰਗੀ ਹੈ। ਇਸ ਤੋਂ ਬਾਅਦ ਗੈਰ-ਕਾਨੂੰਨੀ ਸਰਗਰਮੀਆਂ ’ਤੇ ਸਖ਼ਤ ਕਾਰਵਾਈ ਦੇ ਹੁਕਮ ਵੀ ਆ ਸਕਦੇ ਹਨ। ਸ਼ਹਿਰ ਵਿਚ ਇਸ ਫੈਸਲੇ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਲੋਕ ਉਮੀਦ ਜਤਾ ਰਹੇ ਹਨ ਕਿ ਹੁਣ ਸ਼ਾਇਦ ਰਿਹਾਇਸ਼ੀ ਕਾਲੋਨੀਆਂ ਨੂੰ ਫਿਰ ਤੋਂ ਸ਼ਾਂਤ ਅਤੇ ਰਹਿਣ ਯੋਗ ਬਣਾਇਆ ਜਾ ਸਕੇਗਾ। ਦੂਜੇ ਪਾਸੇ, ਮੇਅਰ ਵਨੀਤ ਧੀਰ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਜਲਦ ਮੀਟਿੰਗ ਬੁਲਾਈ ਜਾਵੇਗੀ। ਪਹਿਲਾਂ ਸਥਿਤੀ ਦਾ ਸਰਵੇ ਕਰਵਾਇਆ ਜਾਵੇਗਾ, ਉਸ ਤੋਂ ਬਾਅਦ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਹੁਣ ਸਭ ਦੀ ਨਜ਼ਰ ਸੁਪਰੀਮ ਕੋਰਟ ਦੇ ਅਗਲੇ ਕਦਮ ’ਤੇ ਟਿਕੀ ਹੈ, ਕਿਉਂਕਿ ਜੇਕਰ ਸਖ਼ਤ ਹੁਕਮ ਆਉਂਦੇ ਹਨ ਤਾਂ ਜਲੰਧਰ ਵਿਚ ਵੱਡੇ ਪੱਧਰ ’ਤੇ ਬਦਲਾਅ ਦੇਖਣ ਨੂੰ ਮਿਲ ਸਕਦਾ ਹੈ। ਸੈਂਟਰਲ ਟਾਊਨ, ਪੱਕਾ ਬਾਗ, ਚਰਨਜੀਤਪੁਰਾ, ਫਗਵਾੜਾ ਗੇਟ, ਚਹਾਰ ਬਾਗ, ਪ੍ਰੀਤ ਨਗਰ, ਓਲਡ ਜਵਾਹਰ ਨਗਰ, ਮਾਸਟਰ ਤਾਰਾ ਸਿੰਘ ਨਗਰ, ਮੋਤਾ ਸਿੰਘ ਨਗਰ, ਮਾਡਲ ਟਾਊਨ, ਮਿੱਠਾਪੁਰ, ਨਿਊ ਜਵਾਹਰ ਨਗਰ, ਲਾਜਪਤ ਨਗਰ, ਜੀ. ਟੀ. ਬੀ. ਨਗਰ, ਅਵਤਾਰ ਨਗਰ, ਗੁਜਰਾਲ ਨਗਰ, ਅਸ਼ੋਕ ਨਗਰ, ਵਿਜੇ ਨਗਰ, ਸ਼ਕਤੀ ਨਗਰ, ਆਦਰਸ਼ ਨਗਰ, ਜੇ. ਪੀ. ਨਗਰ, ਕ੍ਰਿਸ਼ਨਾ ਨਗਰ, ਹਰਬੰਸ ਨਗਰ, ਦਿਲਬਾਗ ਨਗਰ, ਗੋਬਿੰਦ ਨਗਰ, ਬਸਤੀ ਬਾਵਾ ਖੇਲ, ਬਿਕਰਮਪੁਰਾ, ਕਿਲਾ ਮੁਹੱਲਾ, ਮਹਿੰਦਰੂ ਮੁਹੱਲਾ, ਕੋਟ ਪਕਸ਼ੀਆਂ, ਅਰਬਨ ਅਸਟੇਟ, ਜੋਤੀ ਨਗਰ, ਡਿਫੈਂਸ ਕਾਲੋਨੀ, ਜਸਵੰਤ ਨਗਰ, ਗੋਲਡਨ ਐਵੇਨਿਊ।

### ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲੀ ਔਰਤ ਆਈ ਪੁਲਸ ਅੜਿੱਕੇ

ਗੁਰਦਾਸਪੁਰ 18 ਅਪ੍ਰੈਲ। ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲੀ ਇਕ ਔਰਤ ਨੂੰ ਸਿਟੀ ਪੁਲਸ ਗੁਰਦਾਸਪੁਰ ਨੇ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸਹਾਇਕ ਸਬ ਇੰਸਪੈਕਟਰ ਅਜੇ ਰਾਜਨ ਨੇ ਦੱਸਿਆ ਕਿ ਜਦ ਉਹ ਪੁਲਸ ਪਾਰਟੀ ਨਾਲ ਗਸ਼ਤ ਦੌਰਾਨ ਬਾਈਪਾਸ ਫਲਾਈਓਵਰ ਗੁਰਦਾਸਪੁਰ ਪਹੁੰਚਿਆਂ ਤਾਂ ਕਿਸੇ ਮੁਖ਼ਬਰ ਖਾਸ ਨੇ ਇਤਲਾਹ ਦਿੱਤੀ ਕਿ ਅਨੀਤਾ ਦੇਵੀ ਪਤਨੀ ਰੂਪ ਲਾਲ ਵਾਸੀ ਮਾਨਕੌਰ ਸਿੰਘ ਜੋ ਕਿ ਸ਼ਰਾਬ ਨਾਜਾਇਜ਼ ਵੇਚਣ ਦਾ ਧੰਦਾ ਕਰਦੀ ਹੈ, ਅੱਜ ਵੀ ਸ਼ਰਾਬ ਨਾਜਾਇਜ਼ ਵੇਚ ਰਹੀ ਹੈ। ਜਿਸ ’ਤੇ ਸਾਥੀ ਕਰਮਚਾਰੀਆਂ ਦੇ ਨਾਲ ਉਨ੍ਹਾਂ ਨੇ ਉਕਤ ਔਰਤ ਦੇ ਘਰ ਰੇਡ ਮਾਰੀ ਤਾਂ ਘਰ ਦੀ ਤਾਲਾਸ਼ੀ ਲੈਣ ’ਤੇ ਘਰ ਦੀਆ ਪੌੜੀਆਂ ਦੇ ਹੇਠਾਂ 3 ਪੈਪਸੀ ਦੀਆਂ ਬੋਤਲਾਂ ’ਚ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਜਿਸ ਦੀ ਮਿਣਤੀ ਕਰਨ ’ਤੇ 6000 ਮਿ.ਲੀ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਜਿਸ ’ਤੇ ਉਕਤ ਔਰਤ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਗਿਆ। ਜਿਸ ਨੂੰ ਬਾਅਦ ’ਚ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ।

# ਪ੍ਰਦੂਸ਼ਣ ਦੀ ਫੈਕਟਰੀ ਬਣਿਆ ਨਗਰ ਨਿਗਮ ਦਾ ਹਾਟ ਮਿਕਸ ਪਲਾਂਟ

ਲੁਧਿਆਣਾ 18 ਅਪ੍ਰੈਲ। ਨਗਰ ਨਿਗਮ ਦਾ ਹਾਟ ਮਿਕਸ ਪਲਾਂਟ ਪ੍ਰਦੂਸ਼ਣ ਦੀ ਫੈਕਟਰੀ ਬਣ ਕੇ ਰਹਿ ਗਿਆ ਹੈ। ਇਸ ਸਬੰਧੀ ਐੱਨ. ਜੀ. ਓ. ਦੇ ਮੈਂਬਰਾਂ ਵੱਲੋਂ ਲੋਕਲ ਬਾਡੀਜ਼ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ, ਪੀ. ਪੀ. ਸੀ. ਬੀ. ਅਤੇ ਡੀ. ਸੀ. ਨੂੰ ਸ਼ਿਕਾਇਤ ਭੇਜੀ ਗਈ ਹੈ, ਜਿਸ ਮੁਤਾਬਕ ਹੰਬੜਾਂ ਰੋਡ ਸਥਿਤ ਹਾਟ ਮਿਕਸ ਪਲਾਂਟ ਦੇ




ਸੰਚਾਲਨ ਦੌਰਾਨ ਪ੍ਰਦੂਸ਼ਣ ਕੰਟਰੋਲ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ, ਜਿਸ ਦੇ ਸਬੂਤ ਵਜੋਂ ਹਾਟ ਮਿਕਸ ਪਲਾਂਟ ’ਚ ਪ੍ਰੀਮਿਕਸ ਦਾ ਮਟੀਰੀਅਲ ਬਣਾਉਣ ਦੌਰਾਨ ਨਿਕਲਣ ਵਾਲੇ ਧੂੰਏਂ ਦੀ ਫੋਟੋ ਅਤੇ ਵੀਡੀਓ ਨਾਲ ਲਾਈ ਗਈ ਹੈ, ਜਿਸ ਦਾ ਅਸਰ ਆਸ-ਪਾਸ ਰਹਿਣ ਵਾਲੇ ਲੋਕਾਂ ਅਤੇ ਰਾਹਗੀਰਾਂ ਦੀ ਸਿਹਤ ’ਤੇ ਪੈ ਰਿਹਾ ਹੈ। ਇਸ ਦੇ ਨਾਲ ਹੀ ਇਹ ਮੁੱਦਾ ਵੀ ਚੁੱਕਿਆ ਗਿਆ ਕਿ ਪੀ. ਪੀ. ਸੀ. ਬੀ. ਦੀਆਂ ਗਾਈਡਲਾਈਨਜ਼ ਮੁਤਾਬਕ ਨਗਰ ਨਿਗਮ ਦੀ ਹੱਦ ਦੇ 5 ਕਿਲੋਮੀਟਰ ਅੰਦਰ ਹਾਟਰ ਮਿਕਸ ਪਲਾਂਟ ਲਾਇਆ ਹੀ ਨਹੀਂ ਜਾ ਸਕਦਾ, ਜਿਸ ਦੇ ਮੱਦੇਨਜ਼ਰ ਨਗਰ ਨਿਗਮ ਨੂੰ ਹਾਟ ਮਿਕਸ ਪਲਾਂਟ ਦੇ ਸੰਚਾਲਨ ਲਈ ਦਿੱਤੀ ਮਨਜ਼ੂਰੀ ਚੈੱਕ ਕਰਨ ਦੇ ਨਾਲ ਹੀ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ’ਚ ਅਫਸਰਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਐੱਨ. ਜੀ. ਓ. ਦੇ ਮੈਂਬਰਾਂ ਨੇ ਨਗਰ ਨਿਗਮ ਵੱਲੋਂ ਹਾਟ ਮਿਕਸ ਪਲਾਂਟ ਦੇ ਨਿਰਮਾਣ ਨੂੰ ਹੀ ਨਾਜਾਇਜ਼ ਕਰਾਰ ਦੇ ਦਿੱਤਾ ਹੈ ਕਿਉਂਕਿ ਜਿਸ ਜਗ?ਹਾ ਪਲਾਂਟ ਲਾਇਆ ਗਿਆ ਹੈ, ਉਸ ਨੂੰ ਡੇਅਰੀ ਕੰਪਲੈਕਸ ’ਚ ਗ੍ਰੀਨ ਬੈਲਟ ਦੇ ਤੌਰ ’ਤੇ ਮਾਰਕ ਕੀਤਾ ਗਿਆ ਹੈ। ਇਸੇ ਤਰ੍ਹਾਂ ਗ੍ਰੀਨ ਬੈਲਟ ਦੀ ਜਗ?ਹਾ ’ਚ ਨਗਰ ਨਿਗਮ ਵੱਲੋਂ ਵਰਕਸ਼ਾਪ ਬਣਾਈ ਗਈ ਹੈ ਅਤੇ ਹਾਟ ਮਿਕਸ ਪਲਾਂਟ ਦਾ ਮਟੀਰੀਅਲ ਸਟੋਰ ਕੀਤਾ ਜਾ ਰਿਹਾ ਹੈ, ਜਿਸ ਨੂੰ ਸਿੱਧੇ ਤੌਰ ’ਤੇ ਐੱਨ. ਜੀ. ਟੀ. ਤੋਂ ਲੈ ਕੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਦੱਸਿਆ ਗਿਆ ਹੈ, ਜਿਸ ਤਹਿਤ ਗ੍ਰੀਨ ਬੈਲਟ ਦੀ ਜਗ?ਹਾ ’ਚ ਹੋਈ ਸਰਕਾਰੀ ਇਮਾਰਤਾਂ ਦੀ ਉਸਾਰੀ ਹਟਾਉਣ ਦੀ ਹਦਾਇਤ ਦਿੱਤੀ ਗਈ ਹੈ।

# ਕੋਟਕਪੂਰਾ ਨੇੜੇ ਨੈਸ਼ਨਲ ਹਾਈਵੇ ‘ਤੇ ਦੋ ਟਰਾਲਿਆਂ ਦੀ ਜ਼ਬਰਦਸਤ ਟੱਕਰ

ਕੋਟਕਪੂਰਾ 18 ਅਪ੍ਰੈਲ। ਸਥਾਨਕ ਸ਼ਹਿਰ ਦੇ ਬਾਹਰਵਾਰ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ ‘ਤੇ ਮੋਗਾ ਰੋਡ ਵਾਲੇ ਪੁਲ ਨੇੜੇ ਦੋ ਟਰਾਲਿਆਂ ਵਿਚਕਾਰ ਭਿਆਨਕ ਟੱਕਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸਵੇਰੇ 4 ਵਜੇ ਦੇ ਕਰੀਬ ਵਾਪਰੇ ਇਸ ਹਾਦਸੇ ਵਿਚ ਭਾਵੇਂ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪ੍ਰੰਤੂ ਦੋਵਾਂ ਗੱਡੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਇਸ ਹਾਦਸੇ ਵਿਚ ਇਕ ਟਰਾਲੇ ਦੇ ਡਰਾਈਵਰ ਦੇ ਵੀ ਜ਼ਖਮੀ ਹੋਣ ਦਾ ਪਤਾ ਲੱਗਿਆ ਹੈ। ਇਸ ਹਾਦਸੇ ਦੀ ਸੂਚਨਾ ਮਿਲਣ ‘ਤੇ ਥਾਣਾ ਸਿਟੀ ਪੁਲਸ ਅਤੇ ਸੜਕ ਸੁਰੱਖਿਆ ਫੋਰਸ ਮੌਕੇ ‘ਤੇ ਪਹੁੰਚ ਗਈ ਅਤੇ ਟਰੈਫਿਕ ਨੂੰ ਚਾਲੂ ਕਰਵਾਉਣ ਦੇ ਨਾਲ-ਨਾਲ ਮਾਮਲੇ ਦੀ ਪੜਤਾਲ ਵੀ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਤੋਂ ਪੇਪਰ ਰੋਲ ਦੀ ਸਪਲਾਈ ਲੈ ਕੇ ਮੱਧ ਪ੍ਰਦੇਸ਼ ਵੱਲ ਜਾ ਰਿਹਾ ਇਕ ਟਰਾਲਾ ਜਦ ਕੋਟਕਪੂਰਾ ਨੇੜੇ ਪੁੱਜਿਆ ਤਾਂ ਪਿੱਛੋਂ ਆ ਰਹੇ ਬੱਜਰੀ ਨਾਲ ਭਰੇ ਇਕ ਟਰਾਲੇ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਹ ਟੱਕਰ ਇੰਨੀ ਜ਼ੋਰਦਾਰ ਸੀ ਕਿ ਪੇਪਰ ਰੋਲ ਨਾਲ ਭਰੇ ਟਰਾਲੇ ਦੀ ਪੂਰੀ ਬਾਡੀ ਖੁੱਲ੍ਹ ਗਈ ਅਤੇ ਸਮਾਨ ਸੜਕ ‘ਤੇ ਦੂਰ-ਦੂਰ ਖਿਲਰ ਗਿਆ। ਇਸ ਹਾਦਸੇ ਵਿਚ ਪਿੱਛੋਂ ਆ ਕੇ ਟਕਰਾਏ ਦੂਜੇ ਟਰਾਲੇ ਦਾ ਅੱਗਲਾ ਹਿੱਸਾ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇਸ ਸਬੰਧ ਵਿਚ ਟਰਾਲਾ ਡਰਾਈਵਰ ਜਰਮਨ ਸਿੰਘ ਨੇ ਦੱਸਿਆ ਕਿ ਉਹ ਅੰਮ੍ਰਿਤਸਰ ਵਾਲੀ ਸਾਈਡ ਤੋਂ ਆ ਰਿਹਾ ਸੀ, ਇਸ ਦੌਰਾਨ ਪਿੱਛੋਂ ਆ ਰਹੇ ਟਰਾਲੇ ਦੇ ਡਰਾਈਵਰ ਨੂੰ ਨੀਂਦ ਆ ਗਈ, ਜਿਸ ਕਰਕੇ ਇਹ ਹਾਦਸਾ ਵਾਪਰ ਗਿਆ। ਉਨ੍ਹਾਂ ਕਿਹਾ ਕਿ ਦੋਵੇਂ ਗੱਡੀਆਂ ਦਾ ਭਾਰੀ ਨੁਕਸਾਨ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਦੋਵੇਂ ਵਾਹਨਾਂ ਦੇ ਮਾਲਕ ਮੌਕੇ ‘ਤੇ ਪਹੁੰਚ ਰਹੇ ਹਨ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

### ਕੋਠੀ ਵੇਚਣ ਦਾ ਸੌਦਾ ਕਰਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੇ 2 ਵਿਅਕਤੀਆਂ ’ਤੇ ਪਰਚਾ ਦਰਜ

ਜਲਾਲਾਬਾਦ 18 ਅਪ੍ਰੈਲ। ਥਾਣਾ ਸਿਟੀ ਜਲਾਲਾਬਾਦ ਪੁਲਸ ਨੇ ਕੋਠੀ ਦਾ ਸੌਦਾ ਕਰਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੇ 2 ਵਿਅਕਤੀਆਂ ’ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬੂਟਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੌਰਵ ਭਾਰਤੀ ਪੁੱਤਰ ਰਮੇਸ਼ ਕੁਮਾਰ ਵਾਸੀ ਨਿਊ ਆਦਰਸ਼ ਜੀ ਸੀ ਮਾਡਲ ਸਕੂਲ ਫਾਜ਼ਿਲਕਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਪੰਕਜ ਬਾਘਲਾ ਪੁੱਤਰ ਵਿਜੇ ਕੁਮਾਰ ਵਾਸੀ ਜਲਾਲਾਬਾਦ ਨੇ ਆਪਣੀ ਕੋਠੀ ਵੇਚਣ ਦਾ ਸੌਦਾ ਕਰਕੇ ਉਸ ਕੋਲੋਂ 35 ਲੱਖ ਰੁਪਏ ਨਗਦ ਹਾਸਿਲ ਕੀਤੇ ਪਰ ਰਜਿਸਟਰੀ ਨਹੀਂ ਕਰਵਾਈ।

# ਰਾਜਪਾਲ ਕਟਾਰੀਆ ਵੱਲੋਂ ਪਠਾਨਕੋਟ ’ਚ ਨਸ਼ਿਆਂ ਖਿਲਾਫ ਪੈਦਲ ਯਾਤਰਾ, ਨੌਜਵਾਨਾਂ ਨੂੰ ਦਿੱਤਾ ਸੰਦੇਸ਼

ਪਠਾਨਕੋਟ 18 ਅਪ੍ਰੈਲ। ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਪਠਾਨਕੋਟ ’ਚ ਨਸ਼ਿਆਂ ਦੇ ਖਿਲਾਫ ਇੱਕ ਮਹੱਤਵਪੂਰਨ ਉਪਰਾਲਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਸ਼ਹਿਰ ਵਿੱਚ ਪੈਦਲ ਯਾਤਰਾ ਕਰਕੇ ਲੋਕਾਂ ਨੂੰ ਨਸ਼ਿਆਂ ਦੇ ਖ਼ਤਰੇ ਬਾਰੇ ਜਾਗਰੂਕ ਕੀਤਾ। ਇਸ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ, ਸਮਾਜਿਕ ਸੰਗਠਨ ਅਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹੋਏ। ਗਵਰਨਰ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਵਿੱਚ ਨਸ਼ਾ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ, ਜਿਸ ਨਾਲ ਨਵੀਂ ਪੀੜ੍ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਪਰਿਵਾਰ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜਦ ਤੱਕ ਨਸ਼ਾ ਵਿਰੋਧੀ ਮੁਹਿੰਮ ਲੋਕਾਂ ਦੀ ਆਪਣੀ ਮੁਹਿੰਮ ਨਹੀਂ ਬਣਦੀ, ਤਦ ਤੱਕ ਇਸ ਸਮੱਸਿਆ ਦਾ ਪੂਰੀ ਤਰ੍ਹਾਂ ਹੱਲ ਨਹੀਂ ਨਿਕਲ ਸਕਦਾ। ਹਰ ਇਕ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ ਅਤੇ ਨਸ਼ਿਆਂ ਦੇ ਖਿਲਾਫ ਇਕਜੁੱਟ ਹੋ ਕੇ ਲੜਨਾ ਪਵੇਗਾ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਕਈ ਕਦਮ ਚੁੱਕੇ ਜਾ ਰਹੇ ਹਨ, ਪਰ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਇਹ ਮੁਹਿੰਮ ਸਫਲ ਨਹੀਂ ਹੋ ਸਕਦੀ। ਉਨ੍ਹਾਂ ਨੇ ਨੌਜਵਾਨਾਂ ਨੂੰ ਖੇਡਾਂ ਅਤੇ ਸਿੱਖਿਆ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਹ ਪੈਦਲ ਯਾਤਰਾ ਲੋਕਾਂ ’ਚ ਜਾਗਰੂਕਤਾ ਪੈਦਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਰਹੀ ਹੈ ਅਤੇ ਇਸ ਨਾਲ ਨਸ਼ਿਆਂ ਦੇ ਖਿਲਾਫ ਇੱਕ ਮਜ਼ਬੂਤ ਸੰਦੇਸ਼ ਜਾ ਰਿਹਾ ਹੈ।

# ’ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ’ ’ਤੇ ਭਖੀ ਸਿਆਸਤ, ਧਾਮੀ ਨੇ ਮੰਤਰੀ ਚੀਮਾ ਨੂੰ ਲਿਆ ਲੰਮੇ ਹੱਥੀਂ

**ਕੌਮੀ ਪਤ੍ਰਿਕਾ**

ਜੈਤੋ 18 ਅਪ੍ਰੈਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਕੈਬਨਿਟ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026 ਨੂੰ ਪ੍ਰਵਾਨ ਕੀਤੇ ਜਾਣ ‘ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਇਸ ਸਬੰਧੀ ਮੀਡੀਆ ਨੂੰ ਦਿੱਤੀ ਜਾਣਕਾਰੀ ਅਸਪੱਸ਼ਟਤਾ ਵਾਲੀ ਹੈ। ਜਾਰੀ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇੰਜ ਲੱਗਦਾ ਹੈ ਕਿ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿੱਲ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਆਪ ਵੀ ਪੂਰੀ ਜਾਣਕਾਰੀ ਨਹੀਂ ਹੈ। ਉਨ੍ਹਾਂ ਆਖਿਆ ਕਿ ਕੈਬਨਿਟ ਮੰਤਰੀ ਚੀਮਾ ਇਕ ਪਾਸੇ ਇਸ ਬਿੱਲ ਨੂੰ ਬਿਲਕੁਲ ਨਵਾਂ ਦੱਸ ਰਹੇ ਹਨ, ਜਦਕਿ ਦੂਜੇ ਪਾਸੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ 2026 ਨਾਮ ਦਿੱਤਾ ਜਾ ਰਿਹਾ ਹੈ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਨਾਲ ਸਬੰਧਿਤ ਹੈ, ਕੀ ਸਰਕਾਰ ਉਸ ਵਿੱਚ ਸੋਧ ਕਰ ਰਹੀ ਹੈ ਜਾਂ ਬੇਅਦਬੀਆਂ ਬਾਰੇ ਨਵਾਂ ਕਾਨੂੰਨ ਬਣਾਇਆ ਜਾ ਰਿਹਾ ਹੈ,



ਇਹ ਦੁਬਿਧਾ ਸੰਗਤਾਂ ਅੰਦਰ ਭਰਮ ਪੈਦਾ ਕਰਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਹਰਪਾਲ ਸਿੰਘ ਚੀਮਾ ਦੀ ਸ਼੍ਰੋਮਣੀ ਕਮੇਟੀ ਬਾਰੇ ਕੀਤੀ ਟਿੱਪਣੀ ਵੀ ਤੱਥਾਂ ਤੋਂ ਕੋਹਾਂ ਦੂਰ ਹੈ। ਹਕੀਕਤ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਉਚ ਪੱਧਰੀ ਕਮੇਟੀ ਨੇ ਸਰਕਾਰ ਦੀ ਸਲੈਕਟ ਕਮੇਟੀ ਅਤੇ ਸਰਕਾਰ ਤੱਕ ਕਈ ਵਾਰ ਪਹੁੰਚ ਕੀਤੀ ਪਰੰਤੂ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਮੇਂ ਲਿਖੇ ਪੱਤਰ ਪਿਛਲੇ ਦਿਨੀਂ ਮੀਡੀਆ ਨੂੰ ਵੀ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਸਰਕਾਰ ਇਸ ਦੀ ਅਹਿਮੀਅਤ ਨੂੰ ਸਮਝ ਨਹੀਂ ਰਹੀ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਸਰਕਾਰ ਦਾ ਮਕਸਦ ਇਸ ਮਾਮਲੇ ਤੇ ਕੇਵਲ ਸਿਆਸਤ ਕਰਨਾ ਹੈ ਜੋ ਇਨ੍ਹਾਂ ਦੀ ਬਿਆਨਬਾਜ਼ੀ ਤੋਂ ਸਪੱਸ਼ਟ ਹੁੰਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇੰਝ ਮਹਿਸੂਸ ਹੋ ਰਿਹਾ ਹੈ ਜਿਵੇਂ ਬਣਾਏ ਜਾਣ ਵਾਲੇ ਕਾਨੂੰਨ ਬਾਰੇ ਮੀਡੀਆ ਨੂੰ ਜਾਣਕਾਰੀ ਦੇਣ ਲਈ ਅੱਗੇ ਕੀਤੇ ਮੰਤਰੀ ਹਰਪਾਲ ਸਿੰਘ ਚੀਮਾ ਕੇਵਲ ਲਿਖ ਕੇ ਦਿੱਤੀ ਗੱਲ ਹੀ ਬੋਲ ਰਹੇ ਹਨ। ਕਿਉਂਕਿ ਜੇਕਰ ਉਹ ਸਾਰੀ ਜਾਣਕਾਰੀ ਰੱਖਦੇ ਹੁੰਦੇ ਤਾਂ ਕਦੀ ਐਕਟ ਨੂੰ ਸੋਧ ਬਿੱਲ ਅਤੇ ਕਦੀ ਬਿਲਕੁਲ ਨਵਾਂ ਬਿੱਲ ਆਖ ਕੇ ਦੁਬਿਧਾ ਦਾ ਸ਼ਿਕਾਰ ਨਾ ਹੁੰਦੇ। ਸਰਕਾਰ ਦੀ ਇਸ ਅਸਪੱਸ਼ਟਤਾ ਕਾਰਨ ਹੀ ਸਿੱਖ ਕੌਮ ਦੀਆਂ ਸੰਸਥਾਵਾਂ ਤੇ ਜਥੇਬੰਦੀਆਂ ਇਸ ਦੇ ਖਰੜੇ ਨੂੰ ਜਨਤਕ ਕਰਨ ਦੀ ਮੰਗ ਕਰ ਰਹੀਆਂ ਹਨ।

# ਪੁਰਾਣੇ ਨੋਟਾਂ ਦੇ ਬਦਲੇ ਮਿਲਣਗੇ ਨਵੇਂ ਨੋਟ, ਹਾਈਕੋਰਟ ਨੇ ਸੁਣਾਇਆ ਵੱਡਾ ਫ਼ੈਸਲਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 18 ਅਪ੍ਰੈਲ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਨੋਟਬੰਦੀ ਤੋਂ ਬਾਅਦ ਕਾਨੂੰਨੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿਚ ਉਲਝੀ ਪੁਰਾਣੀ ਕਰੰਸੀ ਨੂੰ ਨਵੀਂ ਕਰੰਸੀ ਵਿਚ ਬਦਲਣ ਦਾ ਰਸਤਾ ਸਾਫ਼ ਕਰ ਦਿੱਤਾ ਹੈ। ਜਸਟਿਸ ਜਗਮੋਹਨ ਬੰਸਲ ਦੇ ਬੈਂਚ ਨੇ ਇਕ ਅਹਿਮ ਆਦੇਸ਼ ਜਾਰੀ ਕਰਦਿਆਂ ਭਾਰਤੀ ਰਿਜ਼ਰਵ ਬੈਂਕ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ 14.15 ਲੱਖ ਰੁਪਏ ਦੀ ਜ਼ਬਤ ਕੀਤੀ ਗਈ ਪੁਰਾਣੀ ਕਰੰਸੀ ਨੂੰ ਚਾਰ ਹਫ਼ਤਿਆਂ ਦੇ ਅੰਦਰ ਨਵੀਂ ਕਰੰਸੀ ਵਿਚ ਬਦਲ ਕੇ ਦੇਵੇ। ਇਥੇ ਇਹ ਖਾਸ ਤੌਰ ’ਤੇ ਦੱਸਣਯੋਗ ਹੈ ਕਿ ਇਹ ਮਾਮਲਾ ਇਕ ਅਜਿਹੇ ਵਿਅਕਤੀ ਨਾਲ ਜੁੜਿਆ ਹੈ ਜਿਸ ਦੀ ਰਾਸ਼ੀ ਪਹਿਲਾਂ ਸੀਬੀਆਈ ਵੱਲੋਂ ਜ਼ਬਤ ਕੀਤੀ ਗਈ ਸੀ ਅਤੇ ਬਾਅਦ ਵਿਚ ਇਨਕਮ ਟੈਕਸ ਵਿਭਾਗ ਦੀ ਜਾਂਚ ਦੇ ਘੇਰੇ ਵਿਚ ਆਈ ਸੀ। ਇਨਕਮ ਟੈਕਸ ਵਿਭਾਗ ਨੇ 17 ਜੁਲਾਈ 2025 ਨੂੰ ਇਸ ਪੂਰੀ ਰਾਸ਼ੀ ਨੂੰ ਜਾਇਜ਼ ਮੰਨਦੇ ਹੋਏ ਰਿਲੀਜ਼ ਕਰਨ ਦੇ ਹੁਕਮ ਦਿੱਤੇ ਅਤੇ 30 ਜੁਲਾਈ 2025 ਨੂੰ 14,15,000 ਰੁਪਏ ਪਟੀਸ਼ਨਰ ਨੂੰ ਵਾਪਸ ਕਰ




ਦਿੱਤੇ ਗਏ ਪਰ ਨੋਟਬੰਦੀ ਕਾਰਨ ਇਹ ਪੁਰਾਣੀ ਕਰੰਸੀ ਬਾਜ਼ਾਰ ਵਿਚ ਵਰਤੋਂ ਦੇ ਯੋਗ ਨਹੀਂ ਸੀ, ਜਿਸ ਕਾਰਨ ਪਟੀਸ਼ਨਰ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰੀ ਏਜੰਸੀਆਂ ਨੇ ਕਿਸੇ ਰਾਸ਼ੀ ਨੂੰ ਜਾਇਜ਼ ਮੰਨ ਕੇ ਵਾਪਸ ਕਰ ਦਿੱਤਾ ਹੈ ਤਾਂ ਉਸ ਨੂੰ ਸਿਰਫ਼ ਪੁਰਾਣੀ ਕਰੰਸੀ ਹੋਣ ਦੇ ਆਧਾਰ ’ਤੇ ਬੇਕਾਰ ਨਹੀਂ ਛੱਡਿਆ ਜਾ ਸਕਦਾ। ਸੁਣਵਾਈ ਦੌਰਾਨ 12 ਮਈ 2017 ਦੀ ਸਰਕਾਰੀ ਨੋਟੀਫਿਕੇਸ਼ਨ ਦਾ ਜ਼ਿਕਰ ਕੀਤਾ ਗਿਆ, ਜਿਸ ਵਿਚ ਇਹ ਵਿਵਸਥਾ ਹੈ ਕਿ ਜੇਕਰ ਕਿਸੇ ਏਜੰਸੀ ਵੱਲੋਂ ਜ਼ਬਤ ਕੀਤੀ ਰਾਸ਼ੀ ਦਾ ਪੂਰਾ ਰਿਕਾਰਡ ਮੌਜੂਦ ਹੈ ਤਾਂ ਉਸ ਨੂੰ ਬਦਲਿਆ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜਦੋਂ ਰਾਜ ਕਿਸੇ ਨਾਗਰਿਕ ਦੀ ਜਾਇਦਾਦ ਨੂੰ ਜਾਇਜ਼ ਮੰਨ ਚੁੱਕਾ ਹੈ ਤਾਂ ਉਸ ਦੀ ਅਸਲ ਕੀਮਤ ਨੂੰ ਪ੍ਰਸ਼ਾਸਨਿਕ ਜਟਿਲਤਾਵਾਂ ਵਿਚ ਫਸਾ ਕੇ ਨਹੀਂ ਰੱਖਿਆ ਜਾ ਸਕਦਾ। ਹਾਈਕੋਰਟ ਨੇ ਆਰਬੀਆਈ ਨੂੰ ਹੁਕਮ ਦਿੱਤਾ ਹੈ ਕਿ ਉਹ ਪੰਚਨਾਮੇ ਵਿਚ ਦਰਜ ਨੋਟਾਂ ਦੀ ਤਸਦੀਕ ਕਰਕੇ ਚਾਰ ਹਫ਼ਤਿਆਂ ਦੇ ਅੰਦਰ ਬਦਲਣ ਦੀ ਪ੍ਰਕਿਰਿਆ ਪੂਰੀ ਕਰੇ। ਇਹ ਫੈਸਲਾ ਨੋਟਬੰਦੀ ਤੋਂ ਬਾਅਦ ਲੰਬੇ ਸਮੇਂ ਤੋਂ ਅਜਿਹੇ ਮਾਮਲਿਆਂ ਵਿਚ ਫਸੇ ਲੋਕਾਂ ਲਈ ਇਕ ਵੱਡੀ ਮਿਸਾਲ ਸਾਬਤ ਹੋ ਸਕਦਾ ਹੈ।

# ਨਿੱਜੀ ਹਸਪਤਾਲਾਂ ’ਚ 24 ਘੰਟੇ ਦੀ ਹੜਤਾਲ ! ਡਾਕਟਰ ਦੀ ਗ੍ਰਿਫ਼ਤਾਰੀ ਵਿਰੁੱਧ ਰਾਜਸਥਾਨ ਦੇ ਡਾਕਟਰਾਂ ’ਚ ਭਾਰੀ ਰੋਸ

ਜੈਪੁਰ 18 ਅਪ੍ਰੈਲ। ਰਾਜਸਥਾਨ ’ਚ ਇੱਕ ਨਿੱਜੀ ਹਸਪਤਾਲ ਦੇ ਡਾਇਰੈਕਟਰ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਅੱਜ ਤੋਂ ਰਾਜ ਦੇ ਸਾਰੇ ਨਿੱਜੀ ਹਸਪਤਾਲ 24 ਘੰਟੇ ਲਈ ਮੁਕੰਮਲ ਬੰਦ ਰਹਿਣਗੇ। ‘ਇੰਡੀਅਨ ਮੈਡੀਕਲ ਐਸੋਸੀਏਸ਼ਨ’ ਦੀ ਰਾਜਸਥਾਨ ਇਕਾਈ ਨੇ ਐਲਾਨ ਕੀਤਾ ਹੈ ਕਿ 18 ਅਪ੍ਰੈਲ ਸਵੇਰੇ 8 ਵਜੇ ਤੋਂ ਲੈ ਕੇ 18 ਅਪ੍ਰੈਲ ਸਵੇਰੇ 8 ਵਜੇ ਤੱਕ ਨਿੱਜੀ ਹਸਪਤਾਲਾਂ ’ਚ ਓਪੀਡੀ ਤੇ ਆਈਪੀਡੀ ਸੇਵਾਵਾਂ ਪੂਰੀ ਤਰ੍ਹਾਂ ਬੰਦ ਰਹਿਣਗੀਆਂ। ਇਹ ਵਿਰੋਧ ਪ੍ਰਦਰਸ਼ਨ ਜੈਪੁਰ ਦੇ ਇੱਕ ਨਿੱਜੀ ਹਸਪਤਾਲ ਦੇ ਡਾਇਰੈਕਟਰ ਡਾ. ਸੋਨਦੇਵ ਬੰਸਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਸ਼ੁਰੂ ਹੋਇਆ ਹੈ। ਡਾ. ਬੰਸਲ ਨੂੰ ਹਾਲ ਹੀ ’ਚ ਡਾਕਟਰੀ ਲਾਪਰਵਾਹੀ ਦੇ ਇੱਕ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਕਾਰਨ ਸੂਬੇ ਦੇ ਡਾਕਟਰਾਂ ’ਚ ਵਿਆਪਕ ਰੋਸ ਦੀ ਲਹਿਰ ਫੈਲ ਗਈ ਹੈ। ਰਾਜਸਥਾਨ ਦੇ ਪ੍ਰਧਾਨ ਡਾ. ਮਹੇਸ਼ ਸ਼ਰਮਾ ਨੇ ਇਸ ਗ੍ਰਿਫ਼ਤਾਰੀ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਪਹਿਲਾਂ ਗਠਿਤ ਕੀਤੇ ਗਏ ਇੱਕ ਮੈਡੀਕਲ ਬੋਰਡ ਨੇ ਡਾਕਟਰੀ ਲਾਪਰਵਾਹੀ ਦਾ ਕੋਈ ਸਬੂਤ ਨਹੀਂ ਪਾਇਆ ਸੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਹ ਗ੍ਰਿਫ਼ਤਾਰੀ ਰਾਜਸਥਾਨ ਸਰਕਾਰ ਦੀ ਸਿਹਤ ਯੋਜਨਾ ਨਾਲ ਸਬੰਧਤ ਕੁਝ ਮਾਮੂਲੀ ਬੇਨਿਯਮੀਆਂ ਦੇ ਆਧਾਰ ’ਤੇ ਕੀਤੀ ਗਈ ਹੈ, ਜੋ ਕਿ ਨਾਜਾਇਜ਼ ਹੈ। ਇਸ ਹੜਤਾਲ ਕਾਰਨ ਸੂਬੇ ਭਰ ’ਚ ਮਰੀਜ਼ਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਨਿੱਜੀ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਠੱਪ ਰਹਿਣਗੀਆਂ।

# ਸ਼ਰਾਬ-ਸਿਗਰੇਟ ਨਹੀਂ, ਨੌਜਵਾਨਾਂ ਨੂੰ ਲੱਗਿਆ ’ਖ਼ੂਨ’ ਦਾ ਨਸ਼ਾ ! ਸਾਹਮਣੇ ਆਏ 5 ਹੈਰਾਨ ਕਰਨ ਵਾਲੇ ਮਾਮਲੇ

ਭੋਪਾਲ 18 ਅਪ੍ਰੈਲ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਡਾਕਟਰਾਂ ਅਤੇ ਸਮਾਜ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਭੋਪਾਲ ਦੇ ਸਭ ਤੋਂ ਵੱਡੇ ਸਰਕਾਰੀ ਹਸਪਤਾਲ, ਹਮੀਦੀਆ ਹਸਪਤਾਲ ਦੇ ਮਨੋਵਿਗਿਆਨ ਵਿਭਾਗ ਵਿੱਚ ਪਿਛਲੇ ਇੱਕ ਸਾਲ ਦੌਰਾਨ 5 ਅਜਿਹੇ ਨੌਜਵਾਨ ਇਲਾਜ ਲਈ ਪਹੁੰਚੇ ਹਨ, ਜਿਨ੍ਹਾਂ ਨੂੰ ’ਬਲੱਡ ਕੰਪੋਨੈਂਟਸ’ (ਖ਼ੂਨ ਦੇ ਤੱਤ) ਲੈਣ ਦੀ ਲਤ ਲੱਗ ਚੁੱਕੀ ਹੈ। ਡਾਕਟਰਾਂ ਅਨੁਸਾਰ, ਇਨ੍ਹਾਂ ਨੌਜਵਾਨਾਂ ਦੀ ਉਮਰ 18 ਤੋਂ 25 ਸਾਲ ਦੇ ਵਿਚਕਾਰ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੋਸ਼ਲ ਮੀਡੀਆ ’ਤੇ ਚੱਲ ਰਹੀਆਂ ਗਲਤ ਵੀਡੀਓਜ਼ ਤੋਂ ਪ੍ਰਭਾਵਿਤ ਹੋ ਕੇ ਇਹ ਨੌਜਵਾਨ ਪਲਾਜ਼ਮਾ ਜਾਂ ਹੋਰ ਬਲੱਡ ਕੰਪੋਨੈਂਟਸ ਨੂੰ ਤਾਕਤ ਵਧਾਉਣ, ਤਣਾਅ ਘਟਾਉਣ ਅਤੇ ਸਰੀਰ ਵਿੱਚ ਊਰਜਾ ਲਿਆਉਣ ਦਾ ਜ਼ਰੀਆ ਮੰਨ ਰਹੇ ਹਨ। ਮਾਹਿਰਾਂ ਅਨੁਸਾਰ ਇਹ ਸਿਰਫ਼ ਇੱਕ ਮਾਨਸਿਕ ਭਰਮ ਹੈ। ਹਮੀਦੀਆ ਹਸਪਤਾਲ ਦੇ ਮਨੋਵਿਗਿਆਨੀ ਡਾ. ਜੈ ਪ੍ਰਕਾਸ਼ ਅਗਰਵਾਲ ਨੇ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਕਿਸੇ ਡਾਕਟਰੀ ਲੋੜ ਦੇ ਖ਼ੂਨ ਦੇ ਤੱਤ ਚੜ੍ਹਾਉਣਾ ਬੇਹੱਦ ਖਤਰਨਾਕ ਹੈ। ਇਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ, ਜਿਵੇਂ ਕਿ: ਗੈਂਗਰੀਨ: ਗਲਤ ਤਰੀਕੇ ਨਾਲ ਇਨਫਿਊਜ਼ਨ ਲੈਣ ਨਾਲ ਸਰੀਰ ਦੇ ਅੰਗ ਸੜ ਸਕਦੇ ਹਨ। ਗੰਭੀਰ ਬੀਮਾਰੀਆਂ: ਖ਼91 ਅਤੇ ਹੈਪੇਟਾਈਟਿਸ ਵਰਗੀਆਂ ਨਾਮੁਰਾਦ ਬੀਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਅੰਗ ਫੇਲ ਹੋਣਾ: ਸਰੀਰ ਦੇ ਅੰਦਰੂਨੀ ਹਿੱਸਿਆਂ ਵਿੱਚ ਸੋਜ ਆ ਸਕਦੀ ਹੈ ਅਤੇ ਅੰਗ ਫੇਲ ਹੋ ਸਕਦੇ ਹਨ। ਰਿਪੋਰਟ ਅਨੁਸਾਰ, ਜਦੋਂ ਪਰਿਵਾਰ ਵਾਲਿਆਂ ਨੇ ਇਨ੍ਹਾਂ ਨੌਜਵਾਨਾਂ ਦੀਆਂ ਗਤੀਵਿਧੀਆਂ ’ਤੇ ਰੋਕ ਲਗਾਈ, ਤਾਂ ਉਹ ਬਹੁਤ ਜ਼ਿਆਦਾ ਚਿੜਚਿੜੇ ਅਤੇ ਹਿੰਸਕ ਹੋ ਗਏ। ਹਾਲਤ ਵਿਗੜਨ ’ਤੇ ਹੀ ਉਨ੍ਹਾਂ ਨੂੰ ਕੌਂਸਲਿੰਗ ਲਈ ਮਾਹਿਰਾਂ ਕੋਲ ਲਿਆਂਦਾ ਗਿਆ। ਡਾਕਟਰਾਂ ਨੇ ਇਸ ਨੂੰ ਸਮਾਜ ਲਈ ਇੱਕ ’ਖਤਰੇ ਦੀ ਘੰਟੀ’ ਕਰਾਰ ਦਿੱਤਾ ਹੈ।

# ਹੁਣ 6ਵੀਂ ਕਲਾਸ ਤੋਂ ਜ਼ਰੂਰੀ ਹੋਵੇਗਾ ’ਥਰੀ ਲੈਂਗੂਏਜ ਫਾਰਮੂਲਾ’

**ਏਜੰਸੀਆਂ**

ਲੁਧਿਆਣਾ 18 ਅਪ੍ਰੈਲ। ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨੇ ਦੇਸ਼ ਦੀ ਸਿੱਖਿਆ ਵਿਵਸਥਾ ’ਚ ਵੱਡੇ ਬਦਲਾਅ ਦੀ ਤਿਆਰੀ ਮੁਕੰਮਲ ਕਰ ਲਈ ਹੈ। ਬੋਰਡ ਨੇ ਨੈਸ਼ਨਲ ਕੁਰੀਕੁਲਮ ਫ?ਰੇਮਵਰਕ (ਐੱਨ.




ਸੀ. ਐੱਫ.) 2023 ਦੀਆਂ ਸਿਫਾਰਸ਼ਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਦਮ ਵਧਾ ਦਿੱਤੇ ਹਨ। ਬੋਰਡ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬਹੁਭਾਸ਼ੀ ਸਿੱਖਿਆ ਨੂੰ ਬੜ੍ਹਾਵਾ ਦੇਣ ਲਈ ਹੁਣ ਕਲਾਸ 6ਵੀਂ ਤੋਂ ‘ਤਿੰਨ ਭਾਸ਼ਾਈ ਫਾਰਮੂਲਾ’ (ਆਰ1, ਆਰ2, ਆਰ3) ਜ਼ਰੂਰੀ ਹੋਵੇਗਾ। ਬੋਰਡ ਨੇ ਸਕੂਲਾਂ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਉਹ ਨਵੀਆਂ ਪਾਠ ਪੁਸਤਕਾਂ ਦੀ ਉਪਲੱਬਧਤਾ ਦਾ ਇੰਤਜ਼ਾਰ ਨਾ ਕਰਨ। ਜਦੋਂ ਤੱਕ ਅਧਿਕਾਰਤ ਕਿਤਾਬਾਂ ਮਾਰਕੀਟ ’ਚ ਨਹੀਂ ਆਉਂਦੀਆਂ, ਉਦੋਂ ਤੱਕ ਸਕੂਲ ਸਥਾਨਕ ਪੱਧਰ ’ਤੇ ਉਪਲੱਬਧ ਸਮੱਗਰੀ ਜਾਂ ਹੋਰ ਸਹਾਇਕ ਕਿਤਾਬਾਂ ਜ਼ਰੀਏ ਤੀਜੀ ਭਾਸ਼ਾ ਦੀ ਪੜ੍ਹਾਈ ਤੁਰੰਤ ਸ਼ੁਰੂ ਕਰਵਾਉਣ। ਇਸ ਦੇ ਨਾਲ ਹੀ ਸਕੂਲਾਂ ਨੂੰ ਆਪਣੇ ਵੱਲੋਂ ਚੁਣੀ ਤੀਜੀ ਭਾਸ਼ਾ ਦੀ ਪੂਰੀ ਜਾਣਕਾਰੀ ਬੋਰਡ ਦੇ ‘OASIS’ ਪੋਰਟਲ ’ਤੇ ਅਪਡੇਟ ਕਰਨੀ ਹੋਵੇਗੀ। ਇਸ ਨਵੇਂ ਹੁਕਮ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਵਿਦਿਆਰਥੀ ਕਲਾਸ 9ਵੀਂ ਅਤੇ 10ਵੀਂ ’ਚ ਸਿਰਫ ਉਨ੍ਹਾਂ ਹੀ ਭਾਸ਼ਾਵਾਂ ਦੀ ਚੋਣ ਕਰ ਸਕਣਗੇ, ਜਿਨ੍ਹਾਂ ਨੂੰ ਸਕੂਲ ਨੇ ਕਲਾਸ 6ਵੀਂ ’ਚ ਤੀਜੀ ਭਾਸ਼ਾ ਦੇ ਤੌਰ ’ਤੇ ਪੜ੍ਹਾਇਆ ਹੋਵੇਗਾ। ਮਤਲਬ ਵਿਦਿਆਰਥੀਆਂ ਦੇ ਭਵਿੱਖ ਦੇ ਭਾਸ਼ਾਈ ਬਦਲ ਹੁਣ ਪੂਰੀ ਤਰ੍ਹਾਂ ਕਲਾਸ 6ਵੀਂ ਦੀ ਪਸੰਦ ’ਤੇ ਨਿਰਭਰ ਕਰਨਗੇ। ਸੀ.ਬੀ.ਐੱਸ.ਈ. ਦੇ ਖੇਤਰੀ ਦਫਤਰ ਇਸ ਹੁਕਮ ਦੀ ਪਾਲਣਾ ਦੀ ਸਖਤ ਨਿਗਰਾਨੀ ਕਰਨਗੇ। ਬੋਰਡ ਦਾ ਮੁੱਖ ਮਦਸਦ ਵਿਦਿਆਰਥੀਆਂ ’ਚ ਭਾਸ਼ਾਈ ਦਕਸ਼ਤਾ, ਸੰਵਾਦ ਕੌਸ਼ਲ ਸੰਸਕ੍ਰਿਤਕ ਸਮਝ ਨੂੰ ਵਧਾਉਣਾ ਹੈ ਤਾਂ ਕਿ ਉਹ ਵਿਸ਼ਵ ਪੱਧਰ ’ਤੇ ਖੁਦ ਨੂੰ ਤਿਆਰ ਕਰ ਸਕਣ।

# ਰਿਫਾਇੰਡ ਤੇ ਘਿਓ ਦੀਆਂ ਕੀਮਤਾਂ ’ਚ ਭਾਰੀ ਵਾਧੇ ਨੇ ਘਰੇਲੂ ਬਜਟ ਵਿਗਾੜਿਆ, ਲੋਕ ਪ੍ਰੇਸ਼ਾਨ

**ਕੌਮੀ ਪਤ੍ਰਿਕਾ**

ਬਨੂੜ 18 ਅਪ੍ਰੈਲ। ਰਿਫਾਇੰਡ ਤੇਲ ਅਤੇ ਡਾਲਡਾ ਘਿਓ ਦੀਆਂ ਵਧੀਆਂ ਕੀਮਤਾਂ ਨੇ ਜਿੱਥੇ ਘਰੇਲੂ ਰਸੋਈ ਦਾ ਬਜਟ ਵਿਗਾੜ ਦਿੱਤਾ ਹੈ। ਉਥੇ ਹੀ ਦੁਕਾਨਦਾਰਾਂ ਦਾ ਹਿਸਾਬ ਕਿਤਾਬ ਵੀ ਗੜਬੜਾ ਗਿਆ ਹੈ। ਅਮਰੀਕਾ ਅਤੇ ਈਰਾਨ ਵਿਚਕਾਰ ਹੋਏ ਯੁੱਧ ਕਾਰਨ ਰਸੋਈ ਤੋਂ ਇਲਾਵਾ ਹੋਰ ਘਰੇਲੂ ਵਰਤੋਂ ਵਿਚ ਲਿਆਉਣ ਵਾਲੀਆਂ ਚੀਜ਼ਾਂ ਦੇ ਭਾਅ ਵਿਚ ਭਾਰੀ ਵਾਧਾ ਹੋਣ ਕਾਰਨ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਦੇ ਲੋਕ ਬਹੁਤ ਪਰੇਸ਼ਾਨ ਹਨ। ਇਸ ਜੰਗ ਦੇ ਚਲਦੇ ਹੋਏ ਰਿਫਾਇੰਡ ਅਤੇ ਘਿਓ ਦੇ ਭਾਅ ਵਿਚ ਤਕਰੀਬਨ 30 ਤੋਂ 35 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋ ਗਿਆ ਹੈ, ਇਸ ਤੋਂ ਇਲਾਵਾ ਹੋਰ ਪਲਾਸਟਿਕ ਦੀਆਂ ਵਸਤੂਆਂ ਦੇ ਭਾਅ ’ਚ ਵੀ ਭਾਰੀ ਵਾਧਾ ਹੋ ਗਿਆ ਹੈ। ਜਿੱਥੇ ਇਸ ਜੰਗ ਨਾਲ ਐੱਲ. ਪੀ. ਜੀ. ਸਿਲੰਡਰ ਲਈ ਲੋਕ ਹਾਲੋ-ਬੇਹਾਲ ਹੋ ਰਹੇ ਹਨ, ਉਥੇ ਹੀ ਇਨ੍ਹਾਂ ਰਸੋਈ ਦੀ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਵਿਚ ਹੋਏ ਵਾਧੇ ਕਾਰਨ ਹਾਹਾਕਾਰ ਮਚੀ ਹੋਈ ਹੈ, ਜਿਸ ਕਾਰਨ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਦੇ ਲੋਕਾਂ ਦੀ ਰਸੋਈ ਵਿਚੋਂ ਇਹ ਚੀਜ਼ਾਂ ਗਾਇਬ ਹੋਣ ਲੱਗ ਪਈਆਂ ਹਨ। ਮਜ਼ਦੂਰੀ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਹੁਣ ਮਜ਼ਦੂਰੀ



ਵੀ ਘੱਟ ਮਿਲਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਹੋ ਗਿਆ ਹੈ। ਵਧੀ ਹੋਈ ਮਹਿੰਗਾਈ ਬਾਰੇ ਗੱਲਬਾਤ ਕਰਦੇ ਹੋਏ ਬਸਪਾ ਦੇ ਸੂਬਾ ਸਕੱਤਰ ਜਗਜੀਤ ਸਿੰਘ ਛੜਬੜ, ਉਘੇ ਸਮਾਜ ਸੇਵੀ ਹਰਪ੍ਰੀਤ ਸਿੰਘ ਅਮਲਾਲਾ, ਡਾਕਟਰ ਭੁਪਿੰਦਰ ਸਿੰਘ ਮਨੌਲੀ ਸੂਰਤ ਨੇ ਕਿਹਾ ਕਿ ਕੇਂਦਰ ਸਰਕਾਰ ਦਿਨੋ- ਦਿਨ ਵੱਧ ਰਹੀ ਮਹਿੰਗਾਈ ਨੂੰ ਕਾਬੂ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਜਿਸ ਕਾਰਨ ਗਰੀਬ ਦੇ ਮੱਧ ਵਰਗ ਦੇ ਲੋਕ ਆਪਣੇ ਪਰਿਵਾਰ ਦਾ ਪੇਟ ਭਰਨ ਤੋਂ ਵੀ ਅਸਮਰਥ ਜਾਪ ਰਹੇ ਹਨ। ਉਨ੍ਹਾਂ ਕਿਹਾ ਕਿ ਇਰਾਨ ਅਤੇ ਅਮਰੀਕਾ ਵਿਚਕਾਰ ਛਿੜੇ ਯੁੱਧ ਤੋਂ ਬਾਅਦ ਤੇ ਦੇ ਲੋਕਾਂ ਨੂੰ ਇੱਥੇ ਵਧੀਆ ਕੀਮਤਾਂ ਦਾ ਸਾਹਮਣਾ ਕਰਨਾ ਪੈ ਰਿਹਾ, ਉਥੇ ਹੀ ਰਸੋਈ ਵਿਚ ਖਾਣਾ ਪਕਾਉਣ ਲਈ ਸਿਲੰਡਰ ਲੈਣ ਲਈ ਕਈ ਕਈ ਦਿਨ ਏਜੰਸੀਆਂ ਦੇ ਗੇੜੇ ਮਾਰਨੇ ਪੈ ਰਹੇ ਹਨ। ਉਕਤ ਆਗੂਆਂ ਦਾ ਕਹਿਣਾ ਹੈ ਕਿ ਗਰੀਬ ਅਤੇ ਮੱਧ ਵਰਗੀ ਪਰਿਵਾਰਾਂ ਦੇ ਲੋਕ ਪ੍ਰੇਸ਼ਾਨ ਹੋਣ ਦੇ ਬਾਵਜੂਦ ਵੀ ਇਹਨਾਂ ਲੋਕਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਨਾ ਤਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਨਾ ਹੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੁਝ ਕੀਤਾ ਜਾ ਰਿਹਾ ਹੈ ਇਲਾਕੇ ਦੇ ਵਸਨੀਕਾਂ ਨੇ ਬੇਲਗਾਮ ਹੋਈ ਮਹਿੰਗਾਈ ਨੂੰ ਨੱਥ ਪਾਉਣ ਦੀ ਮੰਗ ਕੀਤੀ ਹੈ ਤਾਂ ਜੋ ਲੋਕਾਂ ਨੂੰ ਨਿਤ ਹੋ ਰਹੀ ਪਰੇਸ਼ਾਨੀ ਤੋਂ ਬਚਾਇਆ ਜਾ ਸਕੇ।